ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ
GIAN
ਗੁਰਮਤਿ ਗਿਆਨ

ਫਰਵਰੀ 2026

# ਗੁਰਮਤਿ ਵਿਰਸਾ

# GURMAT VIRSA गुरमति विरसा

Year-7, Issue-7, February 2026, Ludhiana gurmatvirsa@gmail.com Multilingual Price 25/-



# ਗੁਰਪੁਰਬ ਮਨਾਉਣ ਦਾ ਮਕਸਦ ਕੀ ਹੋਣਾ ਚਾਹੀਦਾ?

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਲਤਾਲਾ ਵਲੋਂ (ਖੱਬੇ) ਮਿਡਲ ਸਕੂਲ ਰਾਜਗੜ੍ਹ ਅਤੇ (ਸੱਜੇ) ਹਾਈ ਸਕੂਲ ਰੰਗੂਵਾਲ ਵਿਖੇ ਬੱਚਿਆਂ ਨੂੰ ਧਾਰਮਿਕ ਰਸਾਲਾ 'ਗੁਰਮਤਿ ਵਿਰਸਾ' ਵੰਡਿਆ ਗਿਆ।



ਕੇਂਦਰ ਮਹਾਂਸਿੰਘਨਗਰ ਲੁਧਿਆਣਾ ਵਿਖੇ ਗਰੇਸ ਪਬਲਿਕ ਸਕੂਲ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਦਿਹਾੜਾ ਮਨਾਇਆ ਗਿਆ। ਜਿਸ ਵਿਚ ਬੱਚਿਆਂ ਵਲੋਂ ਕਵੀਸ਼ਰੀ ਪੇਸ਼ ਕੀਤੀ ਗਈ।



ਕੇਂਦਰ ਨਵਾਂਸ਼ਹਿਰ ਵਲੋਂ ਪਿੰਡ ਦੇਣੋਵਾਲ ਕਲਾਂ ਦੇ ਸਰਕਾਰੀ ਸਕੂਲ ਵਿਖੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ।



ਕੇਂਦਰ ਨਵਾਂਸ਼ਹਿਰ ਵਲੋਂ ਕਸਬਾ ਰਾਹੋਂ ਦੇ ਸਰਕਾਰੀ ਸਕੂਲ ਵਿਖੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਰੋਜ਼ਾਨਾ ਅਸੈਂਬਲੀ ਵਿਚ ਵਿਚਾਰ ਪੇਸ਼ ਕੀਤੇ ਗਏ।



ਕੇਂਦਰ ਨਵਾਂਸ਼ਹਿਰ ਵਲੋਂ ਪਿੰਡ ਨੌਰਾ ਦੇ ਸਰਕਾਰੀ ਕੰਨਿਆ ਸਕੂਲ ਵਿਖੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਰੋਜ਼ਾਨਾ ਅਸੈਂਬਲੀ ਵਿਚ ਵਿਚਾਰ ਪੇਸ਼ ਕੀਤੇ ਗਏ।



ਕੇਂਦਰ ਨਵਾਂਸ਼ਹਿਰ ਵਲੋਂ ਪਿੰਡ ਸੂਰਾਪੁਰ ਦੇ ਸਰਕਾਰੀ ਸਮਾਰਟ ਸਕੂਲ ਵਿਖੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਰੋਜ਼ਾਨਾ ਅਸੈਂਬਲੀ ਵਿਚ ਵਿਚਾਰ ਪੇਸ਼ ਕੀਤੇ ਗਏ।

# ਗੁਰਮਤਿ ਵਿਰਸਾ


ਫਰਵਰੀ 2026 (ਮਾਸਿਕ ਮੈਗਜ਼ੀਨ)

**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org



**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ


## ਮਾਘ-ਫੱਗਣ ਮਹੀਨੇ ਦੇ ਖਾਸ ਦਿਹਾੜੇ

- ਮੇਲਾ ਕੋਠਾ ਸਾਹਿਬ : 25 ਮਾਘ (06 ਫਰਵਰੀ)
- ਵੱਡਾ ਘੱਲੂਘਾਰਾ : 27 ਮਾਘ (08 ਫਰਵਰੀ)
- ਜਨਮ ਦਿਵਸ ਸਾਹਿਬਜ਼ਾਦਾ ਅਜੀਤ ਸਿੰਘ: 30 ਮਾਘ (11 ਫਰਵਰੀ)
- ਸਾਕਾ ਨਨਕਾਣਾ ਸਾਹਿਬ : 10 ਫੱਗਣ (21 ਫਰਵਰੀ)
- ਜੈਤੋ ਦਾ ਮੋਰਚਾ : 10 ਫੱਗਣ (21 ਫਰਵਰੀ)


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***
Responsible for collection of all Printed matter as per PRB Act

**Registration Number of the Newspaper**
**PUNMUL/2019/78309**


## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਐਜੂ-ਏਡ ਵਿੰਗ
4. ਗੁਰਮਤਿ ਐਲੀਮੈਂਟਰੀ ਕੋਰਸ
5. ਗੁਰਮਤਿ ਟ੍ਰੇਨਿੰਗ ਕੈਂਪ
6. ਗੁਰਮਤਿ ਗਿਆਨ ਲਾਇਬ੍ਰੇਰੀ
7. ਹੋਮਿਓਪੈਥੀ ਡਿਸਪੈਂਸਰੀ
8. ਬੱਚਿਆਂ ਲਈ ਹਫਤਾਵਾਰੀ ਸਮਾਗਮ
9. ਫਰੀ ਮੈਡੀਕਲ ਕੈਂਪ
10. ਗੁਰਮਤਿ ਵਿਰਸਾ ਮੈਗਜ਼ੀਨ
11. ਗੁਰਮਤਿ ਲਿਟਰੇਚਰ ਹਾਊਸ
12. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 7 |
| ਸ਼ਬਦ ਵਿਚਾਰ | 8 |
| ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ | 9 |
| ਵੱਡਾ ਘੱਲੂਘਾਰਾ ਅਤੇ ਸਮਕਾਲੀ ਸਿੱਖ ਇਤਿਹਾਸ | 11 |
| ਕਰਤਾ ਪੁਰਖ- ਤੀਜਾ ਗੁਣ ਅਕਾਲ ਪੁਰਖ ਦਾ | 13 |
| ਅਨੰਦ ਕਾਰਜ ਜੇ ਸੱਚੀਂ ਆਦਰਸ਼ਕ ਹੋਣ ਤਾਂ! | 14 |
| ਸਿੱਖ ਸੱਭਿਆਚਾਰ (ਅਧੋਗਤੀ ਦੇ ਕਾਰਣਾਂ ਦੀ ਨਿਸ਼ਾਨਦੇਹੀ) | 16 |
| ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀਆਂ ਜੰਗਾਂ | 19 |
| ਨੰਨੇ ਵਾਰਸ | 22 |
| ਗੁਰਮਤਿ ਦੀ ਰਹਿਣੀ ਕੀ ਹੈ? | 24 |
| ਜਥੇਦਾਰ ਜੀ ਵਲੋਂ 'ਸਰਕਾਰ ਨੂੰ ਸਹਿਯੋਗ ਦੇਣ' ਵਾਲੇ ਫੈਸਲੇ... | 25 |
| ਅਤਿ ਗਰੀਬ ਕਿਸਾਨ ਦੇ ਪੁੱਤਰਾਂ ਨੇ ਇਮਾਨਦਾਰੀ ਤੇ ਸਖਤ... | 27 |
| ਲੜੀਵਾਰ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਛਪਾਈ ਬਾਰੇ... | 29 |
| ਕਾਵਿ ਕਿਆਰੀ | 34 |
| **ਸਾਕਾ ਨਨਕਾਨਾ ਸਾਹਿਬ** | **35** |
| The Chabian Da Morcha | 36 |
| ਸਿਹਤ ਸੰਭਾਲ | 37 |
| ਸਾਡੀ ਖੇਤੀ | 39 |
| ਗੁਰਮਤਿ ਸੰਜੋਗ | 40 |
| ਦਸੰਬਰ ਮਹੀਨੇ ਦੀਆਂ ਸਰਗਰਮੀਆਂ | 41 |





## ਜ਼ਰੂਰੀ ਸੂਚਨਾਵਾਂ


- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ

# ਗੁਰਪੁਰਬ ਮਨਾਉਣ ਦਾ ਮਕਸਦ ਕੀ ਹੋਣਾ ਚਾਹੀਦਾ?



ਅੱਜ ਹਾਲਾਤ ਇਸ ਤਰ੍ਹਾਂ ਦੇ ਬਣ ਗਏ ਹਨ ਕਿ ਕੋਈ ਕਿਸੇ ਦੀ ਗੱਲ ਸੁਣਨ ਲਈ ਤਿਆਰ ਨਹੀਂ ਹੈ। ਧਰਮ ਦੇ ਨਾਂ 'ਤੇ ਜਾਂ ਸਤਿਕਾਰ ਦੇ ਨਾਂ 'ਤੇ ਐਸਾ ਹਊਆ ਖੜਾ ਕਰ ਦਿੱਤਾ ਗਿਆ ਹੈ ਕਿ ਸਿੱਖੀ ਦਾ ਵਿਕਾਸ ਹੋਣ ਦੀ ਥਾਂ 'ਤੇ ਆਪਸ ਵਿਚ ਪਾਟੋਧਾੜ ਵਾਲੀ ਸਥਿੱਤੀ ਬਣ ਗਈ ਹੈ। ਕਈ ਵਾਰੀ ਸੋਚੀ ਦਾ ਹੈ ਕਿ ਜਦੋਂ ਪੰਥ ਨੂੰ ਜੰਗਲ਼ਾਂ ਵਿਚ ਰਹਿਣ ਲਈ ਮਜ਼ਬੂਰ ਹੋਣਾ ਪਿਆ ਸੀ ਤਾਂ ਓਦੋਂ ਸਿੱਖ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਿੰਝ ਕਰਦੇ ਹੋਣਗੇ? ਆਵਾਜਾਈ ਦੇ ਸਾਧਨ ਵੀ ਕੇਵਲ ਘੋੜਿਆਂ ਦੀਆਂ ਕਾਠੀਆਂ ਹੀ ਹੁੰਦੀਆਂ ਸਨ ਤੇ ਰੈਣ ਬਸੇਰੇ ਲਈ ਤੰਬੂ ਹੁੰਦੇ ਸਨ ਪਰ ਪਾਠ ਕਰਨਾ ਗੁਰੂ ਦੇ ਸਿੱਖ ਨਹੀਂ ਭੁੱਲਦੇ ਸਨ। ਪਹਿਲੀ ਸੰਸਾਰ ਯੁੱਧ ਵਿਚ ਵੀ ਸਿੱਖ ਰਜ਼ਮੈਂਟਾਂ ਪਾਸ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਹੁੰਦਾ ਸੀ। ਉਨ੍ਹਾਂ ਵਲੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਇੱਕ ਥਾਂ ਤੋਂ ਦੂਜੀ ਥਾਂ 'ਤੇ ਲਿਜਾਣ ਸਮੇਂ ਪੈਰੀਂ ਜੋੜੇ ਪਾਏ ਹੋਏ ਦੀਆਂ ਤਸਵੀਰਾਂ ਮਿਲਦੀਆਂ ਹਨ। ਅੱਜ ਸਤਿਕਾਰ ਦੀ ਕੋਈ ਕਮੀ ਨਹੀਂ ਹੈ ਪਰ ਸਾਡੀਆਂ ਆਪਸ ਵਿਚ ਵੰਡੀਆਂ ਐਨੀਆਂ ਪੈ ਗਈਆ ਹਨ ਕਿ ਮਰਨ ਮਾਰਨ ਤੱਕ ਵੀ ਚਲੇ ਜਾਂਦੇ ਹਾਂ। ਜ਼ਰਾ ਕੁ ਗੁਰਬਾਣੀ ਦੇ ਇਸ ਵਾਕ ਵਲ ਧਿਆਨ ਦੇਵਾਂਗੇ?



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

**ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ ॥**
**ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥**
**ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥**
**ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥1॥**

**ਸਲੋਕ ਮ: 1 ਪੰਨਾ 1245**

**ਅੱਖਰੀਂ ਅਰਥ**--ਅਕਲ ਵਿਅਰਥ ਗਵਾ ਲੈਣਾ—ਇਸ ਨੂੰ ਅਕਲ ਨਹੀਂ ਆਖੀਦਾ। ਅਕਲ ਇਹ ਹੈ ਕਿ ਪਰਮਾਤਮਾ ਦਾ ਸਿਮਰਨ ਕਰੀਏ ਤੇ ਇੱਜ਼ਤ ਖੱਟੀਏ, ਅਕਲ ਇਹ ਹੈ ਕਿ (ਪ੍ਰਭੂ ਦੀ ਸਿਫ਼ਤਿ-ਸਾਲਾਹ ਵਾਲੀ ਬਾਣੀ) ਪੜ੍ਹੀਏ (ਇਸ ਦੇ ਡੂੰਘੇ ਭੇਤ) ਸਮਝੀਏ ਤੇ ਹੋਰਨਾਂ ਨੂੰ ਸਮਝਾਈਏ। ਨਾਨਕ ਆਖਦਾ ਹੈ—ਜ਼ਿੰਦਗੀ ਦਾ ਸਹੀ ਰਸਤਾ ਸਿਰਫ਼ ਇਹੀ ਹੈ, (ਗੁਰ-ਗਿਆਨ ਤੋਂ) ਲਾਂਭੇ ਦੀਆਂ ਗੱਲਾਂ (ਦੱਸਣ ਵਾਲਾ) ਸ਼ੈਤਾਨ ਹੈ।

ਸਿਆਣੇ ਲੋਕਾਂ ਨੇ ਪਾਣੀ ਦੇ ਹੜ੍ਹਾਂ ਨੂੰ ਰੋਕ ਕੇ ਬਿਜਲੀ ਪੈਦਾ ਕਰਕੇ ਤੇ ਨਹਿਰਾਂ ਬਣਾ ਦਿੱਤੀਆਂ। ਅੱਗ ਨੂੰ ਆਪਣੇ ਅਧੀਨ ਕਰਦਿਆਂ ਭਾਰੀਆਂ ਤੋਂ ਭਾਰੀਆਂ ਮਸ਼ੀਨਾਂ ਗੇੜਨ ਦੇ ਕੰਮ ਲਾ ਦਿੱਤਾ ਹੈ। ਤੇਲ ਨੂੰ ਬਰੀਕ ਤੋਂ ਬਰੀਕ ਕਰਦਿਆਂ ਸੜਕਾਂ 'ਤੇ ਦੋੜਨ ਤੇ ਅਸਮਾਨ ਵਿੱਚ ਉੱਡਣ ਲਾ ਦਿੱਤਾ ਹੈ। ਵਿਗਿਆਨ ਨੇ ਤਰੱਕੀ ਬਹੁਤ ਕੀਤੀ ਹੈ ਪਰ ਸਿੱਖ ਧਰਮ ਅਧੁਨਿਕ ਹੁੰਦਾ ਹੋਇਆ ਵੀ ਕਰਮ-ਕਾਂਡੀ ਤੇ ਪਾਖੰਡ ਵੱਲ ਵੱਧ ਗਿਆ ਹੈ। ਸਿੱਖ ਕੌਮ ਵਿੱਚ ਗੁਰਬਾਣੀ ਵਿਚਾਰ ਤੇ ਆਪਸੀ ਤਾਲਮੇਲ ਦੀ ਘਾਟ ਕਰਕੇ ਜੱਥੇਬੰਦੀਆਂ ਦਾ ਹੜ੍ਹ ਆਇਆ ਹੋਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਤੱਖਤਾਂ ਦੇ ਜੱਥੇਦਾਰ ਸਮੁੱਚੇ ਤੌਰ 'ਤੇ ਫੇਲ੍ਹ ਹੋ ਚੁੱਕੇ ਹਨ।

ਸਿੱਖ ਪੰਥ ਦੀ ਅਥਾਹ ਸ਼ਕਤੀ ਨੂੰ ਅੱਜ ਖਿੰਡਾ ਕੇ ਰੱਖ ਦਿੱਤਾ ਹੈ। ਸਿੱਖ ਕੌਮ ਦੇ ਵਿਦਵਾਨ ਅਜੇਹੀ ਆਪਾ ਧਾਪੀ ਵਿੱਚ ਚੁੱਪਚਾਪ ਤਮਾਸ਼ਾ ਦੇਖ ਰਹੇ ਹਨ। ਸਾਡੀਆਂ ਸਿਰਮੌਰ ਜੱਥੇਬੰਦੀਆਂ ਕੌਮ ਨੂੰ ਠੋਸ ਪ੍ਰੋਗਰਾਮ ਦੇਣ ਦੇ ਸਮਰੱਥ ਨਹੀਂ ਰਹੀਆਂ। ਅੱਜ ਕੌਮ ਵਿਚ ਪ੍ਰੋਗਰਾਮ ਐਨੇ ਖਿਲਾਰ ਦਿੱਤੇ ਹਨ ਇਕ ਪ੍ਰੋਗਰਾਮ ਮੁਕਦਾ ਹੈ ਦੂਜਾ ਖੜਾ ਹੁੰਦਾ ਹੈ। ਗੁਰਦੁਆਰਿਆਂ ਵਿਚ ਏਨੇ ਦਿਹਾੜੇ ਮਨਾਏ ਜਾ ਰਹੇ ਹਨ, ਜਿੰਨਾ ਦੀ ਗਣਤੀ ਕਰਨੀ ਵਸ ਤੋਂ ਬਾਹਰ ਦੀ ਗੱਲ ਹੈ। ਹਰ ਰੋਜ਼ ਕੋਈ ਨਾ ਕੋਈ ਦਿਨ ਦਿਹਾੜਾ ਮਨਾਉਣ ਲਈ ਸੰਗਤਾਂ ਵਿਚ ਪੈਸਿਆਂ ਦੀਆਂ ਅਪੀਲਾਂ ਕੀਤੀਆਂ ਜਾ ਰਹੀਆਂ ਹਨ ਨਾਲ ਹੀ ਜਨਮ ਸਫਲਾ ਕਰਨ ਦਾ ਸਰਟੀਫੀਕੇਟ ਦਿੱਤਾ ਜਾਂਦਾ ਹੈ। ਇਹ ਵੀ ਸਮਝਾਇਆ ਜਾਂਦਾ ਹੈ ਏਸੇ ਦਾਨ ਪੁੰਨ ਨਾਲ ਹੀ ਅਗਾਂਹ ਤੁਹਾਨੂੰ ਰਾਖਵੀਂ ਸੀਟ ਮਿਲੇਗੀ ਵਰਨਾ ਥੱਲੇ ਹੀ ਬਹਿਣਾ ਪਏਗਾ ਜਾਂ ਨਰਕਾਂ ਦੇ ਭਾਗੀਦਾਰ ਹੋਵੋਗੇ। ਸੰਗਤ ਵੀ ਇੰਜ ਹੀ ਸਮਝਦੀ ਹੈ ਕਿ ਸ਼ਾਇਦ ਅੱਜ ਦਾ ਦਿੱਤਾ ਦਾਨ ਹੀ ਸਾਡੇ ਕੰਮ ਆਏਗਾ। ਇਹ ਠੀਕ ਹੈ ਕਿ ਪੰਥ ਦੀਆਂ ਨਿਆਰੀਆਂ ਰਹੁਰੀਤਾਂ ਹਨ। ਪਰ ਅੱਜ ਇਨ੍ਹਾਂ ਰਹੁਰੀਤਾਂ ਤੇ ਪੰਥਕ ਸਰੋਕਾਰਾਂ ਨੂੰ ਬਹੁਤ ਨੀਵੇਂ ਪੱਧਰ 'ਤੇ ਲੈ ਆਏ ਹਾਂ।

ਜਦੋਂ ਮੈਂ ਆਪਣੇ ਪਿੰਡ ਵਾਲੇ ਜੀਵਨ ਵਲ ਵੇਖਦਾ ਹਾਂ ਸਾਡੇ ਪਿੰਡ ਵਿਚ ਕੇਵਲ ਗੁਰੂ ਨਾਨਕ ਸਾਹਿਬ ਜੀ ਗੁਰੂ ਗੋਬਿੰਦ ਸਿੰਘ ਜੀ, ਇੱਕ ਵਿਸਾਖੀ ਦੂਜਾ ਛਬੀਲਾਂ ਵਾਲਾ ਗੁਰਪੁਰਬ ਹੀ ਮਨਾਇਆ ਜਾਂਦਾ ਸੀ। ਜਦੋਂ ਮੈਂ 1973 ਨੂੰ ਲੁਧਿਆਣੇ ਸ਼ਹਿਰ ਵਿੱਚ ਆਇਆ ਤਾਂ ਇਥੇ ਵੀ ਕੇਵਲ ਐਨੇ ਕੁ ਹੀ ਪੁਰਬ ਮਨਾਏ ਜਾਂਦੇ ਸਨ। ਹਾਂ ਵੱਡਿਆਂ ਗੁਰਦੁਆਰਿਆਂ ਵਿੱਚ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਆਦਿ ਹੀ ਮਨਾਏ ਜਾਂਦੇ ਸਨ। ਹੌਲ਼ੀ ਹੌਲ਼ੀ ਸਾਰੇ ਗੁਰੂਆਂ ਦੇ ਆਗਮਨ ਦਿਹਾੜੇ, ਗੁਰਗੱਦੀ, ਵਿਆਹ, ਜੋਤੀ ਜੋਤ ਸਮਾਉਣ, ਵੈਸਾਖੀ, ਦੀਵਾਲੀ, ਸਿੰਘਾਂ ਦੀਆਂ ਸ਼ਹੀਦੀਆਂ, ਗੁਰਗੱਦੀ ਤੇ ਪਹਿਲਾ ਪ੍ਰਕਾਸ਼ ਅਤੇ ਜਾਤਾਂ ਦੇ ਅਧਾਰਤ ਭਗਤਾਂ ਦੇ ਦਿਨ ਦਿਹਾਰ ਵੀ ਮਨਾਏ ਜਾਣ ਲੱਗ ਪਏ ਹਨ।

ਜਿਉਂਦੀਆਂ ਕੌਮਾਂ ਆਪਣੇ ਪੁਰਖਿਆਂ ਦੇ ਦਿਨ-ਦਿਉਹਾਰ ਮਨਾਉਂਦੀਆਂ ਹਨ। ਕਿਸੇ ਵਿਦਵਾਨ ਨੇ ਠੀਕ ਕਿਹਾ ਕਿ ਐ ਬੰਦੇ ਜੇ ਤੂੰ ਤਰੱਕੀ ਕਰਨਾ ਚਹੁੰਦੇ ਏਂ ਤਾਂ ਕਦੇ ਕਦੇ ਪੁਰਾਣੇ ਕਿੱਸਿਆਂ ਨੂੰ ਜ਼ਰੂਰ ਫੋਲ ਲਿਆ ਕਰ–

ਤਾਜ਼ਾ ਖਾਹੀ ਦਾਸਤਾਨ ਗ਼ਰ ਦਾਗ ਰਾਏ ਹਾਏ ਸੀਨਾ ਰਾ,
ਗਾਹੇ ਗਾਹੇ ਬਾਜ਼ ਖ਼ਾਂ ਈਂ ਕਿੱਸਾ ਰਾਏ ਹਾਏ ਪਰੀਨਾ ਰਾ।

ਗੁਰੂ ਅਮਰਦਾਸ ਜੀ ਦਾ ਵਾਕ ਹੈ ਕਿ ਬਜ਼ੁਰਗਾਂ ਦੀਆਂ ਗਾਥਾਵਾਂ ਸਾਨੂੰ ਪੁੱਤਰਾਂ ਤੋਂ ਸਪੁੱਤਰ ਬਣਾ ਦੇਂਦੀਆਂ ਹਨ।

ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨ।

ਗੁਰ ਪੁਰਬ ਮਨਾਉਣੇ ਕੋਈ ਮਾੜੀ ਗੱਲ ਨਹੀਂ ਹੈ, ਪਰ ਸਾਨੂੰ ਢੰਗ ਤਰੀਕੇ ਬਦਲਣੇ ਚਾਹੀਦੇ ਹਨ। ਅੱਜ ਗੁਰਪੁਰਬ ਮਨਾਉਣ ਸਬੰਧੀ ਸਾਡੀ ਹਾਸੋਹੀਣੀ ਸਥਿੱਤੀ ਬਣੀ ਹੋਈ ਹੈ। ਇਸ ਸਾਲ 27 ਦਿਸੰਬਰ ਨੂੰ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਮਨਾ ਰਹੀ ਸੀ ਪਰ ਦੂਜੇ ਪਾਸੇ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ ਦਿਵਸ ਮਨਾਇਆ ਜਾ ਰਿਹਾ ਸੀ। ਸ਼੍ਰੋਮਣੀ ਕਮੇਟੀ ਤੇ ਤੱਖਤਾਂ ਦੇ ਜੱਥੇਦਾਰ ਮੂਕ ਦਰਸ਼ਕ ਬਣ ਕੇ ਡੇਰਾਵਾਦੀਆਂ ਦੇ

ਪ੍ਰਭਾਵ ਨੂੰ ਕਬੂਲ ਕੇ ਚੱਲ ਰਹੇ ਹਨ। ਕੋਈ ਠੋਸ ਫੈਸਲਾ ਨਹੀਂ ਲੈ ਰਹੇ। ਡੰਗ ਟਪਾਊ ਨੀਤੀ ਨਾਲ ਕੌਮਾਂ ਬਰਬਾਦ ਹੋ ਜਾਂਦੀਆਂ ਹਨ।

ਜੇ ਸਿੱਖੀ ਦਾ ਸਿਧਾਂਤਿਕ ਪੱਖ ਦੇਖਿਆ ਜਾਏ ਤਾਂ ਗੁਰੂ ਨਾਨਕ ਸਾਹਿਬ ਜੀ ਮੁੱਢੋਂ ਗੁਰੂ ਹਨ ਜਦ ਕਿ ਭਾਈ ਲਹਿਣੇ ਜੀ ਓਦੋਂ ਗੁਰੂ ਬਣੇ ਹਨ ਜਦ ਉਹਨਾਂ ਨੂੰ ਗੁਰਿਆਈ ਮਿਲੀ ਹੈ। ਜਨਮ ਕਰਕੇ ਭਾਈ ਲਹਿਣਾ ਜੀ ਦੇਵੀ ਦੇ ਦੀਦਾਰ ਨੂੰ ਜਾਂਦੇ ਰਹੇ ਹਨ। ਗੁਰੂ ਅਮਰਦਾਸ ਜੀ ਜਨਮ ਕਰਕੇ ਗੰਗਾ ਦੀ ਯਾਤਰਾ ਕਰਦੇ ਰਹੇ ਹਨ। ਭਾਈ ਜੇਠਾ ਜੀ ਦਾ ਬਚਪਨਾ ਮਾਤਾ ਪਿਤਾ ਦੇ ਸਾਏ ਤੋਂ ਬਿਨਾ ਗੁਜ਼ਰਿਆ ਹੈ। ਇਸ ਤੋਂ ਸ਼ਪਸ਼ੱਟ ਹੈ ਕਿ ਆਗਮਨ ਕਰਕੇ ਗੁਰੂ ਨਾਨਕ ਸਾਹਿਬ ਜੀ ਹੀ ਗੁਰੂ ਹਨ, ਜਦ ਕਿ ਬਾਕੀ ਨੌਂ ਗੁਰੂ ਸਾਹਿਬਾਨ ਓਦੋਂ ਗੁਰੂ ਬਣੇ ਹਨ, ਜਦ ਉਹਨਾਂ ਨੂੰ ਗੁਰਿਆਈ ਮਿਲੀ ਹੈ। ਸਿਧਾਂਤਿਕ ਤੌਰ ਤੇ ਦਸ ਗੁਰੂ ਸਾਹਿਬਾਨ ਦੀ ਇਕ ਵਿਚਾਰਧਾਰਾ ਭਾਵ ਇਕ ਜੋਤ ਹੈ। ਇਹ ਵਿਚਾਰਧਾਰਾ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਤ ਹੈ।

ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਗੁਰੂਆਂ ਦੇ ਗੁਰਪੁਰਬਾਂ ਨਾਲ ਕੋਈ ਬਹੁਤਾ ਸਰੋਕਾਰ ਨਹੀਂ ਹੈ। ਉਹਨਾਂ ਦਾ ਤਾਂ ਮਹੀਨੇ ਵਿਚ ਕਈ ਕਈ ਧਾਰਮਿਕ ਦਿਹਾੜੇ ਮਨਾਉਣ ਨਾਲ ਆਮਦਨ ਵਿੱਚ ਵਾਧਾ ਹੁੰਦਾ ਹੈ। ਇਹ ਤਾਂ ਕਮੇਟੀਆਂ ਐਨੀਆਂ ਗੁਜ਼ਰ ਗਈਆਂ ਹਨ ਕਿ ਮਰ ਚੁੱਕੇ ਸਾਧਾਂ ਦੀਆਂ ਬਰਸੀਆਂ ਤੇ ਉਹਨਾਂ ਦੇ ਜਨਮ ਦਿਹਾੜੇ ਵੀ ਗੁਰੂਆਂ ਦੀ ਤਰਜ਼ 'ਤੇ ਮਨਾਉਣੇ ਸ਼ੁਰੂ ਕਰ ਦਿੱਤੇ ਹਨ। ਗਏ ਗੁਜ਼ਰੇ ਸਾਧਾਂ ਦੀਆਂ ਬਰਸੀਆਂ ਜਾਂ ਉਹਨਾਂ ਦੇ ਜਨਮ ਦਿਹਾੜੇ ਮਨਾਉਣ ਦੀ ਆਗਿਆ ਦੇਣ ਵਾਲੇ ਪ੍ਰਬੰਧਕਾਂ ਦੀ ਜ਼ਮੀਰ ਮਰ ਚੁੱਕੀ ਹੈ। ਹੁਣ ਬਹੁਤੀ ਥਾਂਈ ਵੱਡੇ ਗੁਰਦੁਆਰਿਆਂ ਵਿਚ ਗੁਰੂਆਂ ਨਾਲੋਂ ਸਾਧਾਂ ਦੀਆਂ ਬਰਸੀਆਂ ਜ਼ਿਆਦਾ ਮਨਾਈਆਂ ਜਾ ਰਹੀਆਂ ਹਨ। ਲੰਗਰ ਵੀ ਉਸ ਦਿਨ ਜਲੇਬੀਆਂ ਪਕੌੜਿਆਂ ਦਾ ਹੁੰਦਾ ਹੈ। ਭਾਈ ਗੁਰਦਾਸ ਸਾਹਿਬ ਜੀ ਦੇ ਕਥਨ ਅਨੁਸਾਰ ਇਹਨਾਂ ਪ੍ਰਬੰਧਕਾਂ ਨੂੰ ਪੈਸੇ ਚਾਹੀਦੇ ਹਨ ਜਿਵੇਂ ਮਰਜ਼ੀ ਆਉਣ।

**ਇਸਤ੍ਰੀ ਪੁਰਖੇ ਦਾਮ ਹਿੱਤ ਭਾਵੇਂ ਥਾਏਂ ਕੁਥਾਏਂ ਜਾਈ**

ਭਾਵ ਇਹਨਾਂ ਨੂੰ ਪੈਸੇ ਚਾਹੀਦੇ ਹਨ, ਭਾਵੇਂ ਕਾਲੇ ਚੋਰ ਪਾਸੋਂ ਆਉਣ ਇਹਨਾਂ ਨੂੰ ਸਿੱਖੀ ਸਿਧਾਂਤ ਨਾਲ ਕੋਈ ਸਰੋਕਾਰ ਨਹੀਂ ਹੈ। ਖੈਰ ਅੱਜ ਦਿਹਾੜੇ ਤਾਂ ਜ਼ਰੂਰ ਮਨਾਏ ਜਾ ਰਹੇ ਹਨ, ਪਰ ਇਹਨਾਂ ਵਿਚੋਂ ਸਿੱਖੀ ਵਾਲਾ ਤੱਤ, ਸਿੱਖੀ ਪ੍ਰਤੀ ਦ੍ਰਿੜਤਾ, ਵਫ਼ਾਦਾਰੀ, ਸਿਧਾਂਤਿਕ ਪੱਖ ਸਾਰਾ ਹੀ ਖਤਮ ਹੋ ਰਿਹਾ ਹੈ। ਦੇਖਣ ਨੂੰ ਅਸੀਂ ਸਿੱਖ ਲੱਗਦੇ ਹਾਂ ਪਰ ਕਰਮ ਸਾਰੇ ਬਿੱਪਰਵਾਦੀ ਕਰ ਰਹੇ ਹਾਂ।

**ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਦਾ ਰੇੜਕਾ—**

ਜਦੋਂ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ ਹੋਇਆ ਸੀ ਤਾਂ ਓਦੋਂ ਸੂਰਜੀ ਕੈਲੰਡਰ 23 ਪੋਹ ਤੇ ਚੰਦ੍ਰਮਾ ਕੈਲੰਡਰ ਦੀ ਪੋਹ ਸੁਦੀ ਸਤਵੀਂ ਦੋ ਤਰੀਕਾਂ ਇਕੋ ਦਿਨ ਆਈਆਂ ਸਨ। **੧੬੬੬ ਉਪਰੰਤ ਪੋਹ ਸੁਦੀ ੭ ਤੇ ੨੩ ਪੋਹ ੧੬੮੫ ਨੂੰ ਇਕੋ ਦਿਨ ਆਏ ਸਨ। ਪਿਛਲੀ ਸਦੀ ਵਿੱਚ ਪੋਹ ਸੁਦੀ ੭ ਤੇ ੨੩ ਪੋਹ ੧੯੦੩, ੪੮, ੬੮ ਤੇ ੮੭ ਵਿੱਚ ਇਕੱਠੀਆਂ ਆਈਆਂ ਸਨ।** ਉਂਝ ਅਸੀਂ ਸਾਹਿਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਸੂਰਜੀ ਕੈਲੰਡਰ ਨਾਲ ਮਨਾ ਰਹੇ ਹੁੰਦੇ ਹਾਂ ਜਦ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ ਦਿਹਾੜਾ ਚੰਦ੍ਰਮਾ ਦੇ ਹਿਸਾਬ ਨਾਲ ਮਨਾ ਰਹੇ ਹਾਂ। ਕੀ ਕੌਮ ਦੇ ਜੱਥੇਦਾਰਾਂ ਨੂੰ ਸੂਰਜੀ ਤੇ ਚੰਦ੍ਰਮਾ ਕੈਲੰਡਰ ਸਬੰਧੀ ਐਨੀ ਕੁ ਗੱਲ ਦੀ ਵੀ ਸਮਝ ਨਹੀਂ ਆ ਰਹੀ? ਜੇ ਕੌਮ ਦੇ ਜੱਥੇਦਾਰ ਗੁਰੂ ਗੋਬਿੰਦ ਸਿੰਘ ਦੇ ਆਗਮਨ ਦਿਹਾੜੇ ਪ੍ਰਤੀ ਸੁਚੇਤ ਨਹੀਂ ਹਨ ਤਾਂ ਬਾਕੀ ਇਨ੍ਹਾਂ ਕੋਲੋਂ ਕੀ ਆਸ ਰੱਖੀ ਜਾ ਸਕਦੀ ਹੈ? ਇਹ ਸਾਰੇ ਦਿਖਾਵੇ ਦੇ ਅਹੁਦੇ ਜਾਂ ਬਾਦਲ ਅਕਾਲੀ ਦਲ ਨੂੰ ਖੁਸ਼ ਕਰਨ ਰਹਿ ਗਏ ਹਨ।

**ਨਿੱਤ ਨਵੇਂ ਨਵੇਂ ਕਰਮ ਕਾਂਡ—**

ਗੁਰਪੁਰਬ ਦੇ ਨਾਂ 'ਤੇ ਹਰ ਸਾਲ ਨਿੱਤ ਨਵੇਂ ਨਵੇਂ ਕਰਮ ਕਾਂਡ ਦੇਖਣ ਨੂੰ ਮਿਲਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਮੌਕੇ ਹਰੇਕ ਗੁਰਦੁਆਰਾ ਪ੍ਰਭਾਤ ਫੇਰੀਆਂ ਨੂੰ ਤਰਜੀਹ ਦਿੰਦਾ ਹੈ। ਇਨ੍ਹਾਂ ਪ੍ਰਭਾਤ ਫੇਰੀਆਂ ਵਿੱਚ ਸਾਰਾ ਬਚਿੱਤ੍ਰ ਨਾਟਕ ਸੁਣਾਇਆ ਜਾਂਦਾ ਹੈ। ਕੀ ਗੁਰੂ ਗੋਬਿੰਦ ਸਿੰਘ ਜੀ ਨੇ ਕਾਲਕਾ ਅਰਾਧੀ ਸੀ? ਤਹੀਂ ਪ੍ਰਕਾਸ਼ ਹਮਾਰਾ ਭਇਓ ਪਟਨਾ ਸ਼ਹਿਰ ਵਿਖੇ ਭਵ ਲੀਓ ਆਦਿ ਘਰੋੜ ਘਰੋੜ ਕੇ ਸੁਣਾਇਆ ਜਾਂਦਾ ਹੈ। ਕੀ ਇਹ ਗੁਰਬਾਣੀ ਹੈ? ਕੀ ਇਹ ਰਚਨਾ ਗੁਰਬਾਣੀ ਸਿਧਾਂਤ ਦੇ ਨੇੜੇ ਹੈ? ਕਦੇ ਸੋਚਿਆ ਹੈ ਕਿ ਅਸੀਂ ਕੌਮ ਨੂੰ ਸੁਨੇਹਾ ਕੀ ਦੇਣਾ ਚਾਹੁੰਦੇ ਹਾਂ?

ਕੁਝ ਕੁ ਸੂਝਵਾਨ ਪ੍ਰਚਾਰਕ ਗ੍ਰੰਥੀ ਰਾਗੀ ਢਾਡੀ ਛੱਡ ਕੇ ਬਾਕੀ ਸਭ ਨੇ ਗੈਰ-ਕੁਦਰਤੀ ਹੇਮਕੁੰਟ ਵਾਲੀ ਮਨਘੜਤ ਰਚਨਾ ਸੁਣਾਈ। ਅਜੇ ਤੱਕ ਅਸੀਂ ਐਨੀ ਕੁ ਗੱਲ ਵੀ ਨਹੀਂ ਸਮਝ ਸਕੇ ਕਿ ਹੇਮਕੁੰਟ ਵੀ ਏਸੇ ਧਰਤੀ 'ਤੇ ਹੀ ਹੈ।

ਦਸਵੇਂ ਪਾਤਸ਼ਾਹ ਜੀ ਨੂੰ ਦੁਸ਼ਟ ਦਮਨ ਦੇ ਨਾਂ ਨਾਲ ਵੀ ਯਾਦ ਕੀਤਾ ਗਿਆ। ਦੁਸ਼ਠ ਦਮਨ ਕੀ ਹੈ ਸੁਣ ਕੇ ਕਚਿਆਣ ਆਉਂਦੀ ਹੈ। ਮਿਥਿਹਾਸ ਅਨੁਸਾਰ ਬਲ ਤੇ ਸੁਬੇਲ ਨਾਮ ਦੇ ਦੋ ਦੈਂਤ ਫ਼ੌਜ ਲੈ ਕੇ ਦੁਰਗਾ ਨੂੰ ਲੱਭਦੇ ਹੇਮਕੁੰਟ ਪਹਾੜ ਉੱਤੇ ਆ ਗਏ। ਅੱਗੇ ਇੱਕ ਤਪਸਵੀ ਬੈਠਾ ਸੀ। ਉਸ ਨੂੰ ਦੈਂਤ ਪੁੱਛਣ ਲੱਗੇ ਕਿ ਦੁਰਗਾ ਕਿੱਥੇ ਰਹਿੰਦੀ? ਤਪਸਵੀ ਗੁੱਸੇ ਵਿੱਚ ਆ ਗਿਆ ਤਾਂ ਦੈਂਤ ਤਪਸਵੀ ਨੂੰ ਮਾਰਨ ਲਈ ਦੌੜੇ। ਅੱਗੋਂ ਤਪਸਵੀ ਵੀ ਸਿੱਧਾ ਹੋ ਗਿਆ। ਉਸ ਨੇ ਸ਼ੇਰ ਦੀ ਖੱਲ ਵਾਲੇ ਆਸਣ ਨੂੰ ਝਾੜਿਆ ਤਾਂ ਵਿਚੋਂ ਦੁਸ਼ਟ ਦਮਨ ਪੈਦਾ ਹੋਇਆ। ਅਨੇਕਾਂ ਵਰ੍ਹੇ ਜੰਗ ਹੁੰਦਾ ਰਿਹਾ ਅਖੀਰ ਦੁਸ਼ਟ ਦਮਨ ਨੇ ਦੈਂਤਾਂ ਦਾ ਖਾਤਮਾ ਕੀਤਾ। ਫਿਰ ਦੁਰਗਾ ਨੇ ਕਿਹਾ ਤੁਸਾਂ ਮਾਤ ਲੋਕ ਵਿੱਚ ਜਾ ਕੇ ਫਿਰ ਜ਼ੁਲਮ ਦਾ ਨਾਸ਼ ਕਰਨਾ ਹੈ। ਹਾਸੋਹੀਣੀਆਂ ਗੱਲਾਂ ਸੁਣਾਈਆਂ ਗਈਆਂ ਸੰਗਤਾਂ ਸੁਣੀ ਗਈਆਂ ਤੇ ਗੁਰਪੁਰਬ ਮਨਾਇਆ ਗਿਆ।

**ਕੀਰਤਨ ਦਰਬਾਰ–**

ਕੀਰਤਨ ਰੂਹ ਦੀ ਖ਼ੁਰਾਕ ਹੈ। ਗੁਰਬਾਣੀ ਨਾਲ ਜੋੜਨ ਲਈ ਕੀਰਤਨ ਬਹੁਤ ਸੁੰਦਰ ਸਾਧਨ ਹੈ। ਕੀਰਤਨ ਦੀ ਆਪਣੀ ਸ਼ੈਲੀ ਹੈ ਜਿਸ ਦੁਆਰਾ ਸੰਗਤ ਨੂੰ ਗੁਰਬਾਣੀ ਸੰਦੇਸ਼ ਦ੍ਰਿੜ ਕਰਾਇਆ ਜਾਂਦਾ ਹੈ। ਵਰਤਮਾਨ ਸਥਿਤੀ ਵਿੱਚ ਬਹੁਤਾਤ ਕੀਰਤਨੀਏ ਰਹਾਓ ਵਾਲੀ ਤੁੱਕ ਨੂੰ ਛੱਡ ਕੇ ਆਪਣੀ ਮਨ ਮਰਜ਼ੀ ਨਾਲ ਪੰਕਤੀ ਚੁਣ ਲੈਂਦੇ ਹਨ। ਜਿਸ ਨਾਲ ਅਸਲ ਉਪਦੇਸ਼ ਦੂਰ ਰਹਿ ਜਾਂਦਾ ਹੈ।

**ਇਤਿਹਾਸ ਦੀ ਪੜਚੋਲ–**

ਇਤਿਹਾਸ ਕਦੇ ਵੀ ਸਹੀ ਨਹੀਂ ਹੁੰਦਾ, ਇਤਿਹਾਸ ਵਿਚੋਂ ਸਹੀ ਤੱਥ ਲੱਭਣੇ ਪੈਂਦੇ ਹਨ।। ਸਮਾਂ ਪਾ ਕੇ ਕਈ ਬਦਲਾਅ ਆ ਜਾਂਦੇ ਹਨ। ਬਹੁਤਾਤ ਵਿੱਚ ਇਤਿਹਾਸ ਸ਼ਰਧਾ-ਭਾਵਨਾਂ ਵਾਲਾ ਸੁਣਾਇਆ ਜਾਂਦਾ ਹੈ, ਜਿਸ ਵਿਚੋਂ ਤੱਥ ਅਲੋਪ ਹੋ ਜਾਂਦੇ ਹਨ। ਹੁਣ ਤੱਕ ਅਸੀਂ ਏਹੀ ਸੁਣਦੇ ਆਏ ਹਾਂ ਕਿ ਛੋਟੇ ਸਾਹਿਬਜ਼ਾਦਿਆਂ ਨੂੰ ਗੰਗੂ ਬ੍ਰਾਹਮਣ ਨੇ ਫੜਾਇਆ ਹੈ। ਜਦ ਕਿ 1760-65 ਵਿੱਚ ਭਾਈ ਦੂਨਾ ਸਿੰਘ ਹਿੰਡੂਰੀਆ ਕਥਾ ਗੁਰੂ ਜੀ ਕੇ ਸੁਤਨ ਕੀ ਵਿੱਚ ਲਿਖਿਆ ਹੈ—

ਅਬੈ ਇਕ ਕਥਾ ਅਵਰ ਜਨਾਊਂ।
ਜੋ ਜੋ ਬੀਤੀ ਸਭੇ ਸੁਨਾਊਂ।
ਦੋਇ ਮਸੰਦ ਸਹੇੜੀ ਰਹੇ।
ਇਕ ਦਰਬਾਰੀ, ਧੁੰਮਾ ਕਹੇਂ।
ਸਮਝਿਆ ਜਾਂਦਾ ਹੈ ਕਿ ਦਰਬਾਰੀ ਨਾਂ ਦਾ ਮਸੰਦ ਹੀ ਗੰਗੂ ਸੀ।

ਚਮਕੌਰ ਸਾਹਿਬ ਗੁਰਦੁਆਰਾ ਵਿਖੇ ਬੋਰਡ ਲੱਗਿਆ ਹੋਇਆ ਹੈ ਕਿ ਕਲਗੀ ਗੁਰਦੇਵ ਪਿਤਾ ਜੀ ਨੇ ਭਾਈ ਸੰਗਤ ਸਿੰਘ ਜੀ ਦਿੱਤੀ। ਏਸੇ ਅਸਥਾਨ 'ਤੇ ਥੋੜੀ ਦੂਰੀ ਤੇ ਇੱਕ ਹੋਰ ਬੋਰਡ ਲੱਗਿਆ ਹੋਇਆ ਹੈ ਕਿ ਕਲਗੀ ਭਾਈ ਜੀਵਨ ਸਿੰਘ ਜੀ ਦਿੱਤੀ ਗਈ। ਕਰ ਲਓ ਤੇਲ ਨੂੰ ਭਾਂਡਾ। ਹੁਣ ਦੋਵੇਂ ਜੱਥੇਬੰਦੀਆਂ ਇਕ ਦੂਜੇ ਵੱਲ ਸਿੱਧੀਆਂ ਹੋਈਆਂ ਹਨ।

ਸਾਡੇ ਦੇਖਦਿਆਂ ਦੇਖਦਿਆਂ ਹੀ ਇਤਿਹਾਸ ਵਿੱਚ ਕਈ ਨਵੇਂ ਨਵੇਂ ਪਾਤਰ ਪੈਦਾ ਹੋਏ ਹਨ, ਜਿਹੜੇ ਪਰਖ ਦੀ ਕਸਵੱਟੀ 'ਤੇ ਪੂਰੇ ਨਹੀਂ ਉਤਰਦੇ। ਦੂਸਰਾ ਗੁਰਦੇਵ ਪਿਤਾ ਜੀ ਨੇ ਜਿਹੜੀਆਂ ਜਾਤ ਬਰਾਦਰੀਆਂ ਖਤਮ ਕੀਤੀਆਂ ਸਨ, ਉਹੀ ਜਾਤ ਬਰਾਦਰੀਆਂ ਅਸੀਂ ਕੌਮੀ ਸ਼ਹੀਦਾਂ ਦੇ ਨਾਵਾਂ ਨਾਲ ਜੋੜ ਕੇ ਉਨ੍ਹਾਂ ਦੇ ਕੱਦ ਬੌਣੇ ਕਰਨ ਵਿੱਚ ਲੱਗੇ ਹੋਏ ਹਾਂ। ਗੁਰੂ ਸਾਹਿਬ ਦੇ ਸਮੁੱਚੇ ਫਲਸਫੇ ਨੂੰ ਭੁੱਲ ਕੇ ਆਪਣੀ ਜਾਤ ਦੇ ਸ਼ਹੀਦਾਂ ਨੂੰ ਪਹਿਲ ਦੇ ਕੇ ਸਮੁੱਚੀ ਕੌਮ ਨਾਲ ਠੱਗੀ ਮਾਰ ਰਹੇ ਹਾਂ। ਜਿਸ ਕੋਹੜ ਵਿਚੋਂ ਗੁਰਦੇਵ ਪਿਤਾ ਜੀ ਨੇ ਸਾਨੂੰ ਕੱਢਿਆ ਸੀ ਅਸੀਂ ਉਸ ਵਿੱਚ ਹੀ ਫੱਸ ਕੇ ਰਹਿ ਗਏ ਹਾਂ।

ਗੁਰਪੁਰਬਾਂ ਦੇ ਸਮੇਂ ਗੁਰੂ ਸਾਹਿਬਾਨ ਵਲੋਂ ਕੀਤੇ ਪਰਉਪਕਾਰਾਂ ਨੂੰ ਸਮਝਣਾ ਸੀ ਪਰ ਅਸੀਂ ਪਾਖੰਡ ਤੇ ਕਰਮ ਕਾਂਡਾਂ ਵਲ ਨੂੰ ਵੱਧ ਗਏ ਹਾਂ। ਛੋਟੇ ਸਹਿਬਜ਼ਾਦਿਆਂ ਦੀ ਸ਼ਹਾਦਤ ਬਹੁਤ ਵੱਡੀ ਅਤੇ ਭਾਵਕ ਹੈ ਜੋ ਸ਼ਬਦਾਂ ਦੀ ਪਕੜ ਵਿੱਚ ਨਹੀਂ ਆ ਸਕਦੀ। ਇਸ ਮਾਹਨ ਸ਼ਹਾਦਤ ਦੇ ਮਕਸਦ ਨੂੰ ਸਮਝਣ ਦੀ ਥਾਂ 'ਤੇ ਠੰਡੇ ਪਾਣੀ ਵਿੱਚ ਤੁਰਨਾ ਜਾਂ ਬਰਫ ਵਾਲੇ ਡਰੱਮ ਵਿੱਚ ਇਸ਼ਨਾਨ ਕਰਨਾ ਸ਼ੁਰੂ ਕਰ ਦਿੱਤਾ ਹੈ। ਜੇ ਡੂੰਘਾਈ ਨਾਲ ਦੇਖਿਆ ਜਾਏ ਤਾਂ ਗੁਰੂ ਅਰਜਨ ਪਾਤਸ਼ਾਹ ਜੀ ਤੱਤੀ ਤਵੀ 'ਤੇ ਬੈਠੇ ਸਨ ਕੀ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ?

**ਗੁਰਪੁਰਬ ਮਨਾਉਣ ਦਾ ਕੋਈ ਢੰਗ ਤਰੀਕਾ-**

ਆਪਣੀ ਵੱਖਰੀ ਪਹਿਚਾਨ ਦਾ ਢੰਢੋਰਾ ਤਾਂ ਜ਼ਰੂਰ ਪਿਟਦੇ ਹਾਂ, ਪਰ ਦੁਨੀਆਂ ਨੂੰ ਅਸੀਂ ਕੋਈ ਸੁਨੇਹਾ ਨਹੀਂ ਦੇ ਸਕੇ। ਇਕ ਤਾਂ ਅਸੀਂ ਸਤਿਕਾਰ ਦੇ ਨਾਂ 'ਤੇ ਆਪਣੇ ਆਪ ਨੂੰ ਏਨਾ ਸੀਮਤ ਕਰ ਲਿਆ ਹੈ ਕਿ ਕੋਈ ਉਦਮ ਕਰਕੇ ਸਹੀ ਪਰਚਾਰ ਜਾਂ ਲਿਖਣ ਦਾ ਕੰਮ ਨਹੀਂ ਕਰ ਰਿਹਾ। ਜਿੱਥੇ ਨਗਰ ਕੀਰਤਨ ਨਿਕਲਦਾ ਹੈ, ਓੱਥੇ ਬੇ-ਲੋੜੇ ਜ਼ਮੀਨ 'ਤੇ ਫੁੱਲ ਖਿਲਾਰਨੇ ਸ਼ੁਰੂ ਹੋ ਗਏ ਹਨ। ਹੁਣ ਅੱਗੇ ਟਾਟ ਵਛਾਉਣਾ ਸ਼ੁਰੂ ਹੋ ਗਿਆ ਹੈ। ਸਾਡੇ ਦੇਖਦਿਆਂ ਦੇਖਦਿਆਂ ਛੱਤਰ ਵੀ ਆ ਗਿਆ ਹੈ। ਸਾਡਾ ਸਾਰਾ ਜ਼ੋਰ ਪਾਲਕੀਆਂ ਸਜਾਉਣ 'ਤੇ ਲੱਗ ਗਿਆ ਹੈ। ਗੁਰਬਾਣੀ ਉਪਦੇਸ਼ ਵਲੋਂ ਪੂਰੀ ਤਰ੍ਹਾਂ ਪਾਸਾ ਵੱਟ ਲਿਆ ਹੈ। ਹੈਰਾਨਗੀ ਦੀ ਗੱਲ ਦੇਖੋ ਥੋੜੇ ਸਮੇਂ ਤੋਂ ਹੀ ਨਗਰ ਕੀਰਤਨ ਦੇ ਅੱਗੇ ਸੈਂਕੜੇ ਨੌਜਵਾਨ ਬੱਚੇ ਬੱਚੀਆਂ ਝਾੜੂ ਫੇਰਨ ਤੇ ਪਾਣੀ ਦਾ ਛਿੜਕਾਅ ਕਰਦੇ ਨਜ਼ਰ ਆਉਂਦੇ ਹਨ। ਪਰ ਨਗਰ ਕੀਰਤਨ ਦੇ ਪਿੱਛੇ ਜੂਠੇ ਗਲਾਸ, ਕਾਗਜ਼ ਦੀਆਂ ਪਲੇਟਾਂ, ਕੇਲਿਆਂ ਦੇ ਛਿੱਲਕੇ ਅਤੇ ਰਹਿੰਦ ਖੂੰਹਦ ਖਿਲਾਰ ਰਹੇ ਹੁੰਦੇ ਹਾਂ।



ਨਗਰ ਕੀਰਤਨ ਸਮੇਂ ਲੰਗਰਾਂ ਦੀ ਪੂਰੀ ਭਰਮਾਰ ਹੁੰਦੀ ਹੈ। ਵੰਨ ਸੁਵੰਨੇ ਲੰਗਰਾਂ ਦੇ ਸਟਾਲ ਲੱਗੇ ਹੁੰਦੇ ਹਨ। ਚਾਰ ਚੁਫੇਰੇ ਭੀੜ ਹੀ ਭੀੜ ਦਿਸਦੀ ਹੈ। ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਸਮਝ ਲਿਆ ਹੈ ਕਿ ਚੰਗੇ ਪ੍ਰਚਾਰਕ ਬੁਲਾਉਣ ਦੀ ਲੋੜ ਨਹੀਂ, ਸਗੋਂ ਲੋਕ ਵਿਖਾਵਾ ਕਰਨ ਨਾਲ ਹੀ ਸਿੱਖੀ ਦੀ ਸੇਵਾ ਹੈ।

ਸਿਆਣੇ ਕਹਿੰਦੇ ਹਨ ਕਿਸੇ ਦੀ ਚੰਗੀ ਗੱਲ ਦੀ ਰੀਸ ਕਰਨੀ ਕੋਈ ਮਾੜੀ ਨਹੀਂ ਹੈ। ਹਿੰਦੂ ਧਰਮ ਨੂੰ ਅੱਜ ਪ੍ਰਚਾਰ ਦੀ ਲੋੜ ਨਹੀਂ ਹੈ ਕਿਉਂਕਿ ਉਸ ਦੇ ਆਗੂਆਂ ਨੇ ਤਿਉਹਾਰਾਂ ਦੀ ਬਣਤਰ ਹੀ ਇਸ ਤਰ੍ਹਾਂ ਦੀ ਬਣਾਈ ਹੈ ਕਿ ਜਿਸ ਵਿਚ ਸਾਰੇ ਲੋਕ ਸ਼ਾਮਿਲ ਹੁੰਦੇ ਹਨ। ਦੀਵਾਲੀ ਨੂੰ ਖਰੀਦੋ ਫਰੋਖਤ ਕਰਦੇ ਹਨ, ਘਰਾਂ ਦੀ ਸਫ਼ਾਈ ਕੀਤੀ ਜਾਂਦੀ ਹੈ। ਮਜ਼ਦੂਰੀ ਕਰਨ ਵਾਲੇ ਨੂੰ ਵੀ ਕੰਮ ਮਿਲ ਜਾਂਦਾ ਹੈ। ਪੱਕੇ ਤੌਰ ਤੇ ਤਿਉਹਾਰ ਬਣਾਏ ਹੋਏ ਹਨ। ਹਰ ਤਿਉਹਾਰ ਦੇ ਖਾਣ-ਪੀਣ ਦੀ ਸ਼ੈਲੀ ਵੱਖਰੀ ਹੈ। ਮੁਸਲਮਾਨ ਭਰਾਵਾਂ ਦੀਆਂ ਪੱਕੀਆਂ ਸਾਲ ਵਿਚ ਦੋ ਵਾਰ ਈਦਾਂ ਆਉਂਦੀਆਂ ਹਨ। ਕੀ ਬੱਚਾ ਕੀ ਬੁੱਢਾ ਹਰ ਮੁਸਲਮਾਨ ਈਦ ਦੇ ਮੌਕੇ 'ਤੇ ਨਵੇਂ ਕਪੜੇ ਪਹਿਨਦਾ ਹੈ ਪੂਰੀ ਕੌਮ ਨਿਮਾਜ਼ ਪੜ੍ਹਦੀ ਹੈ। ਉਹਨਾਂ ਦਾ ਉਤਸ਼ਾਹ ਦੇਖਣ ਯੋਗ ਹੁੰਦਾ ਹੈ। ਈਸਾਈ ਧਰਮ ਵਾਲੇ ਸਾਲ ਉਪਰੰਤ ਕ੍ਰਿਸਮਿਸ ਮਨਾਉਂਦੇ ਹਨ। ਸਾਰਾ ਸੰਸਾਰ ਸ਼ਾਮਿਲ ਹੁੰਦਾ ਹੈ। ਦੂਜੀਆਂ ਕੌਮਾਂ ਵੀ ਕ੍ਰਿਸਮਿਸ ਦੀਆਂ ਛੁੱਟੀਆਂ ਵਿਚ ਸ਼ਾਮਿਲ ਹੁੰਦੀਆਂ ਹਨ। ਦੁਜਾ ਹਰ ਸਾਲ 25 ਦਸੰਬਰ ਦਾ ਦਿਨ ਬਝਵੇਂ ਨਿਯਮ ਵਿਚ ਆਉਂਦਾ ਹੈ। ਇਸ ਦਿਨ ਨੂੰ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਸਾਰਾ ਸਾਲ ਬੱਚੇ 25 ਦਸੰਬਰ ਨੂੰ ਉਡੀਕਦੇ ਰਹਿੰਦੇ ਹਨ। ਬਾਕੀ ਕੌਮਾਂ ਦੇ ਬੱਚੇ ਵੀ ਖੂਬ ਫੰਨ ਕਰਦੇ ਹਨ।

ਪਹਿਲੀ ਗੱਲ ਤਾਂ ਇਹ ਹੈ ਕੌਮਾਂਤਰੀ ਪੱਧਰ 'ਤੇ ਕੁਝ ਦੇਣ ਲਈ ਇਤਿਹਾਸਕ ਦਿਹਾੜੇ ਸਾਨੂੰ ਪੱਕੇ ਕਰਨੇ ਚਾਹੀਦੇ ਹਨ ਤੇ ਉਹਨਾਂ ਦੇ ਦਿਨ ਵੀ ਬੱਝਵੇਂ ਸਮੇਂ ਵਿੱਚ ਆਉਣੇ ਚਾਹੀਦੇ ਹਨ। ਗੁਰਪੁਰਬਾਂ ਦੇ ਗਰੁੱਪ ਬਣਾ ਲੈਣੇ ਚਾਹੀਦੇ ਹਨ। ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਦਾ ਆਗਮਨ ਦਿਹਾੜਾ ਸਾਰੇ ਗੁਰੂਆਂ ਦੇ ਆਗਮਨ ਦਿਹਾੜੇ ਨੂੰ ਸਮਰਪਿਤ ਹੋਵੇ। ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਗੱਦੀ ਦਿਵਸ, ਵਿਸਾਖੀ, ਹੋਲਾ-ਮਹਲਾ ਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਸਾਰੀਆਂ ਸ਼ਹੀਦੀਆਂ ਸਮਰਪਤ ਹੋਣ। ਫਿਰ ਇਹਨਾਂ ਦੇ ਅਸਥਾਨ ਅਤੇ ਇਹਨਾਂ ਦੇ ਦਿਹਾੜੇ ਪੱਕੇ ਕੀਤੇ ਜਾਣੇ ਚਾਹੀਦੇ ਹਨ।

**ਸ਼੍ਰੋਮਣੀ ਕਮੇਟੀ ਦੇ ਕਰਨ ਗੋਚਰੇ ਕੰਮ-**

1. ਸ਼੍ਰੋਮਣੀ ਕਮੇਟੀ ਸਭ ਤੋਂ ਪਹਿਲਾਂ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਾਏ।

2. ਧਰਮ ਦੇ ਨਾਂ 'ਤੇ ਚੁਪਹਿਰਿਆਂ, ਦੁਪਹਿਰਿਆਂ ਤੇ ਰੋਕ ਲਗਾਏ।

3. ਗੁਰੂ ਸਾਹਿਬਾਨ ਦੇ ਇਤਿਹਾਸ ਵਿੱਚ ਇੱਕਸਾਰਤਾ ਲਿਆਂਦੀ ਜਾਏ।

4. ਮਨਘੜਤ ਇਤਿਹਾਸ ਨੂੰ ਇੱਕਵਢਿਓਂ ਰੱਦ ਕੀਤਾ ਜਾਏ।

5. ਗੁਰੂ ਗ੍ਰੰਥ ਸਾਹਿਬ ਦੀ ਸਿਰਮੌਰਤਾ ਨੂੰ ਚੁਣੌਤੀ ਦੇਣ ਵਾਲੀਆਂ ਰਚਨਾਵਾਂ 'ਤੇ ਲਗਾਮ ਲਾਈ ਜਾਏ।

6. ਗੁਰਪੁਰਬ ਮਨਾਉਣ ਦੇ ਢੰਗ ਤਰੀਕਿਆਂ ਨੂੰ ਨਵੀਂ ਦਿਸ਼ਾ ਦਿੱਤੀ ਜਾਏ ਤਾਂ ਕਿ ਨੌਜਵਾਨ ਵੱਧ ਤੋਂ ਵੱਧ ਸ਼ਾਮਿਲ ਹੋ ਸਕਣ।

7. ਨਗਰ ਕੀਰਤਨ ਤੇ ਕੀਰਤਨ ਦਰਬਾਰਾਂ ਦੀ ਥਾਂ 'ਤੇ ਸੈਮੀਨਾਰ, ਗੋਸ਼ਟੀਆਂ ਨੂੰ ਪਹਿਲ ਦਿੱਤੀ ਜਾਏ।

8. ਸਿੱਖ ਸਭਿਆਚਾਰ, ਸਰੋਕਾਰ ਸਬੰਧੀ ਕਿਤਾਬਚੇ ਤਿਆਰ ਕਰਕੇ ਸੰਗਤਾਂ ਨੂੰ ਆਪਣੇ ਵਿਰਸੇ ਦੀ ਜਾਣਕਾਰੀ ਦਿੱਤੀ ਜਾਏ।

-0-

# ਪਾਠਕਾਂ ਦੇ ਸਵਾਲਾਂ ਦੇ ਜਵਾਬ

**1. ਸਵਾਲ– ਸ੍ਰੀ ਦਰਬਾਰ ਸਾਹਿਬ ਦੇ ਕਿੰਨੇ ਕੀਰਤਨੀ ਜਥੇ ਹਨ?**

**ਜਵਾਬ–** ਕੀਰਤਨੀ ਜਥੇ- ਇਨ੍ਹਾਂ ਦੀ ਗਿਣਤੀ 19 ਹੈ, ਇਨ੍ਹਾਂ ਵਿੱਚੋਂ 8 ਜਥੇ 15 ਚੌਕੀਆਂ ਵਿੱਚ ਹਰ ਰੋਜ਼ ਕੀਰਤਨ ਕਰਦੇ ਨੇ। ਇੱਥੇ ਭਾਸ਼ਣ ਕਰਨਾ ਤੇ ਕੱਚੀ ਬਾਣੀ ਪੜ੍ਹਨ ਦੀ ਸਖ਼ਤ ਮਨਾਹੀ ਹੈ।

**2. ਸਵਾਲ– ਸ੍ਰੀ ਦਰਬਾਰ ਸਾਹਿਬ ਵਿਖੇ ਮਹਾਰਾਜਾ ਰਣਜੀਤ ਸਿੰਘ ਨੇ ਕੀ ਭੇਟ ਕੀਤਾ?**

**ਜਵਾਬ–** ਮਹਾਰਾਜਾ ਰਣਜੀਤ ਸਿੰਘ ਜੀ ਨੇ ਇੱਕ ਚਾਨਣੀ ਹੀਰੇ-ਮੋਤੀਆਂ ਦੀ ਦਰਬਾਰ ਸਾਹਿਬ ਵਿਖੇ ਭੇਟ ਕੀਤੀ, ਜਿਸਦੀ ਕੀਮਤ ਉਦੋਂ 80 ਲੱਖ ਰੁਪੈ ਸੀ। ਜਿਹੜੀ ਸਾਕਾ ਨੀਲਾ ਤਾਰਾ ਸਮੇਂ ਸੜ ਕੇ ਰਾਖ ਹੋ ਗਈ ਸੀ।

**3. ਸਵਾਲ– ਗੁਰੂ ਗ੍ਰੰਥ ਸਾਹਿਬ ਜੀ ਨੂੰ ਪਾਲਕੀ ਵਿੱਚ ਲਿਆਉਣ ਦਾ ਸਮਾਂ ਕੀ ਹੈ?**

**ਜਵਾਬ–** ਪਾਲਕੀ ਦਾ ਸਮਾਂ- ਗਰਮੀਆਂ ਵਿੱਚ 4.30 ਵਜੇ ਸਵੇਰੇ, ਸਰਦੀਆਂ ਵਿੱਚ 5.00 ਵਜੇ ਸਵੇਰੇ। ਰਾਤ ਨੂੰ 10.30 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਸੁਨਹਿਰੀ ਪਾਲਕੀ ਰਾਹੀਂ ਗੁ: ਕੋਠਾ ਸਾਹਿਬ ਅਕਾਲ ਤਖ਼ਤ ਤੇ ਚਲੀ ਜਾਂਦੀ ਹੈ। ਇਹ ਸਮਾਂ 15 ਮਿੰਟ ਦੇ, ਹਿਸਾਬ ਨਾਲ ਵੱਧਦਾ ਘੱਟਦਾ ਰਹਿੰਦਾ ਹੈ।

**4. ਸਵਾਲ– ਸ੍ਰੀ ਦਰਬਾਰ ਸਾਹਿਬ ਵਿੱਚ ਅਰਦਾਸ ਕਿੰਨੀ ਵਾਰੀ ਹੁੰਦੀ ਹੈ?**

**ਜਵਾਬ–** ਛੇ ਵਾਰ- ਪਹਿਲੀ ਅਰਦਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਮਗਰੋਂ ਅਨੰਦ ਸਾਹਿਬ ਦਾ ਪਾਠ ਕਰਕੇ। ਦੂਜੀ ਅਰਦਾਸ ਆਸਾ ਦੀ ਵਾਰ ਦੇ ਭੋਗ ਮਗਰੋਂ। ਤੀਜੀ ਅਰਦਾਸ 12 ਵਜੇ ਅਨੰਦ ਸਾਹਿਬ ਦਾ ਪਾਠ ਕਰਕੇ। ਚੌਥੀ ਅਰਦਾਸ 3 ਵਜੇ ਚਰਨ ਕੰਵਲ ਆਰਤੀ ਪੜ੍ਹਕੇ। ਪੰਜਵੀਂ ਅਰਦਾਸ ਰਹਿਰਾਸ ਸਾਹਿਬ ਦੇ ਪਾਠ ਤੋਂ ਬਾਅਦ। ਛੇਵੀਂ ਅਰਦਾਸ ਕੀਰਤਨ ਸੋਹਿਲੇ ਦੇ ਪਾਠ ਮਗਰੋਂ ਕੀਤੀ ਜਾਂਦੀ ਹੈ।

**5. ਸਵਾਲ– ਸਰੋਵਰ ਕਿੰਨਾ ਵੱਡਾ ਹੈ ਅਤੇ ਸ੍ਰੀ ਦਰਬਾਰ ਸਾਹਿਬ ਨੂੰ ਜਾਣ ਵਾਲਾ ਪੁੱਲ ਕਿੰਨਾ ਲੰਮਾ ਹੈ?**

**ਜਵਾਬ–** ਸਰੋਵਰ- 490ਣ500 ਫੁੱਟ ਹੈ। ਡੂੰਘਾਈ 17 ਫੁੱਟ, ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ 13 ਫੁੱਟ, ਹਰੇਕ ਬਾਹੀ 66 ਫੁੱਟ ਹੈ। ਪੁੱਲ ਦੀ ਲੰਬਾਈ 240 ਫੁੱਟ, ਚੌੜਾਈ 21 ਫੁੱਟ ਅਤੇ ਪੁੱਲ ਦੇ ਹੇਠਾਂ 38 ਸੁਰੰਗਦੁਆਰੀਆਂ ਹਨ।

**6. ਸਵਾਲ– ਸ੍ਰੀ ਦਰਬਾਰ ਸਾਹਿਬ ਵਿੱਚ ਬਿਜਲੀ ਕਦੋਂ ਲਗਾਈ ਗਈ?**

**ਜਵਾਬ–** ਬਿਜਲੀ ਦਾ ਪ੍ਰਬੰਧ - ਮਹਾਰਾਜਾ ਫ਼ਰੀਦਕੋਟ ਦੇ ਯਤਨਾ ਸਦਕਾ 34 ਸਾਲ ਦੀ ਕਸ਼ਮਕਸ਼ ਤੋਂ ਬਾਅਦ, ਪਹਿਲੀ ਵਾਰ ਸਥਾਈ ਤੌਰ 'ਤੇ 1930 ਵਿੱਚ ਸ੍ਰੀ ਦਰਬਾਰ ਸਾਹਿਬ ਵਿੱਚ ਬਿਜਲੀ ਲਗਾਈ ਗਈ। 29-8-1897 ਨੂੰ ਬਿਜਲੀ ਘਰ ਦਾ ਨੀਂਹ ਪੱਥਰ ਰੱਖਿਆ ਸੀ।

**7. ਸਵਾਲ—ਮਨ ਨੀਵਾਂ ਮਤਿ ਉੱਚੀ ਤੋਂ ਕੀ ਭਾਵ ਹੈ?**

**ਜਵਾਬ**—ਅਰਦਾਸ ਵਿੱਚ ਸਿੱਖ ਨਿੱਤ ਮੰਗਦੇ ਹਨ ਕਿ ਮਨ ਨੀਵਾਂ ਅਤੇ ਮਤਿ ਉੱਚੀ ਹੋਵੇ। ਇਹ ਅਜੇਹਾ ਅਮੋਲਕ ਨਿਯਮ ਹੈ ਕਿ ਜਿਸ ਦੇ ਧਾਰਨ ਨਾਲ ਸਾਰੇ ਸ਼ੁਭ ਗੁਣ ਮਨ ਵਿੱਚ ਸੁੱਤੇ ਹੀ ਨਿਵਾਸ ਕਰਦੇ ਹਨ। ਅਹੰਕਾਰੀ ਮਨ ਵਾਲਾ ਜਗਿਆਸੂ ਸਭ ਤੋਂ ਸਿੱਖਿਆ ਲੈਂਦਾ ਹੈ ਅਤੇ ਆਪਣੀ ਬੁੱਧੀ ਨੂੰ ਉੱਚਿਆਂ ਕਰਦਾ ਹੈ।

ਮਨ ਨੀਵਾਂ ਮਤਿ ਉੱਚੀ ਦੇ ਬੋਲਾਂ ਨੂੰ ਪ੍ਰਪੱਕ ਕਰਨ ਲਈ ਸਦਾ ਲਈ ਅਰਦਾਸ ਦਾ ਅੰਗ ਬਣਾ ਦਿੱਤਾ ਹੈ। ਇਹਨਾਂ ਬੋਲਾਂ ਨੂੰ ਸਿੱਖ ਨੇ ਸਦਾ ਮਨ ਵਿਚ ਰੱਖਣਾ ਹੈ ਅਹੰਕਾਰ ਨੂੰ ਮਾਰਨਾ ਹੈ।

**8. ਸਵਾਲ— ਕੀ ਮਨ ਹੱਠ ਕਰਮਾਂ ਨਾਲ ਰੱਬ ਜੀ ਦੀ ਪਰਾਪਤੀ ਹੋ ਸਕਦੀ ਹੈ?**

**ਜਵਾਬ**--ਧਰਮ ਦੀ ਦੁਨੀਆਂ ਵਿੱਚ ਕਈ ਲੋਕ ਮਨ ਹੱਠ ਵਾਲੇ ਕਰਮ ਇਸ ਲਈ ਕਰਦੇ ਹਨ ਤਾਂ ਕਿ ਸ਼ਾਇਦ ਸਾਨੂੰ ਰੱਬ ਜੀ ਮਿਲ ਜਾਏ। ਸਰੀਰ ਨੂੰ ਕਸ਼ਟ ਵੀ ਦਿੰਦੇ ਹਨ। ਮਨ ਹੱਠ ਵਾਲੇ ਕਰਮ ਗੁਰਬਾਣੀ ਰੱਦ ਕਰਦੀ ਹੈ ਜਿਹਾ ਕਿ—

**ਮਨਹਠਿ ਕਰਮ ਕਮਾਵਦੇ ਨਿਤ ਨਿਤ ਹੋਹਿ ਖੁਆਰੁ ॥**
**ਅੰਤਰਿ ਸਾਂਤਿ ਨ ਆਵਈ ਨਾ ਸਚਿ ਲਗੈ ਪਿਆਰੁ ॥ (66)**

ਚੌਥੇ ਪਾਤਸ਼ਾਹ ਜੀ ਫੁਰਮਾਉਂਦੇ ਹਨ—

**ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ ॥**
**ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗੁ ਨ ਹੋਇ ॥**
**ਕੂੜਿ ਕਪਟਿ ਕਿਨੈ ਨ ਪਾਇਓ ਜੋ ਬੀਜੈ ਖਾਵੈ ਸੋਇ ॥ (39-40)**

**9. ਸਵਾਲ– ਮਨ ਰੰਗਣ ਤੋਂ ਕੀ ਭਾਵ ਹੈ?**

**ਜਵਾਬ**—ਨਵੇਂ ਕੱਪੜੇ ਨੂੰ ਪਾਹ ਚੜ੍ਹੀ ਹੋਣ ਕਰਕੇ ਉਸ ਨੂੰ ਰੰਗ ਨਹੀਂ ਚੜ੍ਹਦਾ। ਨਵੇਂ ਕਪੜੇ ਨੂੰ ਰੰਗ ਚਾੜ੍ਹਨ ਤੋਂ ਪਹਿਲਾਂ ਫਟਕੜੀ, ਸੋਡੇ ਨਾਲ ਧੋਈਦਾ ਹੈ ਤਾਂ ਕਿ ਕਪੜੇ 'ਤੇ ਚੜ੍ਹੀ ਹੋਈ ਪਾਹ (ਮਾਇਆ) ਉੱਤਰ ਜਾਏ। ਪਾਹ ਉਤਰਨ 'ਤੇ ਹੀ ਕਪੜੇ ਨੂੰ ਪੱਕਾ ਰੰਗ ਚੜ੍ਹਦਾ ਹੈ। ਏਸੇ ਤਰ੍ਹਾਂ ਸਾਡੇ ਮਨ ਨੂੰ ਵੀ ਵਿਕਾਰਾਂ ਦੀ ਪਾਹ ਚੜ੍ਹੀ ਹੋਈ ਹੈ ਜਿਹੜੀ ਗੁਰ-ਗਿਆਨ ਦੁਆਰਾ ਉਤਾਰਨੀ ਹੈ।

ਗੁਰਬਾਣੀ ਵਾਕ ਹਨ—

**ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗੁ ਨ ਹੋਇ ॥ (40)**

ਜਦੋਂ ਗੁਰਬਾਣੀ ਗਿਆਨ ਦੁਆਰਾ ਬੁਰੀਆਂ ਸੋਚਾਂ ਖ਼ਤਮ ਹੁੰਦੀਆਂ ਹਨ ਤੇ ਭਲੀਆਂ ਸੋਚਾਂ ਦਾ ਜਨਮ ਹੁੰਦਾ ਹੈ। ਸਤਿ ਸੰਤੋਖ, ਧੀਰਜ, ਧਰਮ, ਰੱਬੀ ਹੁਕਮ ਵਿਚ ਵਿਚਰਦਾ ਤੇ ਲੋਭ, ਲਾਲਚ, ਈਰਖਾ, ਹੰਕਾਰ ਦਾ ਤਿਆਗੀ ਜੀਵਨ ਬਤੀਤ ਕਰਨ ਵਾਲਾ ਰੱਬੀ ਰੰਗ ਵਿਚ ਰੰਗਿਆ ਹੁੰਦਾ ਹੈ।

**ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥**
**ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥ (722)**

**10. ਸਵਾਲ—ਕੀ ਰਾਗ ਮਾਲਾ ਬਾਣੀ ਹੈ?**

**ਜਵਾਬ**—ਬਹੁਤ ਵਿਦਵਾਨਾਂ ਦਾ ਵਿਚਾਰ ਹੈ ਕਿ 'ਰਾਗ ਮਾਲਾ' ਦੀ ਰਚਨਾ ਗੁਰੂ ਸਾਹਿਬ ਦੀ ਰਚਨਾ ਨਹੀਂ ਹੈ। ਜੋ ਕਾਵਿਕ ਰਚਨਾ ਦੀ ਸ਼ੈਲੀ ਦਾ ਭੇਦ ਜਾਣਦੇ ਹਨ ਉਹ ਬਿਨਾਂ ਕਠਿਨਾਈ ਇਹ ਸਮਝ ਸਕਦੇ ਹਨ।

ੴ ਸਿਰਲੇਖ ਹੇਠ ਸਾਰੇ ਗੁਰੂ ਗ੍ਰੰਥ ਸਾਹਿਬ ਵਿੱਚ ਇੱਕ ਵੀ ਅਜਿਹੀ ਬਾਣੀ ਨਹੀਂ, ਜਿਸ ਵਿੱਚ ਨਾਨਕ ਨਾਮ ਨਾ ਹੋਵੇ।

ਗੁਰਬਾਣੀ 'ਸਿਰੀ ਰਾਗ' ਤੋਂ ਅਰੰਭ ਹੁੰਦੀ ਹੈ, ਗੁਰਵਾਕ ਹੈ, "ਰਾਗਾਂ ਵਿਚਿ ਸਿਰੀ ਰਾਗ ਹੈ"। ਭਾਈ ਗੁਰਦਾਸ ਜੀ ਲਿਖਦੇ ਹਨ, "ਰਾਗਨ ਮੇ ਸਿਰੀ ਰਾਗ" ਪਰ 'ਰਾਗ ਮਾਲਾ' "ਭੈਰਵ ਰਾਗ" ਤੋਂ ਆਰੰਭ ਕਰਦੀ ਹੈ ਜਿਹਾ ਕਿ—

"ਪ੍ਰਥਮ ਰਾਗ ਭੈਰਉ ਵੈ ਕਰਹੀ" ਭਾਵ ਇਹ ਹੈ ਕਿ ਸੰਗੀਤ ਸ਼ਾਸਤ੍ਰ ਅਨੁਸਾਰ ਭੀ ਇਹ ਗੁਰਮਤਿ ਸੰਗੀਤ ਤੋਂ ਉਲਟ ਹੈ ਇੰਝ ਸਮਝ ਆਉਂਦਾ ਹੈ ਕਿ ਰਾਗ ਮਾਲਾ ਗੁਰਬਾਣੀ ਦਾ ਹਿੱਸਾ ਨਹੀਂ ਹੈ। -0-




## ਧਨੁ ਦਾਰਾ ਸੰਪਤਿ ਸਗਲ...

### ਸਲੋਕ ੫
### ਨਿੱਜੀ ਸੁਆਰਥਾਂ ਦੀਆਂ ਪੱਕੀਆਂ ਗੰਢਾਂ

**ਭੂਮਿਕਾ—** ਸਾਡੇ ਸਰੀਰ ਦੇ ਦੋ ਭਾਗ ਹਨ। ਇਕ ਅੰਦਰਲਾ ਤੇ ਦੂਜਾ ਬਾਹਰਲਾ। ਇਸ ਨੂੰ ਆਤਮਿਕ ਤਲ ਤੇ ਸਰੀਰਕ ਤਲ ਵੀ ਕਿਹਾ ਜਾਂਦਾ ਹੈ। ਗੁਰੂ ਸਾਹਿਬ ਜੀ ਨੇ ਦੋਵੇਂ ਹਕੀਕਤਾਂ ਸਾਂਝੀਆਂ ਕੀਤੀਆਂ ਹਨ। ਸਰੀਰਕ ਤਲ਼ ਤੇ ਮਾਤਾ, ਪਿਤਾ, ਭੈਣ-ਭਰਾ, ਵਹੁਟੀ ਹਨ, ਜਿੰਨ੍ਹਾਂ ਨਾਲ ਸੰਸਾਰ ਵਿੱਚ ਉਤਪਤੀ, ਵਿਕਾਸ ਤੇ ਵਰਤੋਂ ਵਿਹਾਰ ਚਲਦਾ ਹੈ। ਦੂਸਰਾ ਇਨ੍ਹਾਂ ਰਿਸ਼ਤਿਆਂ ਦਾ ਨਾਂ ਲੈ ਕੇ ਆਤਮਿਕ ਤਲ ਦੀ ਗੱਲ ਕੀਤੀ ਹੈ, ਜਿਸ ਨਾਲ ਸਾਡਾ ਵਿਹਾਰਕ ਪੱਖ ਪ੍ਰਗਟ ਹੁੰਦਾ ਹੈ। ਮਾਤਾ ਪਿਤਾ ਦੇ ਸੁਮੇਲ ਵਿਚੋਂ ਸਾਡਾ ਸਰੀਰ ਪੈਦਾ ਹੁੰਦਾ ਹੈ, ਏਸੇ ਤਰ੍ਹਾਂ ਆਤਮਿਕ ਤਲ 'ਤੇ ਗੁਰੂ ਦੀ ਮੱਤ ਸਚਿਆਰ ਮਨੁੱਖ ਦੀ ਮਾਂ ਹੈ ਤੇ ਸੰਤੋਖ ਆਤਮਿਕ ਤਲ ਤੇ ਪਿਤਾ ਹੈ। ਬਾਹਰਲੇ ਰਿਸ਼ਤਿਆਂ ਦਾ ਨਾਂ ਲੈ ਕੇ ਸਾਡੀ ਅੰਦਰਲੀ ਘਾੜਤ ਘੜੀ ਗਈ ਹੈ। ਇਕ ਹੋਰ ਅਹਿਮ ਵਿਚਾਰ ਕੀਤੀ ਗਈ ਹੈ ਜਿੱਥੇ ਚੰਗਿਆਂ ਗੁਣਾਂ ਦਾ ਪ੍ਰਵਾਰ ਹੈ, ਓੱਥੇ ਭੈੜੀ ਮਤ ਵਾਲਾ ਪ੍ਰਵਾਰ ਵੀ ਸਾਡੇ ਅੰਦਰ ਕੰਮ ਕਰਦਾ ਹੈ। ਇਸ ਪ੍ਰਥਾਏ ਕਬੀਰ ਸਾਹਿਬ ਜੀ ਦਾ ਵਾਕ ਹੈ ਕਿ ਮੇਰੀ ਪਹਿਲੀ ਕਰੂਪ ਪਤਨੀ (ਭਾਵ ਭੈੜੀ ਕਰਣੀ) ਮਰ ਗਈ ਹੈ ਹੁਣ ਮੈਂ ਚੰਗੀ ਵਹੁਟੀ ਭਾਵ ਨੇਕ ਮੱਤ ਲੱਭ ਲਈ ਹੈ। ਇਸ ਦਾ ਭਾਵ ਅਰਥ ਦੇਖਾਂਗੇ ਤਾਂ ਭੈੜੀ ਮਤ ਸਮਝ ਵਿੱਚ ਆਉਂਦਾ ਹੈ—



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

*ਪਹਿਲੀ ਕਰੂਪਿ ਕੁਜਾਤਿ ਕੁਲਖਨੀ ਸਾਹੁਰੈ ਪੇਈਐ ਬੁਰੀ॥*

*ਅਬ ਕੀ ਸਰੂਪਿ ਸੁਜਾਨਿ ਸੁਲਖਨੀ ਸਹਜੇ ਉਦਰਿ ਧਰੀ॥* (੪੮੩)

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਲੋਕਾਂ ਵਿੱਚ ਮਨ ਨੂੰ ਸਚਿਆਰ ਬਣਾਉਣ ਦਾ ਸੁਨੇਹਾ ਦਿੱਤਾ ਹੈ—

**ਸਲੋਕ—**

*ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ॥*

*ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ॥੫॥*

**ਪਦ ਅਰਥ—** ਦਾਰਾ-ਇਸਤ੍ਰੀ। ਸੰਪਤਿ ਸਗਲ-ਸਾਰੀ ਸੰਪਤੀ, ਸਾਰੀ ਜਾਇਦਾਦ। ਜਿਨਿ ਮਾਨਿ-ਮਤਾਂ ਸਮਝ, ਨਾਹ ਮੰਨ। ਅਪੁਨੀ ਕਰਿ-ਆਪਣੀ ਜਾਣ ਕੇ। ਇਨ ਮਹਿ-ਇਹਨਾਂ ਸਾਰਿਆਂ ਵਿਚੋਂ। ਸੰਗੀ-ਸਾਥੀ। ਸਾਚੀ ਜਾਨਿ-ਇਹ ਗੱਲ ਪੱਕੀ ਜਾਣ ਲੈ।

**ਅੱਖਰੀ ਅਰਥ—** ਹੇ ਭਾਈ! ਧਨ, ਇਸਤ੍ਰੀ, ਸਾਰੀ ਜਾਇਦਾਦ-(ਇਸ ਨੂੰ) ਆਪਣੀ ਕਰਕੇ ਨਾ ਮੰਨ। ਹੇ ਨਾਨਕ! ਇਹ ਗੱਲ ਸੱਚੀ ਸਮਝ ਕਿ ਇਨ੍ਹਾਂ ਸਾਰਿਆਂ ਵਿਚੋਂ ਕੋਈ ਇੱਕ ਭੀ ਤੇਰਾ ਸਾਥੀ ਨਹੀਂ ਬਣ ਸਕਦਾ॥੫॥

**ਵਿਚਾਰ ਚਰਚਾ ਤੇ ਵਿਹਾਰਕ ਪੱਖ—**

ਸਵਾਲ ਪੈਦਾ ਹੁੰਦਾ ਹੈ ਕਿ ਸਾਨੂੰ ਆਪਣੇ ਪ੍ਰਵਾਰ ਦੀ ਪਰਵਰਿਸ਼ ਲਈ ਆਪਣਾ ਯੋਗਦਾਨ ਨਹੀਂ ਪਉਣਾ ਚਾਹੀਦਾ? ਕੀ ਪਰਵਾਰ ਵਲੋਂ ਕਿਨਾਰਾ ਕਰ ਲੈਣਾ ਚਾਹੀਦਾ ਹੈ? ਕੀ ਬੱਚਿਆਂ ਨੂੰ ਵਿਆਹ ਨਹੀਂ ਕਰਾਉਣਾ ਚਾਹੀਦਾ? ਜਦ ਕਿ ਗੁਰਮਤਿ ਵਿੱਚ ਗ੍ਰਹਿਸਤੀ ਜੀਵਨ ਨੂੰ ਪਹਿਲ ਦਿੱਤੀ ਗਈ ਹੈ।

ਭਾਈ ਗੁਰਦਾਸ ਸਾਹਿਬ ਜੀ ਸਿੱਧਾਂ ਦੀ ਗੁਰੂ ਨਾਨਕ ਸਾਹਿਬ ਜੀ ਨਾਲ ਹੋਈ ਵਿਚਾਰ ਗੋਸ਼ਟੀ ਵਿੱਚ ਬੜਾ ਸਪੱਸ਼ਟ ਲਿਖਦੇ ਹਨ ਕਿ –

*ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੁ ਕੇ ਘਰਿ ਮੰਗਣਿ ਜਾਈ॥*

ਵਾਰ ਨੰਬਰ ੧ ਪਉੜੀ ਨੰ ੪੦

ਨਾਨਕਈ ਫਲਸਫੇ ਦਾ ਅਧਾਰ ਸ਼ਿਲਾ ਸਚਿਆਰ ਮਨੁੱਖ ਬਣਨ ਦਾ ਹੈ। ਸੰਸਾਰਕ ਉਦਾਹਰਣਾਂ ਲੈ ਕੇ ਵਿਹਾਰਕ ਪੱਖ ਸਾਡੇ ਸਾਹਮਣੇ ਰੱਖਿਆ ਹੈ। ਅੱਖਰੀ ਅਰਥਾਂ ਤੋਂ ਇਹ ਸਮਝ ਆਉਂਦੀ ਹੈ, ਕਿ ਜਿਹੜਾ ਪ੍ਰਵਾਰ ਮਰਨ ਉਪਰੰਤ ਸਾਡੇ ਨਾਲ ਨਹੀਂ ਜਾਂਦਾ, ਉਸ ਲਈ ਮਿਹਨਤ ਕਰਨ ਦੀ ਕੀ ਜ਼ਰੂਰਤ ਹੈ? *"ਧਨੁ ਦਾਰਾ ਸੰਪਤਿ ਸਗਲ"* ਇਹ ਤਿੰਨੇ ਨੁਕਤੇ ਪਰਵਾਰ ਨੂੰ ਚਲਾਉਣ ਲਈ ਇਕ ਦੂਜੇ ਦੇ ਸਹਾਈ ਹਨ। ਇਸਤ੍ਰੀ ਸੰਸਾਰ ਦੀ ਜਣਨੀ ਹੈ। ਕਮਾਈ ਕਰਨੀ ਉਪਜੀਵਕਾ ਹੈ, ਜਦ ਕਿ ਕਿਰਸ ਕਰਕੇ ਮਕਾਨ ਬਣਾਉਣਾ ਰਹਿਣ ਲਈ ਜਗ੍ਹਾ ਹੈ। ਇਹ ਵੀ ਜ਼ਰੂਰੀ ਹੈ ਕਿ ਕਮਾਈ ਕਰਕੇ ਜਾਇਦਾਦ ਬਣਾਈ ਜਾਵੇ ਤਾਂ ਕਿ ਮੇਰੀ ਜ਼ਿੰਦਗੀ ਸੌਖੀ ਕੱਟ ਜਾਏ। ਕੀ ਵਹੁਟੀ, ਤਨਖਾਹ ਤੇ ਮਕਾਨ ਆਪਣੇ ਨਹੀਂ ਹੋਣੇ ਚਾਹੀਦੇ? ਜਾਂ ਇਨ੍ਹਾਂ ਨਾਲ ਲਗਾਓ ਨਹੀਂ ਰੱਖਣਾ ਚਾਹੀਦਾ? *"ਜਿਨਿ ਅਪੁਨੀ ਕਰਿ ਮਾਨਿ"* ਕੀ ਹੁਣ ਹੱਥ ਤੇ ਹੱਥ ਰੱਖ ਵਿਹਲੇ ਬੈਠ ਜਾਣਾ ਚਾਹੀਦਾ ਹੈ ਕਿਉਂ ਕਿ ਕਿਸੇ ਨੇ ਵੀ ਸਾਡੇ ਨਾਲ ਨਹੀਂ ਜਾਣਾ। *"ਇਨ ਮੈ ਕਛੁ ਸੰਗੀ ਨਹੀ"* ਇਨ੍ਹਾਂ ਵਿਚੋਂ ਸਾਡਾ ਕੋਈ ਬੇਲੀ ਨਹੀਂ ਹੈ? ਇਸ ਵਿਚਾਰ ਦੀ ਵਿਚਲੀ ਸਚਾਈ ਨੂੰ ਸਮਝਣਾ ਪਏਗਾ। *"ਨਾਨਕ ਸਾਚੀ ਜਾਨਿ"*। ਦੇਖਿਆ ਜਾਏ ਤਾਂ ਜਦੋਂ ਪ੍ਰਵਾਰ ਦਾ ਕੋਈ ਜੀਅ ਬੀਮਾਰ ਹੋ ਜਾਂਦਾ ਹੈ ਤਾਂ ਅਸੀਂ ਹਸਪਤਾਲ ਵਿੱਚ ਪੂਰਾ ਸਹਿਯੋਗ ਦਿੰਦੇ ਹਾਂ। ਮਰੀਜ਼ ਭਾਵੇਂ ਸੌਂ ਜਾਏ ਪਰ ਕੋਲ ਬੈਠੀ ਮਾਂ ਤੜਫਦੀ ਰਹਿੰਦੀ ਹੈ। ਅਸੀਂ ਪਰਵਾਰ ਤੇ ਸਮਾਜ ਵਿੱਚ ਇਕ ਦੂਜੇ ਦੀ ਮਦਦ ਕਰਦੇ ਹਾਂ।

ਗੁਰਬਾਣੀ ਦੀ ਇਹ ਵੀ ਅਟੱਲ ਸਚਾਈ ਹੈ ਕਿ ਇਨ੍ਹਾਂ ਵਿਚ ਤੇਰਾ ਸੰਗੀ ਸਾਥੀ ਕੋਈ ਨਹੀਂ ਹੈ। ਇਸ ਗੱਲ ਨੂੰ ਪ੍ਰੱਪਕਤਾ ਨਾਲ ਪੱਕਾ ਕਰ ਲੈ।

ਹੁਣ ਨੁਕਤਿਆਂ ਨੂੰ ਸਮਝਣ ਦਾ ਯਤਨ ਕਰਾਂਗੇ। ਵਹੁਟੀ, ਕਮਾਈ ਤੇ ਜਾਇਦਾਦ ਬਣਾਉਣੀ ਕੋਈ ਮਾੜੀ ਗੱਲ ਨਹੀਂ ਹੈ, ਪਰ ਇਨ੍ਹਾਂ ਦੀ ਖਾਤਰ ਇਖ਼ਲਾਕ ਵੇਚ ਦੇਣਾ, ਜ਼ਮੀਰ ਮਾਰ ਲੈਣੀ, ਕਿਸੇ ਦਾ ਹੱਕ ਖਾ ਲੈਣਾ, ਇਹ ਸਾਰਾ ਕੁਝ ਇਨਸਾਨੀਅਤ ਦੇ ਵਿਰੋਧ ਵਿੱਚ ਹੈ। ਜੇ ਪਰਵਾਰ ਦੀ ਖਾਤਰ ਨਕਲੀ ਦਵਾਈਆਂ ਬਣਾ ਕੇ ਵੇਚੀਆਂ, ਪੈਸਾ

**ਸਫਾ 38 ਦਾ ਬਾਕੀ**

**21 ਫਰਵਰੀ ਸ਼ਹੀਦੀ ਸਾਕੇ 'ਤੇ ਵਿਸ਼ੇਸ਼**

# ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ

**ਡਾ: ਰੂਪ ਸਿੰਘ 98146-37979**

**ਕਿੰਨੇ ਸਬਰ, ਸਹਿਜ ਸੀਤਲਤਾ ਦੇ ਧਾਰਨੀ ਹੋਣਗੇ ਗੁਰਸਿੱਖ ਜਿਨ੍ਹਾਂ ਨੂੰ ਜਿਊਂਦਾ ਜੰਡ ਨਾਲ ਬੰਨ੍ਹ, ਭੱਠ ਵਿਚ ਸੁੱਟ ਸਾੜਿਆ ਗਿਆ ਪਰ ਕਿਸੇ ਨੇ ਸੀ ਨਹੀਂ ਉਚਾਰੀ। ਗੁਰਦੁਆਰਾ ਜਨਮ ਅਸਥਾਨ ਦੇ ਨਜ਼ਦੀਕ ਸਥਿਤ ਸ਼ਹੀਦੀ ਖੂਹ ਤੇ ਜੰਡ ਦਾ ਦਰੱਖਤ ਸ਼ਹੀਦਾਂ ਦੀ ਸ਼ਹੀਦੀ ਦਾਸਤਾਨ ਬਿਆਨ ਕਰਦਾ ਹੈ। ਜੰਡ ਦੇ ਦਰੱਖਤ ਦੀ ਸਾਂਭ-ਸੰਭਾਲ ਹੋਣੀ ਜ਼ਰੂਰੀ ਹੈ। ਅਪਰੈਲ 1921 'ਚ ਮਹੰਤ ਨਰੈਣ ਦਾਸ ਤੇ ਹੋਰਾਂ ਖ਼ਿਲਾਫ਼ ਮੁਕੱਦਮਾ ਚਲਣਾ ਸ਼ੁਰੂ ਹੋਇਆ। 12 ਅਕਤੂਬਰ, 1921 ਨੂੰ ਮਹੰਤ ਨਰੈਣ ਦਾਸ ਤੇ ਉਸ ਦੇ 7 ਸਾਥੀਆਂ ਨੂੰ ਮੌਤ ਦੀ ਸਜ਼ਾ, 8 ਸਾਥੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਪਰ ਹਾਈ ਕੋਰਟ ਨੇ ਮਹੰਤ ਦੀ ਮੌਤ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕਰ ਦਿੱਤੀ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੀ ਇਤਿਹਾਸਿਕ ਇਮਾਰਤ, ਵਿਸ਼ਾਲ ਦਰਸ਼ਨੀ ਡਿਉੜੀ ਤੇ ਖੁੱਲ੍ਹਾ ਵਿਹੜਾ ਸਮੇਂ-ਸਥਾਨ ਤੋਂ ਸੁਤੰਤਰ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਅੱਜ ਵੀ ਰੂਪਮਾਨ ਕਰਦੇ ਹਨ।**

ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨੂੰ 'ਧਰਮ ਹੇਤ ਸਾਕਾ' ਕਿਹਾ ਹੈ, ਜਿਸ ਤੋਂ ਸਾਕਾ ਸ਼ਬਦ ਸਿੱਖ ਸ਼ਬਦਾਵਲੀ ਦਾ ਅਟੁੱਟ ਹਿੱਸਾ ਬਣ ਗਿਆ। ਸਾਕੇ ਦਾ ਅਰਥ ਹੈ, ਕੋਈ ਐਸਾ ਕਰਮ ਜੋ ਇਤਿਹਾਸ ਵਿਚ ਪ੍ਰਸਿੱਧ ਰਹਿਣ ਲਾਇਕ ਹੋਵੇ। ਸਪੱਸ਼ਟ ਹੈ ਕਿ ਇਹ ਸ਼ਬਦ ਭਾਰੀ ਦੁਖਾਂਤਕ ਘਟਨਾ ਵਾਸਤੇ ਵਰਤਿਆ ਜਾਂਦਾ ਹੈ।

ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਨੂੰ ਇਸ ਅਰਥ ਭਾਵ ਵਾਲੇ ਸਾਕਿਆਂ ਦੇ ਸਨਮੁਖ ਹੋਣਾ ਪਿਆ। ਜਲ੍ਹਿਆਂਵਾਲਾ ਬਾਗ ਦਾ ਸਾਕਾ, ਨਨਕਾਣਾ ਸਾਹਿਬ ਦਾ ਸਾਕਾ, ਪੰਜਾ ਸਾਹਿਬ ਦਾ ਸਾਕਾ, ਸਾਕਾ ਗੁਰੂ ਕਾ ਬਾਗ ਆਦਿ। ਅੰਗਰੇਜ਼ੀ ਸ਼ਾਸਕਾਂ ਦੀ ਸ਼ਹਿ 'ਤੇ ਮਹੰਤਾਂ ਦੇ ਜਬਰ ਦੀ ਦਰਦਨਾਕ ਕਹਾਣੀ ਨੂੰ ਸਾਕਾ ਨਨਕਾਣਾ ਸਾਹਿਬ ਰੂਪਮਾਨ ਕਰਦਾ ਹੈ। ਇਨ੍ਹਾਂ ਸਾਕਿਆਂ ਨੂੰ ਢਾਡੀ ਬੀਰ ਰਸੀ ਵਾਰਾਂ ਰਾਹੀਂ ਪ੍ਰਗਟ ਕਰਨ ਲਈ 'ਸਾਕਾ ਕਾਵਿ' ਰੂਪ ਪ੍ਰਚਲਿਤ ਹੋਇਆ।

ਨਨਕਾਣਾ ਸਾਹਿਬ, ਨਾਨਕਿਆਣਾ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਨਾਨਕ ਆਯਨ – ਗੁਰੂ ਨਾਨਕ ਸਾਹਿਬ ਜੀ ਦਾ ਆਯਨ ਭਾਵ ਘਰ। ਇਸ ਧਰਤ-ਸੁਹਾਵੀ ਦਾ ਪਹਿਲਾ ਨਾਂ ਰਾਇਪੁਰ ਫਿਰ ਤਲਵੰਡੀ ਰਾਇ ਭੋਇ ਤੇ ਸਦੀਵੀ ਨਾਉਂ ਨਨਕਾਣਾ ਸਾਹਿਬ ਪ੍ਰਚੱਲਿਤ ਹੋਇਆ। ਨਨਕਾਣਾ ਸਾਹਿਬ ਦੀ ਧਰਤੀ 'ਤੇ ਗੁਰੂ ਨਾਨਕ ਸਾਹਿਬ ਨੇ ਅਨੇਕਾਂ ਅਲੌਕਿਕ ਚੋਜ ਕੀਤੇ। ਗੁਰੂ ਨਾਨਕ ਨਾਨਕ ਜੀ ਦੇ ਪ੍ਰਕਾਸ਼ ਅਸਥਾਨ 'ਤੇ 1613 ਈ. ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਆਗਮਨ ਨਾਲ ਯਾਦਗਾਰੀ ਅਸਥਾਨ ਸਥਾਪਤ ਹੋਇਆ, ਜੋ ਸਮੇਂ ਦੇ ਬੀਤਣ ਨਾਲ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਨਾਂ ਨਾਲ ਵਿਸ਼ਵ ਪ੍ਰਸਿੱਧ ਹੋਇਆ। ਉਦਾਸੀ ਸੰਪਰਦਾ ਦੇ ਮੁਖੀ ਬਾਬਾ ਅਲਮਸਤ ਜੀ ਨੂੰ ਗੁਰਦੁਆਰਾ ਜਨਮ ਅਸਥਾਨ ਦੀ ਸੇਵਾ-ਸੰਭਾਲ ਗੁਰੂ ਹਰਿਗੋਬਿੰਦ ਸਾਹਿਬ ਨੇ ਸੌਂਪੀ ਸੀ। ਇਸ ਤਰ੍ਹਾਂ ਆਰੰਭ ਤੋਂ ਹੀ ਇਸ ਪਵਿੱਤਰ ਅਸਥਾਨ ਦਾ ਪ੍ਰਬੰਧ ਉਦਾਸੀ ਸੰਪਰਦਾ ਦੇ ਮਹੰਤ-ਪੁਜਾਰੀ ਹੀ ਕਰਦੇ ਰਹੇ।

ਸਿੱਖ ਰਾਜ ਸਮੇਂ ਗੁਰਦੁਆਰਿਆਂ ਦੇ ਨਾਂ ਲੱਗੀਆਂ ਬੇਸ਼ੁਮਾਰ ਜਾਗੀਰਾਂ-ਜਾਇਦਾਦਾਂ ਨੇ ਮਹੰਤਾਂ ਨੂੰ ਆਲਸੀ-ਅਯਾਸ਼ ਤੇ ਭ੍ਰਿਸ਼ਟ-ਕੁਕਰਮੀ ਕਰ ਦਿੱਤਾ। ਸਿੱਖ ਰਾਜ ਦਾ ਸੂਰਜ ਅਸਤ ਹੋਣ ਦੀ ਦੇਰ ਸੀ ਕਿ ਮਹੰਤਾਂ-ਪੁਜਾਰੀਆਂ ਨੇ ਅੰਗਰੇਜ਼ ਭਗਤ ਬਣ ਐਸ਼-ਪ੍ਰਸਤੀ ਕਰਨੀ ਸ਼ੁਰੂ ਕਰ ਦਿੱਤੀ। ਮਹੰਤ-ਪੁਜਾਰੀ ਗੁਰਦੁਆਰਿਆਂ ਦੀਆਂ ਜ਼ਮੀਨਾਂ-ਜਾਇਦਾਦਾਂ ਨੂੰ ਆਪਣੀ ਨਿੱਜੀ ਪਿਤਾ-ਪੁਰਖੀ ਮਾਲਕੀ ਮਹਿਸੂਸ ਕਰਨ ਲੱਗੇ। ਮਹੰਤਾਂ-ਪੁਜਾਰੀਆਂ ਨੇ ਗੁਰਦੁਆਰਿਆਂ ਨੂੰ ਐਸ਼-ਪ੍ਰਸਤੀ ਦੇ ਡੇਰੇ (ਅੱਡੇ) ਬਣਾ ਲਿਆ। ਜਦ ਸਿੱਖਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ 'ਤੇ ਸਨ, ਤਦ ਵੀ ਗੁਰਦੁਆਰਾ ਪ੍ਰਬੰਧ ਆਮ ਕਰਕੇ ਪਿਤਾ ਪੁਰਖੀ ਮਹੰਤਾਂ- ਉਦਾਸੀਆਂ ਤੇ ਨਿਰਮਲਿਆਂ ਕੋਲ ਹੀ ਸੀ। ਗੁਰੂ-ਘਰ ਦਾ ਪ੍ਰਬੰਧ ਉਸ ਸਮੇਂ ਤਕ ਠੀਕ ਚਲਦਾ ਰਿਹਾ, ਜਦੋਂ ਤਕ ਸਿੱਖ ਕਦਰਾਂ-ਕੀਮਤਾਂ ਅਨੁਸਾਰ ਜੀਵਨ ਬਸਰ ਕਰਦੇ ਰਹੇ। ਪਰ ਜਦ ਵੀ ਮਹੰਤਾਂ-ਪੁਜਾਰੀਆਂ, ਧਰਮੀ ਸਦਵਾਉਣ ਵਾਲਿਆਂ ਦਾ ਜੀਵਨ 'ਕਰਤੂਤਿ ਪਸੂ ਕੀ ਮਾਨਸ ਜਾਤਿ' ਵਾਲਾ ਹੋ ਜਾਵੇਗਾ



ਤਾਂ ਗਿਰਾਵਟ ਆਉਣੀ ਪੱਕੀ ਹੈ। ਨਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ ਦਾ ਸ਼ਰਾਬ ਪੀ ਕੇ ਆਈ ਸੰਗਤ ਦੀ ਬੇਇੱਜ਼ਤੀ ਕਰਨਾ, ਬੀਬੀਆਂ ਦੀ ਅਜ਼ਮਤ ਨੂੰ ਹੱਥ ਪਾਉਣਾ ਨਿੱਤ ਦਾ ਕੰਮ ਬਣ ਗਿਆ ਸੀ। ਮਹੰਤਾਂ ਦੇ ਕੁਕਰਮਾਂ-ਦੁਰਾਚਾਰਾਂ ਦੇ ਦਾਗ ਧੋਣ ਵਾਸਤੇ ਪਵਿੱਤਰ ਖੂਨ ਦੀ ਜ਼ਰੂਰਤ ਸੀ ਜਿਸ ਨੂੰ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੇ ਪੂਰਾ ਕੀਤਾ। ਇਸ ਸਮੇਂ ਸਿੱਖ ਸਮਾਜ ਵਿਚ ਸਿੱਖ ਜਾਗ੍ਰਿਤੀ ਵਜੋਂ ਸਿੰਘ ਸਭਾ ਲਹਿਰ ਚਲ ਰਹੀ ਸੀ। ਚੇਤੰਨ ਗੁਰਸਿੱਖਾਂ ਨੇ ਗੁਰਦੁਆਰਾ ਪ੍ਰਬੰਧ ਨੂੰ ਪਰਿਵਾਰਕ ਪ੍ਰਬੰਧ ਤੋਂ ਪੰਥਕ ਪ੍ਰਬੰਧ 'ਚ ਲਿਆਉਣ ਲਈ ਕਮਰਕੱਸੇ ਕਰ ਲਏ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਨੂੰ ਮਹੰਤਾਂ ਦੇ ਪ੍ਰਬੰਧ ਤੋਂ ਆਜ਼ਾਦ ਕਰਵਾਉਣ ਲਈ ਗੁਰਸਿੱਖ ਮਰਜੀਵੜਿਆਂ ਦਾ ਸ਼ਾਂਤਮਈ ਜਥਾ ਫਰਵਰੀ, 1920 ਨੂੰ ਦਰਸ਼ਨੀ ਡਿਉੜੀ ਰਸਤੇ ਅੰਦਰ ਦਾਖਲ ਹੋਇਆ, ਜਿੱਥੇ ਇਨ੍ਹਾਂ ਨਾਨਕ ਨਾਮ ਲੇਵਾ ਗੁਰਸਿੱਖਾਂ ਦਾ 'ਸਵਾਗਤ' ਮਹੰਤ ਨੇ ਗੋਲੀਆਂ, ਡਾਂਗਾਂ, ਬਰਛੀਆਂ, ਤਲਵਾਰਾਂ ਆਦਿ ਮਾਰੂ ਹਥਿਆਰਾਂ ਨਾਲ ਕੀਤਾ। ਗੁਰੂ ਘਰ ਦੀ ਪਵਿੱਤਰਤਾ ਕਾਇਮ ਰੱਖਣ ਖਾਤਰ ਗੁਰੂ ਕੇ ਲਾਲ ਸ਼ਾਂਤਮਈ ਰਹਿ ਕੇ

ਸ਼ਹਾਦਤ ਪ੍ਰਾਪਤ ਕਰ ਗਏ।

ਸਾਕਾ ਨਨਕਾਣਾ ਸਾਹਿਬ ਵਾਪਰਨ ਸਮੇਂ ਕੁਝ ਭੱਟੀ ਮੁਸਲਾਮਾਨਾਂ, ਬਾਬਾ ਕਰਤਾਰ ਸਿੰਘ (ਬੇਦੀ), ਮੰਗਲ ਸਿੰਘ ਕੂਕਾ ਆਦਿ ਨੇ ਵੀ ਕੁਕਰਮੀ ਮਹੰਤਾਂ ਦਾ ਸਾਥ ਦਿੱਤਾ। ਮਹੰਤ ਨਰੈਣ ਦਾਸ ਤੇ ਮਿਸਟਰ ਕਰੀ ਡੀ.ਸੀ. ਅਤੇ ਮਿਸਟਰ ਕਿੰਗ ਕਮਿਸ਼ਨਰ ਲਾਹੌਰ ਡਿਵੀਜ਼ਨ ਦੀ ਸ਼ਹਿ 'ਤੇ ਨਨਕਾਣਾ ਸਾਹਿਬ ਦੀ ਪਵਿੱਤਰ ਧਰਤੀ ਖੂਨ ਨਾਲ ਲਾਲ ਹੋ ਗਈ। ਬਾਬਾ ਕਰਤਾਰ ਸਿੰਘ (ਬੇਦੀ) ਨੂੰ ਕੁਝ ਸਮੇਂ ਬਾਅਦ ਪੰਥ ਨਾਲ ਕੀਤੀ ਗੱਦਾਰੀ ਦਾ ਅਹਿਸਾਸ ਹੋਇਆ ਤਾਂ ਉਹ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਇਆ, ਜਿਸ 'ਤੇ ਉਸ ਨੂੰ ਹੁਣ ਤਕ ਦੀ ਸਭ ਤੋਂ ਸਖ਼ਤ ਤਨਖਾਹ ਲਾਈ ਗਈ।

ਇਹ ਦੁਖਾਂਤਕ ਸਾਕਾ ਗੁਰੂ ਨਾਨਕ ਦੇ ਘਰ ਨੂੰ ਕਪਟੀ ਮਹੰਤਾਂ ਤੋਂ ਆਜ਼ਾਦ ਕਰਵਾਉਣ ਗਏ ਗੁਰਸਿੱਖਾਂ ਨਾਲ ਵਾਪਰਿਆ, ਇਸ ਤੋਂ ਵੱਧ ਦਰਦਨਾਕ ਘਟਨਾ ਕੀ ਹੋ ਸਕਦੀ ਹੈ। ਹਰ ਸਿੱਖ ਵਾਸਤੇ ਨਨਕਾਣਾ ਸਾਹਿਬ ਪਵਿੱਤਰ ਧਰਤੀ ਹੈ। ਇੱਥੋਂ ਦਾ ਮਹੰਤ ਨਰੈਣ ਦਾਸ ਸਭ ਤੋਂ ਵੱਡਾ ਗੁਰੂ ਘਰ ਦਾ ਦੋਖੀ ਸਾਬਤ ਹੋਇਆ। ਇਹ ਕੁਕਰਮੀ ਬਣ ਚੁੱਕਾ ਸੀ। ਧਰਮ-ਕਰਮ ਇਸ ਵਿੱਚੋਂ ਗਾਇਬ ਹੋ ਚੁੱਕਾ ਸੀ। ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਨੂੰ ਅਜਿਹੇ ਹੀ ਕਪਟੀ ਮਹੰਤਾਂ ਤੋਂ ਆਜ਼ਾਦ ਕਰਵਾ ਕੇ ਸੰਗਤੀ ਪ੍ਰਬੰਧ 'ਚ ਲਿਆਉਣ ਲਈ ਗੁਰਸਿੱਖਾਂ ਨੇ ਗੁਰਦੁਆਰਾ ਸੁਧਾਰ ਲਹਿਰ ਆਰੰਭ ਕੀਤੀ। ਇਸ ਤਹਿਤ ਸਭ ਤੋਂ ਪਹਿਲਾਂ ਗੁਰਦਆਰਾ ਬਾਬੇ ਦੀ ਬੇਰ ਸਿਆਲਕੋਟ ਅਕਤੂਬਰ, 1920 ਨੂੰ ਪੰਥਕ ਪ੍ਰਬੰਧ 'ਚ ਲਿਆ ਗਿਆ। ਫਿਰ ਅਕਤੂਬਰ, 1920 ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਪੰਥਕ ਹੱਥਾਂ 'ਚ ਆਇਆ।

ਸ਼ਾਂਤਮਈ ਸਿੱਖ ਸੇਵਕਾਂ ਦੇ ਖੂਨ ਨਾਲ ਮਹੰਤ ਨਰੈਣ ਦਾਸ ਨੇ ਗੁਰਦੁਆਰਾ ਜਨਮ ਅਸਥਾਨ ਨੂੰ ਲੱਥਪਥ ਕਰ ਦਿੱਤਾ। ਇਹ ਗੁਰਦੁਆਰਾ ਸਾਹਿਬਾਨ ਦੀ ਸੁਤੰਤਰਤਾ, ਆਜ਼ਾਦੀ ਲਈ ਕੀਤਾ ਗਿਆ ਸੱਤਿਆਗ੍ਰਹਿ ਸੀ। ਜਬਰ-ਜ਼ੁਲਮ ਤੇ ਅਤਿਆਚਾਰ ਖ਼ਿਲਾਫ਼ ਸਤਿ-ਸੰਤੋਖ, ਸਬਰ ਦੇ ਧਾਰਨੀ ਹੋ ਸ਼ਾਂਤਮਈ ਰਹਿ ਕੇ ਕੀਤਾ ਗਿਆ, ਵਿਦਰੋਹ, ਰੋਸ ਤੇ ਰੋਹ ਸੀ।

ਮਹੰਤ ਨਰੈਣ ਦਾਸ ਦੇ ਬਦਮਾਸ਼ਾਂ ਦੇ ਜਬਰ-ਜ਼ੁਲਮ ਦੀ ਇੰਤਹਾ ਦੇਖੋ ਕਿ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ 'ਤੇ ਬੈਠਾ ਗ੍ਰੰਥੀ ਸਿੰਘ ਵੀ ਸ਼ਹੀਦ ਹੋ ਗਿਆ ਤੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ 'ਚ ਵੀ ਗੋਲੀਆਂ ਲੱਗੀਆਂ, ਜਿਸ ਨੂੰ 'ਸ਼ਹੀਦੀ ਬੀੜ' ਕਿਹਾ ਜਾਂਦਾ ਹੈ। ਨਨਕਾਣਾ ਸਾਹਿਬ ਦੇ ਸਾਕੇ ਸਮੇਂ ਗੁਰਸਿੱਖਾਂ ਦੇ ਸਤਿ-ਸਿਦਕ, ਸਬਰ ਦੀ ਪਰਖ ਹੋਈ। ਗੁਰੂ ਕੇ ਲਾਲਾਂ ਨੇ **ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ (1412)** ਦੇ ਮਹਾਂਵਾਕ ਨੂੰ ਪ੍ਰਤੱਖ ਕਰ ਦਿਖਾਇਆ। ਇਹ ਸ਼ਹੀਦਾਂ ਦੇ ਪਵਿੱਤਰ ਖੂਨ ਸਦਕਾ ਹੀ ਅੰਗਰੇਜ਼ ਰਾਜ ਕਾਲ ਸਮੇਂ ਸੁਤੰਤਰ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਹੋਂਦ 'ਚ ਆਈ, ਜਿਸ ਨੂੰ ਸਿੱਖ ਪਾਰਲੀਮੈਂਟ ਹੋਣ ਦਾ ਮਾਣ-ਸਤਿਕਾਰ ਹਾਸਲ ਹੈ। ਇਸ ਦੁਖਾਂਤਕ ਸਾਕੇ ਨੂੰ ਸ਼ਬਦੀ ਰੂਪ ਨਹੀਂ ਦਿੱਤਾ ਜਾ ਸਕਦਾ। ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਨੇ ਆਪਣੇ ਪਵਿੱਤਰ ਖੂਨ ਨਾਲ ਮਹੰਤਾਂ ਦੇ ਪਾਪਾਂ ਨਾਲ ਗੰਧਲੀ ਹੋਈ ਧਰਤੀ ਨੂੰ ਧੋ ਕੇ ਪਵਿੱਤਰ ਕਰ ਦਿੱਤਾ।

ਕਿੰਨੇ ਸਬਰ, ਸਹਿਜ ਸੀਤਲਤਾ ਦੇ ਧਾਰਨੀ ਹੋਣਗੇ ਗੁਰਸਿੱਖ ਜਿਨ੍ਹਾਂ ਨੂੰ ਜਿਊਂਦਾ ਜੰਡ ਨਾਲ ਬੰਨ੍ਹ, ਭੱਠ ਵਿਚ ਸੁੱਟ ਸਾੜਿਆ ਗਿਆ ਪਰ ਕਿਸੇ ਨੇ ਸੀ ਨਹੀਂ ਉਚਾਰੀ। ਗੁਰਦੁਆਰਾ ਜਨਮ ਅਸਥਾਨ ਦੇ ਨਜ਼ਦੀਕ ਸਥਿਤ ਸ਼ਹੀਦੀ ਖੂਹ ਤੇ ਜੰਡ ਦਾ ਦਰੱਖਤ ਸ਼ਹੀਦਾਂ ਦੀ ਸ਼ਹੀਦੀ ਦਾਸਤਾਨ ਬਿਆਨ ਕਰਦਾ ਹੈ। ਜੰਡ ਦੇ ਦਰੱਖਤ ਦੀ ਸਾਂਭ-ਸੰਭਾਲ ਹੋਣੀ ਜ਼ਰੂਰੀ ਹੈ। ਅਪਰੈਲ 1921 'ਚ ਮਹੰਤ ਨਰੈਣ ਦਾਸ ਤੇ ਹੋਰਾਂ ਖ਼ਿਲਾਫ਼ ਮੁਕੱਦਮਾ ਚਲਣਾ ਸ਼ੁਰੂ ਹੋਇਆ। 12 ਅਕਤੂਬਰ, 1921 ਨੂੰ ਮਹੰਤ ਨਰੈਣ ਦਾਸ ਤੇ ਉਸ ਦੇ 7 ਸਾਥੀਆਂ ਨੂੰ ਮੌਤ ਦੀ ਸਜ਼ਾ, 8 ਸਾਥੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਪਰ ਹਾਈ ਕੋਰਟ ਨੇ ਮਹੰਤ ਦੀ ਮੌਤ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕਰ ਦਿੱਤੀ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੀ ਇਤਿਹਾਸਿਕ ਇਮਾਰਤ, ਵਿਸ਼ਾਲ ਦਰਸ਼ਨੀ ਡਿਉੜੀ ਤੇ ਖੁੱਲ੍ਹਾ ਵਿਹੜਾ ਸਮੇਂ-ਸਥਾਨ ਤੋਂ ਸੁਤੰਤਰ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਅੱਜ ਵੀ ਰੂਪਮਾਨ ਕਰਦੇ ਹਨ।

**ਸਿੱਖ ਰਾਜ ਸਮੇਂ ਗੁਰਦੁਆਰਿਆਂ ਦੇ ਨਾਂ ਲੱਗੀਆਂ ਬੇਸ਼ੁਮਾਰ ਜਾਗੀਰਾਂ-ਜਾਇਦਾਦਾਂ ਨੇ ਮਹੰਤਾਂ ਨੂੰ ਆਲਸੀ-ਅਯਾਸ਼ ਤੇ ਭ੍ਰਿਸ਼ਟ-ਕੁਕਰਮੀ ਕਰ ਦਿੱਤਾ। ਸਿੱਖ ਰਾਜ ਦਾ ਸੂਰਜ ਅਸਤ ਹੋਣ ਦੀ ਦੇਰ ਸੀ ਕਿ ਮਹੰਤਾਂ-ਪੁਜਾਰੀਆਂ ਨੇ ਅੰਗਰੇਜ਼ ਭਗਤ ਬਣ ਐਸ਼-ਪ੍ਰਸਤੀ ਕਰਨੀ ਸ਼ੁਰੂ ਕਰ ਦਿੱਤੀ। ਮਹੰਤ-ਪੁਜਾਰੀ ਗੁਰਦੁਆਰਿਆਂ ਦੀਆਂ ਜ਼ਮੀਨਾਂ-ਜਾਇਦਾਦਾਂ ਨੂੰ ਆਪਣੀ ਨਿੱਜੀ ਪਿਤਾ-ਪੁਰਖੀ ਮਾਲਕੀ ਮਹਿਸੂਸ ਕਰਨ ਲੱਗੇ। ਮਹੰਤਾਂ-ਪੁਜਾਰੀਆਂ ਨੇ ਗੁਰਦੁਆਰਿਆਂ ਨੂੰ ਐਸ਼-ਪ੍ਰਸਤੀ ਦੇ ਡੇਰੇ (ਅੱਡੇ) ਬਣਾ ਲਿਆ।**

ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ 'ਚ ਸਥਾਪਿਤ ਕੀਤਾ ਅਤੇ ਸ਼ਹੀਦੀ ਜੀਵਨ ਪੁਸਤਕ ਉਚੇਚੇ ਤੌਰ 'ਤੇ ਲਿਖਵਾਈ, ਜਿਸ ਵਿਚ 86 ਸ਼ਹੀਦਾਂ ਦਾ ਜੀਵਨ ਵਰਣਨ ਕੀਤਾ ਗਿਆ। ਦੇਸ਼ ਵੰਡ ਸਮੇਂ ਤਕ ਗੁਰਦੁਆਰਾ ਨਨਕਾਣਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਰਹੀ ਪਰ ਦੇਸ਼ ਦੀ ਵੰਡ ਨਾਲ ਜਿੱਥੇ ਸਿੱਖਾਂ ਦਾ ਬੇਸ਼ੁਮਾਰ ਜਾਨੀ ਤੇ ਮਾਲੀ ਨੁਕਸਾਨ ਹੋਇਆ, ਉਸ ਦੇ ਨਾਲ ਜਿੰਦ-ਜਾਨ ਤੋਂ ਪਿਆਰੇ ਗੁਰਦੁਆਰੇ-ਗੁਰਧਾਮਾਂ ਤੋਂ ਵੀ ਸਿੱਖ ਵਿਛੜ ਗਏ। ਵਿਛੋੜੇ ਦੇ ਨਾਸੂਰ ਨੂੰ ਭਰਨ ਵਾਸਤੇ ਹਰ ਸਿੱਖ ਸਵੇਰੇ-ਸ਼ਾਮ ਇਨ੍ਹਾਂ ਗੁਰਦੁਆਰਿਆਂ-ਗੁਰਧਾਮਾਂ ਦੇ ਦਰਸ਼ਨ-ਦੀਦਾਰ ਲਈ ਅਰਜ਼ੋਈ-ਜੋਦੜੀ ਕਰਦਾ ਹੈ। ਜਿਸ ਧਰਤ ਸੁਹਾਵੀ ਤੋਂ 'ਨਾਨਕ ਨਿਰਮਲ ਪੰਥ' ਦਾ ਆਗਾਜ਼ ਹੋਇਆ, ਉਸ ਧਰਤੀ ਦੇ ਜ਼ਰੇ-ਜ਼ਰੇ ਨਾਲ ਹਰ ਨਾਨਕ ਨਾਮ ਲੇਵਾ ਦੀ ਮੁਹੱਬਤ ਹੋਣੀ ਲਾਜ਼ਮੀ ਹੈ। -0-

## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...

ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।




ਵੱਲੋਂ ਅਦਾਰਾ
'ਗੁਰਮਤਿ ਵਿਰਸਾ'

# ਵੱਡਾ ਘੱਲੂਘਾਰਾ ਅਤੇ ਸਮਕਾਲੀ ਸਿੱਖ ਇਤਿਹਾਸ

**(ਸੰਨ 1762)**




ਕੈਪਟਨ ਅਵਤਾਰ ਸਿੰਘ
97819-90206


ਸੰਨ 1761 ਵਿੱਚ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਕਮਾਨ ਹੇਠ ਸਿੱਖਾਂ ਨੇ ਲਾਹੌਰ ਉੱਤੇ ਕਬਜ਼ਾ ਕੀਤਾ ਤੇ ਸਿੱਕਾ ਚਲਾਇਆ। ਉਸ ਸਾਲ ਦਿਵਾਲੀ ਦੇ ਮੌਕੇ ਤੇ, 27 ਅਕਤੂਬਰ ਸੰਨ 1761 ਨੂੰ, ਸਰਬਤ ਖ਼ਾਲਸੇ ਦਾ ਇਕੱਠ ਸ੍ਰੀ ਅੰਮ੍ਰਿਤਸਰ ਹੋਇਆ। ਗੁਰਮਤਾ ਸੋਧਿਆ ਗਿਆ ਕਿ ਅਹਿਮਦਸ਼ਾਹ ਅਬਦਾਲੀ ਦੇ ਪੱਖੀਆਂ (ਹਮਾਇਤੀਆਂ) ਦੇ ਟਿਕਾਣੇ ਸਰ ਕੀਤੇ ਜਾਣ, ਕਿਉਂਕਿ ਇਹ ਦੇਸ ਨੂੰ ਪਰਦੇਸੀ ਜੂਲੇ ਹੇਠੋਂ ਕੱਢ ਕੇ ਅਜ਼ਾਦ ਕਰਵਾਉਣ ਦੇ ਰਾਹ ਵਿਚ ਰੁਕਾਵਟਾਂ ਪਾ ਰਹੇ ਸਨ।

ਪਰਦੇਸੀ ਰਾਜ ਦਾ ਸਭ ਤੋਂ ਨੇੜੇ ਦਾ ਹਮਾਇਤੀ ਜੰਡਿਆਲੇ ਦਾ ਆਕਲਦਾਸ ਨਿਰੰਜਨੀਆ ਸੀ । ਇਹ ਸਦਾ ਹੀ ਸਿਖਾਂ ਦੇ ਵੈਰੀਆਂ ਦੀ ਹਮਾਇਤ ਕਰਦਾ ਰਿਹਾ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਸਰਬੱਤ ਖ਼ਾਲਸੇ ਦਾ ਇਹ ਫੈਸਲਾ ਆਕਲਦਾਸ ਨੂੰ ਦੱਸਿਆ। ਉਨ੍ਹਾਂ ਦਾ ਖ਼ਿਆਲ ਸੀ ਕਿ ਉਹ ਸਿੱਧਾ ਹੋ ਕੇ ਪੰਥ ਦੀ ਸ਼ਰਨ ਆਵੇਗਾ ਤੇ ਸਮਝੌਤਾ ਕਰ ਲਵੇਗਾ। ਪਰ ਉਸ ਨੇ ਤੁਰੰਤ ਅਹਿਮਦਸ਼ਾਹ ਅਬਦਾਲੀ ਨੂੰ ਚਿੱਠੀ ਲਿਖੀ ਤੇ ਸਹਾਇਤਾ ਲਈ ਬੇਨਤੀ ਕੀਤੀ।

ਅਹਿਮਦਸ਼ਾਹ ਅੱਗੇ ਹੀ ਹਿੰਦੁਸਤਾਨ ’ਤੇ ਚੜ੍ਹਿਆ ਆ ਰਿਹਾ ਸੀ। ਆਕਲਦਾਸ ਦੇ ਆਦਮੀ ਉਸ ਨੂੰ ਰੁਹਤਾਸ ਦੇ ਅਸਥਾਨ ਤੇ ਮਿਲੇ। ਉਹ ਮਾਰੋ ਮਾਰ ਕਰਦਾ ਜੰਡਿਆਲੇ ਪੁੱਜਾ। ਆ ਕੇ ਵੇਖਿਆ ਕਿ ਸਿੱਖ ਜੰਡਿਆਲੇ ਦਾ ਘੇਰਾ ਉਠਾ ਕੇ ਸਰਹਿੰਦ ਵੱਲ ਨੂੰ ਚਲੇ ਗਏ ਸਨ । ਕਾਰਨ ਇਹ ਸੀ ਕਿ ਉਹ ਚਾਹੁੰਦੇ ਸਨ ਕਿ ਆਪਣੇ ਬਾਲ ਬੱਚੇ ਤੇ ਟੱਬਰਾਂ ਕਬੀਲਿਆਂ ਨੂੰ ਹਮਲਾਵਰ ਦੇ ਰਾਹ ਤੋਂ ਲਾਂਭੇ ਕਿਸੇ ਸੁਰੱਖਿਅਤ ਥਾਂ ਤੇ ਪੁਚਾਇਆ ਜਾਵੇ ਤੇ ਫਿਰ ਉਸ ਨਾਲ ਦੋ-ਦੋ ਹੱਥ ਕੀਤੇ ਜਾਣ। ਉਨ੍ਹਾਂ ਦਾ ਇਕ ਹੋਰ ਇਰਾਦਾ ਵੀ ਸੀ। ਜੈਨ ਖ਼ਾਂ ਸੂਬਾ ਸਰਹਿੰਦ ਨੇ ਪਿੱਛੇ ਜਿਹੇ ਸ. ਦਿਆਲ ਸਿੰਘ ਬਰਾੜ ਨੂੰ ਕਤਲ ਕਰਾਇਆ ਸੀ। ਉਹ ਮਲੇਰਕੋਟਲੇ ਦੇ ਨੇੜੇ ਦੇ ਪਿੰਡਾਂ ਵਿਚ ਵਹੀਰ ਲੈ ਕੇ ਪੁੱਜੇ। ਮਲੇਰਕੋਟਲੇ ਦੇ ਹਾਕਮ ਭੀਖਨ ਖਾਂ ਨੇ ਜੈਨ ਖਾਂ ਨੂੰ ਮਦਦ ਲਈ ਲਿਖਿਆ ਅਤੇ ਨਾਲ ਹੀ ਅਹਿਮਦਸ਼ਾਹ ਨੂੰ ਵੀ ਖ਼ਬਰ ਭੇਜ ਦਿੱਤੀ।

ਅਹਿਮਦਸ਼ਾਹ ਜੰਡਿਆਲਿਓਂ ਹੋ ਕੇ ਲਾਹੌਰ ਪੁੱਜਾ ਸੀ। ਸਿੱਖਾਂ ਦੇ ਮਲੇਰਕੋਟਲੇ ਪਾਸ ਇਕੱਠੇ ਹੋਣ ਦੀ ਇਤਲਾਹ ਪੁੱਜਦਿਆਂ ਹੀ ਉਹ 3 ਫ਼ਰਵਰੀ, ਸੰਨ 1762 ਨੂੰ ਲਾਹੌਰੋਂ ਲਸ਼ਕਰ ਲੈ ਕੇ ਚੱਲ ਪਿਆ। ਬੜੀ ਤੇਜ਼ੀ ਨਾਲ ਪੰਧ ਮੁਕਾ ਕੇ 5 ਫਰਵਰੀ ਨੂੰ ਉਹ ਮਲੇਰਕੋਟਲੇ ਦੇ ਨੇੜੇ ਦੇ ਪਿੰਡ ਕੁੱਪ ਪਹੁੰਚਿਆ। ਇਥੇ ਤੀਹ ਕੁ ਹਜ਼ਾਰ ਸਿੱਖ ਆਪਣੇ ਟੱਬਰਾਂ ਤੇ ਮਾਲ ਮੱਤੇ ਸਮੇਤ ਉਤਰੇ ਹੋਏ ਸਨ। ਉਸ ਨੇ ਪਹਿਲਾਂ ਹੀ ਜ਼ੈਨ ਖ਼ਾਂ ਨੂੰ ਕਹਿ ਭੇਜਿਆ ਸੀ ਕਿ ਤੂੰ ਆਪਣੀ ਸਾਰੀ ਫੌਜ ਲੈ ਕੇ



ਸਿੱਖਾਂ ਨਾਲ ਹੋਏ ਘੱਲੂਘਾਰੇ ਜ਼ੁਲਮ ਦੇ ਖਿਲਾਫ ਅਵਾਜ਼ ਚੁੱਕਣੀ ਅਤੇ ਮੁ.ਗਲਾਂ ਨਾਲ ਹਰ ਤਰ੍ਹਾਂ ਟੱਕਰ ਲੈਣ ਕਰਕੇ ਹੀ ਵਾਪਰੇ। ਸਿੱਖ ਕੌਮ ਹਮੇਸ਼ਾਂ ਅਜ਼ਾਦੀ ਭਾਵੇਂ ਸੁਤੰਤਰਤਾ ਦੀ ਜੰਗ ਹਕੂਮਤ ਦੇ ਖਿਲਾਫ ਲੜਦੀ ਰਹੀ ਹੈ ਅਤੇ ਅੱਜ ਵੀ ਖੁਦਮੁਖਤਿਆਰੀ ਦੀ ਜੰਗ ਲੜ ਰਹੀ ਹੈ, ਤੀਜੇ ਘੱਲੂਘਾਰੇ (ਜੂਨ 1984) ਦਾ ਵੀ ਵੱਡਾ ਕਾਰਨ ਇਹ ਹੀ ਸੀ। ਹਰ ਹਕੂਮਤ ਆਪਣੇ ਵਿਰੁੱਧ ਉਠੀ ਆਵਾਜ਼ ਨੂੰ ਹਰ ਹੀਲ੍ਹੇ ਕੁਚਲ ਦੇਣਾ ਚਾਹੁੰਦੀ ਹੈ ਅਤੇ ਮੁ.ਗਲ ਸਰਕਾਰਾਂ ਨੇ ਇਹੀ ਕੀਤੀ ਸੀ। 9 ਫਰਵਰੀ 1762 ਈ. ਨੂੰ ਸਿੱਖ ਕੌਮ ਦਾ ਬਹੁਤ ਵੱਡਾ ਜਾਨੀ ਨੁਕਸਾਨ ਹੋਇਆ। ਜਿਸ ਨੂੰ ‘ਵੱਡਾ ਘੱਲੂਘਾਰਾ’ ਦਾ ਨਾਂਅ ਮਿਲਿਆ। ਇਹ ਮਲੇਰਕੋਟਲਾ ਨੇੜੇ ਪਿੰਡ ਕੁੱਪ-ਰੋਹੀੜਾ ਵਿਖੇ ਵਾਪਰਿਆ। ਸਿੱਖਾਂ ਦੇ ਅੰਦਰ ਸਵਤੰਤਰਤਾ ਦੀ ਚਿੰਗਾਰੀ ਤਾਂ ਗੁਰੂ ਨਾਨਕ ਸਾਹਿਬ ਜੀ ਦੇ ਵੇਲੇ ਤੋਂ ਹੀ ਧੁਖਣੀ ਸ਼ੁਰੂ ਹੋ ਗਈ ਸੀ, ਜੋ ਅਕਾਲ ਤਖਤ ਸਾਹਿਬ ਦੀ ਸਿਰਜਣਾ ਕਰਨ ਸਮੇਂ ਮੁ.ਗਲ ਹਕੂਮਤ ਦੇ ਬਰਾਬਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉੱਚੇ ਤਖਤ 'ਤੇ ਬੈਠਣਾ ਸ਼ੁਰੂ ਕਰ ਦਿੱਤਾ ਅਤੇ ਹਕੂਮਤ ਦੇ ਜ਼ੁਲਮ ਵਿਰੁੱਧ ਆਵਾਜ਼ ਚੁੱਕ ਦਿੱਤੀ ਸੀ। ਜਿਸ ਦੇ ਫਲਸਰੂਪ ਚਾਰ ਜੰਗਾਂ ਵੀ ਲੜਣੀਆਂ ਪਈਆਂ ਅਤੇ ਸੁਤੰਤਰਤਾ ਦੀ ਜੰਗ ਨੂੰ 1699 ਈ. ਨੂੰ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਸਾਜ ਕੇ ਹੋਰ ਪ੍ਰਚੰਡ ਕਰ ਦਿੱਤਾ।

> **ਅਹਿਮਦਸ਼ਾਹ ਜੰਡਿਆਲਿਓਂ ਹੋ ਕੇ ਲਾਹੌਰ ਪੁੱਜਾ ਸੀ। ਸਿੱਖਾਂ ਦੇ ਮਲੇਰਕੋਟਲੇ ਪਾਸ ਇਕੱਠੇ ਹੋਣ ਦੀ ਇਤਲਾਹ ਪੁੱਜਦਿਆਂ ਹੀ ਉਹ 3 ਫ਼ਰਵਰੀ, ਸੰਨ 1762 ਨੂੰ ਲਾਹੌਰੋਂ ਲਸ਼ਕਰ ਲੈ ਕੇ ਚੱਲ ਪਿਆ। ਬੜੀ ਤੇਜ਼ੀ ਨਾਲ ਪੰਧ ਮੁਕਾ ਕੇ 5 ਫਰਵਰੀ ਨੂੰ ਉਹ ਮਲੇਰਕੋਟਲੇ ਦੇ ਨੇੜੇ ਦੇ ਪਿੰਡ ਕੁੱਪ ਪਹੁੰਚਿਆ। ਇਥੇ ਤੀਹ ਕੁ ਹਜ਼ਾਰ ਸਿੱਖ ਆਪਣੇ ਟੱਬਰਾਂ ਤੇ ਮਾਲ ਮੱਤੇ ਸਮੇਤ ਉਤਰੇ ਹੋਏ ਸਨ। ਉਸ ਨੇ ਪਹਿਲਾਂ ਹੀ ਜ਼ੈਨ ਖ਼ਾਂ ਨੂੰ ਕਹਿ ਭੇਜਿਆ ਸੀ ਕਿ ਤੂੰ ਆਪਣੀ ਸਾਰੀ ਫ਼ੌਜ ਲੈ ਕੇ ਸਿੱਖਾਂ ਉਪਰ ਅਗਲੇ ਪਾਸਿਓਂ ਪਊ ਅਤੇ ਮੈਂ ਪਿਛਲੇ ਪਾਸਿਓਂ ਹੱਲਾ ਕਰਾਂਗਾ। ਅਹਿਮਦਸ਼ਾਹ ਨੇ ਆਪਣੀ ਫ਼ੌਜ ਨੂੰ ਇਹ ਹੁਕਮ ਦਿਤਾ ਸੀ ਕਿ ਹਿੰਦੁਸਤਾਨੀ ਲਿਬਾਸ ਵਿਚ ਜੋ ਵੀ ਬੰਦਾ ਟਕਰੇ ਉਸ ਨੂੰ ਪਾਰ ਬੁਲਾਇਆ ਜਾਵੇ। ਜ਼ੈਨ ਖ਼ਾਂ ਦੀ ਦੇਸੀ ਫ਼ੌਜ ਨੂੰ ਹੁਕਮ ਦਿਤਾ ਗਿਆ ਕਿ ਉਹ ਪਛਾਣ ਨਿਸ਼ਾਨੀ ਵਜੋਂ ਆਪਣੀਆਂ ਪੱਗਾਂ ਵਿਚ ਹਰੇ ਪੱਤੇ ਟੰਗ ਲੈਣ। ਕਈ ਹਜ਼ਾਰ ਸਿੱਖ ਜਿਨ੍ਹਾਂ ਵਿਚ ਬਹੁਤੇ ਬੱਚੇ ਤੇ ਜ਼ਨਾਨੀਆਂ ਸਨ, ਸ਼ਹੀਦ ਕੀਤੇ ਗਏ।**

ਸਿੱਖਾਂ ਉਪਰ ਅਗਲੇ ਪਾਸਿਓਂ ਪਊ ਅਤੇ ਮੈਂ ਪਿਛਲੇ ਪਾਸਿਓਂ ਹੱਲਾ ਕਰਾਂਗਾ। ਅਹਿਮਦਸ਼ਾਹ ਨੇ ਆਪਣੀ ਫੌਜ ਨੂੰ ਇਹ ਹੁਕਮ ਦਿਤਾ ਸੀ ਕਿ ਹਿੰਦੁਸਤਾਨੀ ਲਿਬਾਸ ਵਿਚ ਜੋ ਵੀ ਬੰਦਾ ਟਕਰੇ ਉਸ ਨੂੰ ਪਾਰ ਬੁਲਾਇਆ ਜਾਵੇ। ਜ਼ੈਨ ਖ਼ਾਂ ਦੀ ਦੇਸੀ ਫ਼ੌਜ ਨੂੰ ਹੁਕਮ ਦਿਤਾ ਗਿਆ ਕਿ ਉਹ ਪਛਾਣ ਨਿਸ਼ਾਨੀ ਵਜੋਂ ਆਪਣੀਆਂ ਪੱਗਾਂ ਵਿਚ ਹਰੇ ਪੱਤੇ ਟੰਗ ਲੈਣ। ਕਈ ਹਜ਼ਾਰ ਸਿੱਖ ਜਿਨ੍ਹਾਂ ਵਿਚ ਬਹੁਤੇ ਬੱਚੇ ਤੇ ਜ਼ਨਾਨੀਆਂ ਸਨ, ਸ਼ਹੀਦ ਕੀਤੇ ਗਏ।

ਸਿੱਖਾਂ ਉਪਰ ਇਹ ਹੱਲਾ ਅਚਨਚੇਤ ਹੋਇਆ ਸੀ ਤੇ ਉਹ ਚਾਣਚੱਕ ਕਾਬੂ ਆ ਗਏ ਸਨ। ਪਰ ਉਹ ਡਰਨ ਵਾਲੇ ਜਾਂ ਨੱਸ ਜਾਣ ਵਾਲੇ ਨਹੀਂ ਸਨ। ਸਾਰਿਆ ਨੇ ਰਲ ਕੇ ਫ਼ੈਸਲਾ ਕੀਤਾ ਕਿ ਵੈਰੀ ਦਾ ਡਟ ਕੇ ਅਖੀਰ ਸਾਹਾਂ ਤੀਕ ਟਾਕਰਾ ਕੀਤਾ ਜਾਵੇ। ਜਿਹੜੇ ਬੱਚੇ ਤੇ ਜ਼ਨਾਨੀਆਂ ਬਚ ਰਹੇ ਸਨ, ਉਨ੍ਹਾਂ ਨੂੰ ਵਿਚਕਾਰ ਕਰ ਕੇ ਸਿੱਖ ਅਗਾਂਹ ਤੁਰੇ। ਉਹ ਤੁਰਦੇ ਤੁਰਦੇ ਲੜਦੇ ਜਾਂਦੇ ਸਨ ਅਤੇ ਲੜਾਈ ਕਰਦੇ ਜਾਂਦੇ ਸਨ। ਕਦੇ ਕਦੇ ਉਹ ਠਹਿਰ ਕੇ ਪਿਛਾਂਹ ਵੈਰੀ ਉਪਰ ਜਾ ਪੈਂਦੇ ਸਨ ਅਤੇ ਚੰਗੇ ਆਹੂ ਲਾਹੁੰਦੇ ਸਨ। ਸ: ਸ਼ਾਮ ਸਿੰਘ ਕਰੋੜ ਸਿੰਘੀਆ, ਸ: ਜੱਸਾ ਸਿੰਘ ਆਹਲੂਵਾਲੀਆ ਤੇ ਸ: ਚੜ੍ਹਤ ਸਿੰਘ ਸ਼ੁਕਰਚੱਕੀਆ ਖਾਲਸਾ ਦਲ ਦੀ ਕਮਾਨ ਕਰ ਰਹੇ ਸਨ ਅਤੇ ਵਹੀਰ ਨੂੰ ਬਚਾ ਕੇ ਲਈ ਜਾ ਰਹੇ ਸਨ। ਅਹਿਮਦ ਸ਼ਾਹ ਤਾਂ ਚਾਹੁੰਦਾ ਸੀ ਕਿ ਸਿੱਖਾਂ ਨਾਲ ਬੱਝਵੀਂ ਜੰਮਵੀਂ ਲੜਾਈ ਕਰਾਂ, ਪਰ ਸਿੱਖਾਂ ਨੇ ਅਜੇਹਾ ਮੌਕਾ ਨਾ ਦਿੱਤਾ। ਉਹ ਲੜਦੇ ਭਿੜਦੇ ਪਿੰਡ ਪਿੰਡ ਹੁੰਦੇ ਅਗਾਂਹ ਤੁਰੇ ਗਏ। ਕੁਤਬੇ, ਬਾਹਮਣੀ, ਗਹਿਲ, ਤੇ ਹੋਰ ਜਿਨ੍ਹੀਂ ਥਾਈਂ ਸਿੱਖ ਲੜਦੇ ਮਰਦੇ ਪਹੁੰਚਦੇ, ਉਥੇ ਦੇ ਲੋਕ ਉਨ੍ਹਾਂ ਨੂੰ ਪਨਾਹ ਦੇਣੋਂ ਨਾਂਹ ਕਰ ਦੇਂਦੇ। ਸਗੋਂ ਕਈ ਥਾਈਂ ਤਾਂ ਲੋਕ ਵੀ ਅੱਗੋਂ ਹੱਲਾ ਬੋਲ ਦੇਣ ਅਤੇ ਕਈਆਂ ਨੂੰ ਸ਼ਹੀਦ ਕਰ ਦੇਣ। ਸਿੱਖ ਲੜਦੇ ਭਿੜਦੇ ਅਗਾਂਹ ਤੁਰੇ ਗਏ। ਉਨ੍ਹਾਂ ਦਾ ਇਰਾਦਾ ਬਰਨਾਲੇ ਪਹੁੰਚਣ ਦਾ ਸੀ ਕਿਉਂਕਿ ਉਨ੍ਹਾਂ ਨੂੰ ਬਾਬਾ ਆਲਾ ਸਿੰਘ ਪਾਸੋਂ ਸਹਾਇਤਾ ਦੀ ਆਸ ਸੀ। ਨਾਲ ਹੀ ਇਹ ਵੀ ਖਿਆਲ ਸੀ ਕਿ ਜੇ ਉਸ ਨੇ ਮਦਦ ਨਾ ਵੀ ਕੀਤੀ, ਤਾਂ ਅਗਾਂਹ ਬਠਿੰਡੇ ਰੇਤਲੇ ਜਲ-ਹੀਣ ਇਲਾਕੇ ਵਿਚ ਜਾ ਵੜਾਂਗੇ।

ਪਰ ਉਨ੍ਹਾਂ ਦੇ ਬਰਨਾਲੇ ਪਹੁੰਚਣ ਤੋਂ ਪਹਿਲਾਂ ਹੀ ਅਫ਼ਗਾਨ, ਵਹੀਰ ਦੇ ਬਾਹਰਲੇ ਰਾਖੇ ਦਲ ਨੂੰ ਚੀਰ ਕੇ ਵਹੀਰ ਉੱਪਰ ਜਾ ਪਏ। ਸ: ਚੜ੍ਹਤ ਸਿੰਘ ਤੇ ਜੱਸਾ ਸਿੰਘ ਨੇ ਬੜੀ ਮਰਦਾਨਗੀ ਨਾਲ ਵੈਰੀ ਦਲ ਦਾ ਟਾਕਰਾ ਕੀਤਾ ਅਤੇ ਲਹੂ ਲੁਹਾਣ ਹੋ ਜਾਣ ਤੇ ਵੀ ਵਹੀਰ ਨੂੰ ਬਚਾਉਣ ਦੇ ਜਤਨ ਕਰਦੇ ਰਹੇ। ਪਰ ਵੈਰੀ ਦਲ ਅਣਗਿਣਤ ਸੀ। ਅਫ਼ਗਾਨਾਂ ਨੇ ਘੱਟੋ ਘੱਟ ਦਸ ਹਜ਼ਾਰ ਸਿੱਖ-




ਮਰਦ ਤੀਵੀਆਂ ਤੇ ਬੱਚੇ ਕਤਲ ਕਰ ਦਿੱਤੇ। ਇਹ ਕਤਲਾਮ 5 ਫ਼ਰਵਰੀ ਸੰਨ 1762 ਨੂੰ ਹੋਇਆ। ਇਸ ਨੂੰ ਇਤਿਹਾਸ ਵਿਚ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ।

ਮਈ 1746 ਈ. ਵਿਚ ਕਾਹਨੂੰਵਾਨ ਦੀ ਛੰਭ ਦੇ ਸਥਾਨ 'ਤੇ ਵਾਪਰਿਆ ਉਪਰੰਤ ਘੱਲੂਘਾਰੇ ਵਿਚ ਤਕਰੀਬਨ 7-10 ਹਜ਼ਾਰ ਸਿੰਘ-ਸਿੰਘਣੀਆਂ, ਬਜ਼ੁਰਗ ਅਤੇ ਬੱਚੇ ਸ਼ਹੀਦ ਹੋਏ ਸਨ। ਐਨਾ ਵੱਡਾ ਨੁਕਸਾਨ ਹੋਣ ਉਪਰੰਤ ਵੀ ਖਾਲਸਾ ਚੜ੍ਹਦੀ ਕਲਾ ਵਿਚ ਵਿਚਰਦਾ ਰਿਹਾ। ਘੱਲੂਘਾਰੇ ਦਾ ਮਤਲਬ ਹੈ ਵੱਡੇ ਪੱਧਰ 'ਤੇ ਜਾਨ-ਮਾਲ ਦਾ ਨੁਕਸਾਨ ਹੋ ਜਾਣਾ।

ਸਿੱਖਾਂ ਨਾਲ ਹੋਏ ਘੱਲੂਘਾਰੇ ਜ਼ੁਲਮ ਦੇ ਖਿਲਾਫ ਅਵਾਜ਼ ਚੁੱਕਣੀ ਅਤੇ ਮੁਗ਼ਲਾਂ ਨਾਲ ਹਰ ਤਰ੍ਹਾਂ ਟੱਕਰ ਲੈਣ ਕਰਕੇ ਹੀ ਵਾਪਰੇ। ਸਿੱਖ ਕੌਮ ਹਮੇਸ਼ਾਂ ਅਜ਼ਾਦੀ ਭਾਵੇਂ ਸੁਤੰਤਰਤਾ ਦੀ ਜੰਗ ਹਕੂਮਤ ਦੇ ਖਿਲਾਫ ਲੜਦੀ ਰਹੀ ਹੈ ਅਤੇ ਅੱਜ ਵੀ ਖੁਦਮੁਖਤਿਆਰੀ ਦੀ ਜੰਗ ਲੜ ਰਹੀ ਹੈ, ਤੀਜੇ ਘੱਲੂਘਾਰੇ (ਜੂਨ 1984) ਦਾ ਵੀ ਵੱਡਾ ਕਾਰਨ ਇਹ ਹੀ ਸੀ। ਹਰ ਹਕੂਮਤ ਆਪਣੇ ਵਿਰੁੱਧ ਉਠੀ ਆਵਾਜ਼ ਨੂੰ ਹਰ ਹੀਲ੍ਹੇ ਕੁਚਲ ਦੇਣਾ ਚਾਹੁੰਦੀ ਹੈ ਅਤੇ ਮੁਗ਼ਲ ਸਰਕਾਰਾਂ ਨੇ ਇਹੀ ਕੀਤੀ ਸੀ। 9 ਫਰਵਰੀ 1762 ਈ. ਨੂੰ ਸਿੱਖ ਕੌਮ ਦਾ ਬਹੁਤ ਵੱਡਾ ਜਾਨੀ ਨੁਕਸਾਨ ਹੋਇਆ। ਜਿਸ ਨੂੰ 'ਵੱਡਾ ਘੱਲੂਘਾਰਾ' ਦਾ ਨਾਂਅ ਮਿਲਿਆ। ਇਹ ਮਲੇਰਕੋਟਲਾ ਨੇੜੇ ਪਿੰਡ ਕੁੱਪ-ਰੋਹੀੜਾ ਵਿਖੇ ਵਾਪਰਿਆ। ਸਿੱਖਾਂ ਦੇ ਅੰਦਰ ਸਵਤੰਤਰਤਾ ਦੀ ਚਿੰਗਾਰੀ ਤਾਂ ਗੁਰੂ ਨਾਨਕ ਸਾਹਿਬ ਜੀ ਦੇ ਵੇਲੇ ਤੋਂ ਹੀ ਧੁਖਣੀ ਸ਼ੁਰੂ ਹੋ ਗਈ ਸੀ, ਜੋ ਅਕਾਲ ਤਖਤ ਸਾਹਿਬ ਦੀ ਸਿਰਜਣਾ ਕਰਨ ਸਮੇਂ ਮੁਗ਼ਲ ਹਕੂਮਤ ਦੇ ਬਰਾਬਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉੱਚੇ ਤਖਤ 'ਤੇ ਬੈਠਣਾ ਸ਼ੁਰੂ ਕਰ ਦਿੱਤਾ ਅਤੇ ਹਕੂਮਤ ਦੇ ਜ਼ੁਲਮ ਵਿਰੁੱਧ ਆਵਾਜ਼ ਚੁੱਕ ਦਿੱਤੀ ਸੀ। ਜਿਸ ਦੇ ਫਲਸਰੂਪ ਚਾਰ ਜੰਗਾਂ ਵੀ ਲੜਣੀਆਂ ਪਈਆਂ ਅਤੇ ਸੁਤੰਤਰਤਾ ਦੀ ਜੰਗ ਨੂੰ 1699 ਈ. ਨੂੰ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਸਾਜ ਕੇ ਹੋਰ ਪ੍ਰਚੰਡ ਕਰ ਦਿੱਤਾ। ਹਕੂਮਤ ਦੇ ਨਾਲ 14 ਜੰਗਾਂ ਲੜੀਆਂ ਅਤੇ ਮੁਗ਼ਲ ਸਲਤਨਤ ਦੇ ਬਰਾਬਰ ਫੌਜ ਖੜ੍ਹੀ ਕਰ ਦਿੱਤੀ।

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਸਿੱਖ ਸ਼ਕਤੀ ਦੀ ਅਗਵਾਈ ਕੀਤੀ ਅਤੇ ਪਹਿਲਾ ਸਿੱਖ ਰਾਜ ਵੀ ਕਾਇਮ ਕੀਤਾ। 1748 ਈ. ਵਿਚ ਸਿੱਖ ਸ਼ਕਤੀ ਨੂੰ ਲਾਮਬੰਦ ਕਰਨ ਲਈ 11 ਮਿਸਲਾਂ ਇਕ ਹੋਈਆਂ ਅਤੇ ਅਪ੍ਰੈਲ 1748 ਵਿਚ ਦਲ ਖਾਲਸਾ ਦਾ ਗਠਨ ਕੀਤਾ ਗਿਆ। ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਖਾਲਸਾ ਆਜ਼ਾਦੀ ਦੀ ਜੰਗ ਲਈ ਜੂਝਦਾ ਰਿਹਾ।

-0-

# ਕਰਤਾ ਪੁਰਖ- ਤੀਜਾ ਗੁਣ ਅਕਾਲ ਪੁਰਖ ਦਾ

**ਅਕਾਲ ਪੁਰਖ ਦਾ ਤੀਜਾ ਗੁਣ ਕਿ ਉਹ ਦੁਨੀਆਂ ਨੂੰ ਪੈਦਾ ਕਰਨ ਵਾਲਾ ਹੈ ਤੇ ਪੈਦਾ ਕਰਕੇ ਆਪ ਵਿਚ ਬੈਠਾ ਹੈ। ਮਤਲਬ ਕਿ ਦੁਨੀਆਂ ਦਾ ਰੂਪ ਇਕ ਸਦੀਵ-ਨਿਯਮ ਅਨੁਸਾਰ ਸਾਕਾਰ ਹੋਇਆ ਹੈ। ਇਕ ਨਿਯਮਤ ਤਰੀਕੇ ਨਾਲ ਦੁਨੀਆਂ ਦਾ ਵਿਕਾਸ ਹੋਇਆ ਹੈ। ਇਹ ਗੁਣ ਸਾਨੂੰ ਪ੍ਰੇਰਣਾ ਦੇਂਦਾ ਹੈ ਕਿ ਜਿਸ ਤਰ੍ਹਾਂ ਰੱਬੀ ਹੁਕਮ ਵਿਚ, ਇਕ ਬੱਝਵੇਂ ਨਿਯਮ ਅਨੁਸਾਰ ਸੰਸਾਰ ਦੀ ਉਤਪਤੀ ਹੋਈ ਹੈ, ਸਾਨੂੰ ਵੀ ਨਿਯਮ ਵਿਚ ਰਹਿ ਕੇ ਉਸਾਰੂ ਸੋਚ ਨੂੰ ਜਨਮ ਦੇਣਾ ਚਾਹੀਦਾ ਹੈ। ਅਕਾਲ ਪੁਰਖ ਨੇ ਦੁਨੀਆਂ ਬਣਾਈ ਹੈ ਤੇ ਬਣਾ ਕੇ ਵਿਚ ਆਪ ਬੈਠਾ ਹੈ, ਸਾਨੂੰ ਵੀ ਹਰ ਵੇਲੇ ਚੰਗੇ ਕੰਮਾਂ ਨਾਲ ਜੁੜੇ ਰਹਿਣਾ ਚਾਹੀਦਾ ਹੈ।**



**ਮੰਗਤ ਸਿੰਘ ਰਾਹੀ**
**# 98882-91607**

ਗੁਰੂ ਨਾਨਕ ਪਾਤਸ਼ਾਹ ਜੀ ਦੇ ਦਸੇ ਮੂਲ ਮੰਤਰ ਅਨੁਸਾਰ ਪ੍ਰਭੂ ਜੀ ਦਾ ਤੀਸਰਾ ਗੁਣ ਹੈ- ਕਰਤਾ ਪੁਰਖ। ਕਰਤਾ ਭਾਵ ਬਣਾਨ ਵਾਲਾ ਤੇ ਪੁਰਖ ਦਾ ਮਤਲਬ ਬਣਾ ਕੇ ਉਸ ਕਿਰਤ ਵਿਚ ਸਮਾ ਗਿਆ ਅਰਥਾਤ ਸ੍ਰਿਸ਼ਟੀ ਦੇ ਜਰੇ ਜਰੇ ਵਿਚ ਉਹ ਪ੍ਰਭੂ ਹੀ ਸਮਾਇਆ ਹੋਇਆ ਹੈ।ਇਕ ਘੁਮਿਆਰ ਜੋ ਭਾਂਡੇ ਬਣਾਂਦਾ ਹੈ ਉਹ ਵੀ ਕਰਤਾ ਹੈ, ਭਾਂਡਿਆਂ ਦਾ ਕਰਤਾ ਹੈ ਪਰ ਉਹ ਆਪਣੇ ਬਣਾਏ ਭਾਂਡਿਆਂ ਵਿਚ ਸਮਾਇਆ ਹੋਇਆ ਨਹੀਂ ਹੈ, ਉਹ ਪੁਰਖ ਨਹੀਂ ਹੈ, ਕਰਤਾ ਤੇ ਹੈ ਪਰ ਪੁਰਖ ਨਹੀਂ ਹੈ।ਇਕ ਸੁਨਿਆਰਾ ਕਰਤਾ ਤੇ ਹੈ, ਸੋਨੇ ਦੇ ਗਹਿਣੇ ਬਣਾਂਦਾ ਹੈ ਪਰ ਉਹ ਪੁਰਖ ਨਹੀਂ ਹੈ, ਗਹਿਣੇ ਅਲੱਗ ਹਨ ਤੇ ਸੁਨਿਆਰਾ ਅਲੱਗ ਹੈ ਉਹ ਉਹਨਾਂ ਗਹਿਣਿਆਂ ਵਿਚ ਨਹੀਂ ਹੈ। ਇਕ ਮੂਰਤੀਕਾਰ ਕਰਤਾ ਤੇ ਹੈ ਉਹ ਮੂਰਤੀਆਂ ਬਣਾਂਦਾ ਹੈ ਪਰ ਉਹ ਮੂਰਤੀਆਂ ਵਿਚ ਨਹੀਂ ਹੈ ਸੋ ਪੁਰਖ ਵਿਚ ਨਹੀਂ ਹੈ। ਅਕਾਲ ਪੁਰਖ ਸ੍ਰਿਸ਼ਟੀ ਦਾ ਸਿਰਜਣ ਹਾਰ ਹੈ, ਕਰਤਾ ਹੈ ਉਹ ਆਪ ਆਪਣੀ ਰਚਨਾ ਵਿਚ ਸਮਾਇਆ ਹੋਇਆ ਵੀ ਹੈ ਸੋ ਪੁਰਖ ਵੀ ਹੈ। ਇਸ ਲਈ ਕਰਤਾ ਪੁਰਖ ਕੇਵਲ ਇਕੋ ਇਕ ਪਰਮਾਤਮਾ, ਅਕਾਲ ਪੁਰਖ, ਪ੍ਰਭੂ ਹੀ ਹੈ।

ਚੌਥੇ ਪਾਤਸ਼ਾਹ ਆਸਾ ਮਹਲਾ ੪ ਵਿਚ ਫੁਰਮਾਨ ਕਰਦੇ ਹਨ-

**ਤੂੰ ਕਰਤਾ ਸਚਿਆਰੁ ਮੈਡਾ ਸਾਂਈ॥ (11)**

ਹੇ ਪ੍ਰਭੂ ! ਤੂੰ ਸਾਰੇ ਜਗਤ ਦਾ ਰਚਨਹਾਰ ਹੈਂ। ਤੂੰ ਸਦਾ ਕਾਇਮ ਰਹਿਣ ਵਾਲਾ ਹੈਂ। ਤੂੰ ਹੀ ਮੇਰਾ ਖਸਮ ਹੈਂ।

ਅਕਾਲ ਪੁਰਖ ਦਾ ਤੀਜਾ ਗੁਣ ਕਿ ਉਹ ਦੁਨੀਆਂ ਨੂੰ ਪੈਦਾ ਕਰਨ ਵਾਲਾ ਹੈ ਤੇ ਪੈਦਾ ਕਰਕੇ ਆਪ ਵਿਚ ਬੈਠਾ ਹੈ। ਮਤਲਬ ਕਿ ਦੁਨੀਆਂ ਦਾ ਰੂਪ ਇਕ ਸਦੀਵ-ਨਿਯਮ ਅਨੁਸਾਰ ਸਾਕਾਰ ਹੋਇਆ ਹੈ। ਇਕ ਨਿਯਮਤ ਤਰੀਕੇ ਨਾਲ ਦੁਨੀਆਂ ਦਾ ਵਿਕਾਸ ਹੋਇਆ ਹੈ। ਇਹ ਗੁਣ ਸਾਨੂੰ ਪ੍ਰੇਰਣਾ ਦੇਂਦਾ ਹੈ ਕਿ ਜਿਸ ਤਰ੍ਹਾਂ ਰੱਬੀ ਹੁਕਮ ਵਿਚ, ਇਕ ਬੱਝਵੇਂ ਨਿਯਮ ਅਨੁਸਾਰ ਸੰਸਾਰ ਦੀ ਉਤਪਤੀ ਹੋਈ ਹੈ, ਸਾਨੂੰ ਵੀ ਨਿਯਮ ਵਿਚ ਰਹਿ ਕੇ ਉਸਾਰੂ ਸੋਚ ਨੂੰ ਜਨਮ ਦੇਣਾ ਚਾਹੀਦਾ ਹੈ। ਅਕਾਲ ਪੁਰਖ ਨੇ ਦੁਨੀਆਂ ਬਣਾਈ ਹੈ ਤੇ ਬਣਾ ਕੇ ਵਿਚ ਆਪ ਬੈਠਾ ਹੈ, ਸਾਨੂੰ ਵੀ ਹਰ ਵੇਲੇ ਚੰਗੇ ਕੰਮਾਂ ਨਾਲ ਜੁੜੇ ਰਹਿਣਾ ਚਾਹੀਦਾ ਹੈ। ਚੰਗੀਆਂ ਸੜਕਾਂ ਤਿਆਰ ਕਰਨੀਆਂ, ਚੰਗੇ ਹਸਪਤਾਲ, ਚੰਗੇ ਸਕੂਲ ਆਦਿ ਸਮਾਜ ਭਲਾਈ ਲਈ ਬਣਾਣੇ ਕਰਤਾਰੀ ਗੁਣ ਦੀਆਂ ਨਿਸ਼ਾਨੀਆਂ ਹਨ। ਸਭ ਤੋਂ ਪਹਿਲੇ ਤਾਂ ਸਾਨੂੰ ਆਪਣੇ ਜੀਵਨ ਦੀ ਉਸਾਰੀ ਕਰਨੀ ਹੈ ਤੇ ਫਿਰ ਸਮਾਜ ਲਈ ਉਸਾਰੂ ਸੋਚ ਰੱਖਣੀ ਹੈ। ਅਰਥਾਤ ਕਰਤਾ ਪੁਰਖ ਦੇ ਵਿਕਾਸ, ਉਸਾਰੀ ਵਾਲੇ ਗੁਣ ਸਾਡੇ ਵਿਚ ਵੀ ਆਣੇ ਚਾਹੀਦੇ ਹਨ।

ਅਸੀਂ ਦੇਖਿਆ, ਪੜ੍ਹਿਆ ਤੇ ਸੁਣਿਆ ਕਿ ਪ੍ਰਭੂ ਕਰਤਾ ਹੈ। ਉਸਨੇ ਇਹ ਸਾਰਾ ਸੰਸਾਰ ਬਣਾਇਆ, ਪਸ਼ੂ, ਪੰਛੀ, ਜੀਅ ਜੰਤ ਜਗਤ ਬਣਾਇਆ।ਹੁਣ ਜੇ ਰਬ ਕਰਤਾ ਹੈ ਤਾਂ ਸਾਨੂੰ ਵੀ ਚਾਹੀਦਾ ਹੈ ਕਿ ਅਸੀਂ ਰੱਬੀ ਗੁਣਾਂ ਨੂੰ ਅਪਨਾਈਏ, ਰਬੀ ਗੁਣਾਂ ਨੂੰ ਆਪਣੇ ਅੰਦਰ ਧਾਰਣ ਕਰੀਏ।ਪਰ ਅਸੀਂ ਕਰਤਾ ਕਿਵੇਂ ਬਣ ਸਕਦੇ ਹਾਂ? ਕਿਉਂ ਨਹੀਂ ਬਣ ਸਕਦੇ? ਜੇ ਅਸੀਂ ਵੀ ਸਮਾਜ ਲਈ ਕੁਛ ਕਰਦੇ ਹਾਂ, ਕਰਦੇ ਜਾਂਦੇ ਹਾਂ ਤਾਂ ਅਸੀਂ ਵੀ ਕਰਤਾ ਹੋ ਜਾਵਾਂਗੇ।ਜੇ ਮੈਂ ਇੰਜੀਨੀਅਰ ਹਾਂ ਤਾਂ ਕਿਸੇ ਗਰੀਬ ਦਾ ਮੁਫ਼ਤ ਘਰ ਬਣਾਂ ਦਿਆਂ, ਤਾਂ ਮੈਂ ਵੀ ਕਰਤਾ ਹੋ ਜਾਵਾਂਗਾ।ਜੇ ਟੀਚਰ ਹਾਂ, ਕਿਸੇ ਨੂੰ ਮੁਫ਼ਤ ਗਿਆਨ ਦੇ ਦੇਵਾਂ ਤਾਂ ਮੈਂ ਕਰਤਾ ਹੋ ਜਾਵਾਂਗਾ।ਕੁਛ ਤੇ ਕਰਕੇ ਜਾਵਾਂ।ਦੁਨੀਆਂ ਦਾ ਸਭ ਤੋਂ ਮੂਰਖਤਾ ਵਾਲਾ ਕੰਮ ਹੈ- ਆਪਣਾ ਜਨਮ ਦਿਨ ਆਪ ਮਨਾਉਣਾ।ਕੋਈ ਦੂਜਾ ਮਨਾਏ ਤਾਂ ਸਮਝ ਵਿਚ ਆਉਂਦਾ ਹੈ।ਅਸੀਂ ਗੁਰੂ ਸਾਹਿਬਾਨ ਦੇ ਗੁਰਪੁਰਬ ਮਨਾਉਂਦੇ ਹਾਂ, ਭਗਤਾਂ ਦੇ ਦਿਨ ਮਨਾਂਦੇ ਹਾਂ, ਮਹਾਨ ਸੂਰਮਿਆਂ ਦੇ ਦਿਨ ਮਨਾਉਂਦੇ ਹਾਂ।ਮਹਾਨ ਗੁਰਸਿਖਾਂ ਦੇ ਦਿਹਾੜੇ ਮਨਾਉਂਦੇ ਹਾਂ।ਸਾਨੂੰ ਮਨਾਉਣੇ ਚਾਹੀਦੇ ਹਨ।ਅਸੀਂ ਉਨ੍ਹਾਂ ਨੂੰ ਯਾਦ ਕਰਦੇ ਹਾਂ।ਪਰ ਆਪਣਾ ਜਨਮ ਦਿਨ ਆਪ ਮਨਾਉਣਾ ਇਸ ਗਲ ਦਾ ਸਬੂਤ ਹੈ ਕਿ ਅਸੀ ਸਮਾਜ ਲਈ ਕੋਈ ਵੀ ਚੰਗਾ ਕੰਮ ਨਹੀਂ ਕੀਤਾ।ਲੋਕਾਂ ਨੇ ਤਾਂ ਸਾਨੂੰ ਯਾਦ ਨਹੀਂ ਕਰਣਾ। ਚਲੋ, ਆਪਣਾ ਜਨਮ ਦਿਨ ਆਪ ਹੀ ਮਨਾ ਲਈਏ ਸਗੋਂ ਸਾਨੂੰ ਚਾਹੀਦਾ ਹੈ ਕਿ ਅਸੀਂ ਐਸੇ ਕੰਮ ਕਰਦੇ ਜਾਈਏ ਕਿ ਲੋਕ ਸਾਨੂੰ ਆਪ ਯਾਦ ਕਰਨ।ਅਸੀਂ ਕਰਤਾ ਹੋ ਜਾਈਏ ਰੱਬੀ ਗੁਣਾਂ ਦਾ ਕੋਈ ਅੰਸ਼ ਤਾਂ ਸਾਡੇ ਅੰਦਰ ਹੋਣਾ ਚਾਹੀਦਾ ਹੈ।ਹੁਣ ਮੈਂ ਕੀ ਕਰਾਂ? ਮੈਂ ਤਾਂ ਡਾਕਟਰ ਵੀ ਨਹੀਂ ਹਾਂ, ਇੰਜੀਨੀਅਰ ਵੀ ਨਹੀਂ ਹਾਂ, ਟੀਚਰ ਵੀ ਨਹੀਂ ਹਾਂ।ਮੈਂ ਕੀ ਕਰਾਂ? ਗੁਰੂ ਗਿਆਨ ਕਹਿੰਦਾ ਹੈ ਕਿ ਕੁਝ ਤਾਂ ਕਰਾਂ। ਜੇ ਮੈਂ ਕਿਸੇ ਨੂੰ ਮੁਫ਼ਤ ਵਿਦਿਆ ਨਹੀਂ ਦੇ ਸਕਦਾ ਤਾਂ ਘਟੋ ਘਟ ਸਚ ਤਾਂ ਦੇ ਸਕਦਾ ਹਾਂ, ਈਮਾਨਦਾਰੀ ਤਾਂ ਦੇ ਸਕਦਾ ਹਾਂ। ਸਮਾਜ ਵਿਚ ਕੁਛ ਤਾਂ ਕਰਕੇ ਜਾਵਾਂ। ਇਸ ਸਮਾਜ ਨੂੰ ਦਇਆ ਦੇ ਕੇ ਜਾਵਾਂ, ਤਾਂ ਮੈਂ ਵੀ ਕਰਤਾ ਹੋ ਜਾਵਾਂਗਾ। ਅੱਜ ਅਸੀਂ ਕਰਤਾਰਪੁਰ ਸਾਹਿਬ ਨੂੰ ਯਾਦ ਕਰਦੇ ਹਾਂ ਤਾਂ ਗੁਰੂ ਨਾਨਕ ਸਾਹਿਬ ਯਾਦ ਆ ਜਾਂਦੇ ਨੇ। ਕਿਉਂਕਿ ਕਰਤਾਰਪੁਰ ਸਾਹਿਬ ਗੁਰੂ ਨਾਨਕ ਸਾਹਿਬ ਜੀ ਦੀ ਦੇਣ ਹੈ। ਗੁਰੂ ਨਾਨਕ ਸਾਹਿਬ ਕਰਤਾ ਨੇ, ਇਕ ਮਾਡਲ ਤਿਆਰ ਕਰਕੇ ਗਏ ਕਿ ਕਿੱਦਾਂ ਦਾ ਸ਼ਹਿਰ ਹੋਣਾ ਚਾਹੀਦਾ ਹੈ ਤੇ ਜਦੋਂ ਕਰਤਾਰਪੁਰ ਸਾਹਿਬ ਨੂੰ ਯਾਦ ਕਰੀਏ ਤਾਂ ਧੰਨ ਗੁਰੂ ਨਾਨਕ ਸਾਹਿਬ ਜੀ ਯਾਦ ਆ ਜਾਂਦੇ ਨੇ। ਇਹ ਦਾ ਮਤਲਬ ਗੁਰੂ

**ਬਾਕੀ ਸਫਾ 15 'ਤੇ**

# ਅਨੰਦ ਕਾਰਜ ਜੇ ਸੱਚੀਂ ਆਦਰਸ਼ਕ ਹੋਣ ਤਾਂ !

**ਗਿ: ਕੇਵਲ ਸਿੰਘ # 9855440151** (ਸਾਬਕਾ ਜਥੇਦਾਰ, ਤਖ਼ਤ ਸ੍ਰੀ ਦਮਦਮਾ ਸਾਹਿਬ)

ਹਰ ਸਿੱਖ ਲਈ ਸਿੱਖੀ ਦੀ ਬਰਾਬਰ ਭਾਵ ਇਕ ਤਰ੍ਹਾਂ ਦੀ ਮਰਿਯਾਦਾ ਗੁਰੂ ਸਾਹਿਬ ਜੀ ਨੇ ਤੇ ਗੁਰੂ ਜੀ ਦੇ ਖ਼ਾਲਸਾ ਪੰਥ ਨੇ ਨਿਰਧਾਰਤ ਕੀਤੀ ਹੈ। ਪੰਥਕ ਤੌਰ ਤੇ ਤਿਆਰ ਕੀਤੀ ਮਰਯਾਦਾ ਨੂੰ ਸਿੱਖ ਰਹਿਤ ਮਰਯਾਦਾ ਕਿਹਾ ਜਾਂਦਾ ਹੈ। ਗੁਰੂ ਕਾਲ ਤੇ ਬਾਅਦ ਵਿਚ ਪੰਥ ਵਿੱਚ ਪ੍ਰਚਲਤ ਵੱਖ ਵੱਖ ਰਹਿਤਨਾਮਿਆਂ ਨੂੰ ਸਾਹਮਣੇ ਰੱਖ ਕੇ ਗੁਰਬਾਣੀ ਗੁਰੂ ਜੀ ਤੋਂ ਅਗਵਾਈ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬੈਠ ਬਹੁਤ ਲੰਮੀ ਵਿਚਾਰ ਚਰਚਾ ਉਪਰੰਤ ਸਿੱਖ ਜਥੇਬੰਦੀਆਂ ਦੇ ਆਗੂਆਂ ਤੇ ਸਿੱਖਾਂ ਦੀ ਰਾਏ ਲੈ ਕੇ ਤਿਆਰ ਹੋਈ ਹੈ ਸਿੱਖ ਰਹਿਤ ਮਰਿਯਾਦਾ।

ਜਿਥੋਂ ਤੱਕ ਸਿੱਖ ਰਹਿਤ ਮਰਯਾਦਾ ਦੇ ਅਮਲ ਦਾ ਸਬੰਧ ਇਹ ਬਹੁਤ ਹੀ ਘੱਟ ਸਿੱਖਾਂ ਦੇ ਹਿੱਸੇ ਆ ਰਿਹਾ ਹੈ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਹੋਇਆਂ ਟਾਂਵੇ ਸਿੱਖ ਹੀ ਕਸੌਟੀ ਤੇ ਖਰੇ ਉੱਤਰਦੇ ਹਨ।

ਅਸੀਂ ਪੁਰਾਣੇ ਸਮਿਆਂ ਦੇ ਸਿੱਖਾਂ ਦੀ ਵਿਥਿਆ ਸੁਣਦੇ ਹਾਂ ਉਹ ਕਿਵੇਂ ਸਾਦਗੀ ਤੇ ਸਹਜ ਵਿਚ ਰਹਿੰਦਿਆਂ ਜੀਵਨ ਦੇ ਅਹਿਮ ਕਾਰਜ ਕਰ ਲਿਆ ਕਰਦੇ ਸਨ। ਬਚਪਨ ਅਸੀਂ ਪਿੰਡਾਂ ਵਿਚ ਵਿਆਹ ਕਾਰਜ ਵੇਖੇ ਹਨ। ਸਾਧਨਾਂ ਦੀ ਥੁੜ ਵੀ ਬਹੁਤ ਸੀ। ਜ਼ਿਆਦਾਤਰ ਗਰੀਬੀ ਭਾਰੂ ਹੁੰਦੀ ਸੀ। ਸੱਚ ਤੇ ਇਹ ਸੀ ਬਚਪਨ ਵਿਚ ਇਹ ਮੂਰਖ ਗੁਰਮਤਿ ਗੁਰਮਰਿਯਾਦਾ ਦਾ ੳ ਅ ਵੀ ਨਹੀਂ ਸੀ ਜਾਣਦਾ। ਹਾਂ ਇਕ ਗੱਲ ਦਾਸ ਅੰਦਰ ਬਚਪਨ ਤੋਂ ਵੱਖ ਨਹੀਂ ਹੋਈ ਹੈ ਉਹ ਹੈ ਉਸ ਦੌਰ ਦੇ ਬਜ਼ੁਰਗਾਂ ਦੀ ਖਿੱਚ ਪਾਉਂਦੀ ਦਿਖ। ਸਲੀਕੇ ਭਰਪੂਰ ਸ਼ਖ਼ਸੀਅਤਾਂ ਦੀ ਭਰਮਾਰ। ਕਿਸੇ ਤੇ ਭਾਰ ਨਹੀਂ ਬਣਨਾ ਬਸ ਮਦਦ ਹੀ ਕਰਨੀ ਹੈ। ਭਾਈਚਾਰਾ ਅਤਿ ਉੱਚੇ ਦਰਜੇ ਦਾ ਹੁੰਦਾ ਸੀ।

ਸਮੇਂ ਦੇ ਗੇੜ ਨਾਲ ਪਦਾਰਥ ਦਾ ਗ਼ਲਬਾ ਵਧਿਆ ਅਕਲ ਦਾ ਪਹੀਆ ਪੁੱਠੇ ਪਾਸੇ ਘੁੰਮ ਗਿਆ। ਮੇਰੇ ਤੇਰੇ ਰਹਿਤ ਭਾਈਚਾਰਾ ਹੈਂਕੜ ਹੰਕਾਰ ਦੁਆਰਾ ਡਕਾਰ ਲਿਆ ਗਿਆ। ਪੱਲੇ ਰਹਿ ਗਿਆ ਖ਼ਾਲੀ ਖੜਕਾ ਦੜਕਾ ਤਥਾ ਆਡੰਬਰੀ ਪ੍ਰਦਰਸ਼ਨ।

ਹੁਣ ਤਾਂ ਪੈਸਾ ! ਪੈਸਾ!! ਪੈਸਾ!!! ਤੇ ਪੈਸੇ ਦਾ ਪ੍ਰਦਰਸ਼ਨ! ਹੀ ਹੈ ।

ਫਿਰ ਜਦੋਂ ਕਦੀ ਇਸ ਤਰ੍ਹਾਂ ਦੀ ਪਦਾਰਥਵਾਦੀ ਹਨੇਰੀ ਦੇ ਦੌਰ ਵਿੱਚ ਕਿੱਧਰੇ ਲੀਹ ਪਾੜ ਕੇ ਗੁਰਮਰਯਾਦਾ ਅਨੁਸਾਰ ਕਾਰਜ ਕਰਨ ਦੀ ਪਹਿਲ ਕੋਈ ਕਰਦਾ ਹੈ ਤਾਂ ਇਕ ਸੰਤੁਸ਼ਟੀ ਦਾ ਵਕਤੀ ਬੁੱਲਾ ਆਉਣ ਵਾਲੇ ਕੱਲ੍ਹ ਦੇ ਚੰਗੇ ਰੂਪ ਦੇ ਧਰਵਾਸ ਦਾ ਅਹਿਸਾਸ ਦੇ ਜਾਂਦਾ ਹੈ।

ਸਿੱਖ ਕਹਾਉਣ ਵਾਲੇ ਬਹੁਤਾਤ ਵਿੱਚ ਸਮੇਂ ਦੇ ਰੁਖ ਅਨੁਸਾਰ ਢਾਲਣ ਤੇ ਚੱਲਣ ਨੂੰ ਹੀ ਪਹਿਲ ਦੇਂਦੇ ਹਨ। ਇਸ ਕਿਰਿਆ ਨੂੰ ਭੇਡ ਚਾਲ ਆਖ ਸਕਦੇ ਹਾਂ।

ਸਿੱਖ ਨੂੰ ਗਿਆਨ ਦੀ ਸੋਝੀ ਹੋਣੀ ਬੜੀ ਜ਼ਰੂਰੀ ਹੈ ਅਤੇ ਇਸ ਗਿਆਨ ਦੀ ਰੌਸ਼ਨੀ ਵਿਚ ਤੁਰਕੇ ਹੀ ਸਿੱਖ ਨੂੰ ਸਿੱਖ ਹੋਣ ਦਾ ਮਾਣ ਨਸੀਬ ਹੋਣਾ ਹੈ।

ਇਨ੍ਹਾਂ ਸ਼ਬਦਾਂ ਦੀ ਸਾਂਝ ਪਾਉਣ ਦਾ ਆਧਾਰ ਬਣਿਆ ਹੈ ਇਹ 14 ਦਸੰਬਰ 2025 ਨੂੰ ਲੁਧਿਆਣਾ ਸ਼ਹਿਰ ਵਿਖੇ ਹੋਇਆ ਅਨੰਦ ਕਾਰਜ। ਦਾਸ ਤੇ ਆਦਰਯੋਗ ਗਿਆਨੀ ਜਗਤਾਰ ਸਿੰਘ ਜੀ ਜਾਚਕ ਉਨ੍ਹਾਂ ਦੀ ਸੁਪਤਨੀ ਬੀਬੀ ਬਲਬੀਰ ਕੌਰ ਜੀ ਅਨੰਦ ਕਾਰਜ ਅਸਥਾਨ 'ਤੇ ਗੁਰਦੁਆਰਾ ਸੁਖਮਨੀ ਸਾਹਿਬ ਦੁਗਰੀ ਸਮੇਂ ਤੋਂ ਪਹਿਲਾਂ ਪੁੱਜ ਗਏ ਸਾਂ। ਆਮ ਕਰਕੇ ਇਸ ਮੌਕੇ ਧੀ ਪਰਵਾਰ ਲਈ ਬੜਾ ਤਣਾਓ ਵਾਲਾ ਮਾਹੌਲ ਹੁੰਦਾ ਹੈ ਕਿ ਮਤਾਂ ਆਉ ਭਗਤ ਵਿਚ ਲੜਕੇ ਵਾਲਿਆਂ ਦੇ ਪਰਵਾਰ ਨੂੰ ਘਾਟ ਨ ਦਿਖਾਈ ਦੇਵੇ। ਪਰਵਾਰ ਵਾਲਿਆਂ ਦੇ ਨਿਕਟਵਰਤੀ ਵੀ ਪਰਵਾਰ ਨਾਲ ਹਮਦਰਦੀ ਦਾ ਅਹਿਸਾਸ ਲੈ ਕੇ ਮਦਦਗਾਰ ਆਣ ਬਣਦੇ ਹਨ। ਭਾਵੇਂ ਅੱਜ ਕੱਲ ਪਕਾਉਣ ਖਵਾਉਣ ਲਈ ਪ੍ਰਬੰਧ ਪੈਸੇ ਦੇ ਕੇ ਕੀਤਾ ਕਰਾਇਆ ਸਮੇਂ ਸਿਰ ਸਹੀ ਮਿਲ ਜਾਂਦਾ ਹੈ। ਫਿਰ ਵੀ ਧੀ ਵਾਲਿਆਂ ਦੇ ਮੱਥੇ 'ਤੇ ਤਣਾਓ ਬਣਿਆ ਹੀ ਰਹਿੰਦਾ ਹੈ। ਮਗਰ ਅੱਜ ਇੱਥੇ ਐਸਾ ਕੁੱਝ ਵੀ ਨਹੀਂ ਸੀ। ਇੱਥੇ ਕੁੜੀ ਵਾਲਿਆਂ ਨੇ ਅਨੰਦ ਕਾਰਜ 'ਤੇ ਆਉਣਾ ਸੀ ਤੇ ਉਨ੍ਹਾਂ ਦੀ ਸੇਵਾ ਦਾ ਫ਼ਿਕਰ ਲੜਕੇ ਵਾਲਿਆਂ ਨੂੰ ਸੀ। ਕਿਉਂਕਿ ਲੜਕੇ ਵਾਲਿਆਂ ਦਾ ਪਰਵਾਰ ਸਿੱਖ ਜਗਤ ਤੇ ਸਮਾਜ ਦਾ ਜਾਣਿਆ ਪਛਾਣਿਆ ਸਰਦਾਰ ਰਾਣਾ ਇੰਦਰਜੀਤ ਸਿੰਘ ਜੀ ਦਾ ਪਰਿਵਾਰ ਸੀ। ਅੱਜ ਬਰਾਤ ਢੁੱਕਦੀ ਕਿਸੇ ਨੇ ਨਹੀਂ ਵੇਖੀ ! ਨ ਇਕੱਠੇ ਹੋ ਕੇ ਸਮੂਹਿਕ ਰੂਪ ਵਿਚ ਆਉਂਦੇ ਦੇਖੇ । ਕਮਾਲ ਸੀ ਲੜਕੇ ਦਾ ਪਿਤਾ ਮਾਮਾ ਪਹਿਲਾਂ ਆ ਕੇ ਆਏ ਮਹਿਮਾਨਾਂ ਲਈ ਜਲ ਪਾਣੀ ਤਥਾ ਨਾਸ਼ਤੇ ਦੀ ਤਿਆਰੀ ਕਰਵਾ ਰਹੇ ਸਨ। ਲੜਕੇ ਦੀ ਮਾਤਾ ਜੀ ਵੀ ਸਤਿਸੰਗਣ ਬਣ ਕੇ



ਆਈ। ਲੜਕਾ ਸਰਦਾਰ ਸੰਗਤਰੇਨ ਸਿੰਘ ਜੀ ਬੜੇ ਸਹਿਜ ਵਿਚ ਇਕੱਲਾ ਦੁਕੱਲਾ ਗੁਰਦੁਆਰਾ ਸਾਹਿਬ ਜਲ ਪਾਣੀ ਛੱਕਣ ਵਾਲੇ ਥਾਂ 'ਤੇ ਆਇਆ। ਆਮ ਵਾਂਗ ਸਭ ਨੂੰ ਮਿਲਿਆ ਤੇ ਪਿਆਰ ਲਿਆ।

ਦੁਨਿਆਵੀ ਰਿਸ਼ਤੇਦਾਰ ਘੱਟ ਸਨ। ਸਤਿਸੰਗੀ ਗੁਰੂ ਪਿਆਰਿਆਂ ਦੀ ਭਰਮਾਰ ਸੀ। ਇਹ ਸਤਿਸੰਗੀਆਂ ਦਾ ਸਮੂਹ ਰਾਣਾ ਇੰਦਰਜੀਤ ਸਿੰਘ ਜੀ ਦੀ ਅਸਲੀ ਕਮਾਈ ਦਾ ਜਲੌਅ ਸੀ ਹਕੀਕਤ ਵਿੱਚ। ਲੁਧਿਆਣਾ ਸ਼ਹਿਰ ਦੀ ਅਤੇ ਪੰਥ ਦੀ ਦੂਰ ਦੁਰੇਡੇ ਸ਼ਾਇਦ ਹੀ ਕੋਈ ਸੰਸਥਾ ਹੋਵੇ ਜਿਸ ਨਾਲ ਇਸ ਗੁਰੂ ਪਿਆਰੇ ਦਾ ਸਹਿਚਾਰ ਨ ਬਣਿਆ ਹੋਵੇ। ਲਗਪਗ ਸਮੂਹ ਨਾਲ ਖ਼ਾਸ ਕਰਕੇ ਗੁਰਮਤਿ ਸਿਧਾਂਤਾਂ ਦੇ ਸੇਵਕਾਂ ਨਾਲ ਪੱਕੀ ਸਾਂਝ ਪਾ ਨਿਭਾਉਣ ਲਈ ਯਤਨਸ਼ੀਲ ਰਹਿੰਦੇ ਹਨ। ਇਸ ਮੌਕੇ ਤੇ ਸਿੱਖ ਵਿਦਵਾਨਾਂ ਦੀ ਪੂਰੀ ਸਭਾ ਹੀ ਲੱਗ ਗਈ ਸੀ। ਕਾਸ਼! ਐਸਾ ਮਾਹੌਲ ਪੂਰੇ ਸਿੱਖ ਕਹਾਉਣ ਵਾਲਿਆਂ ਸਭ ਦੇ ਘਰਾਂ ਵਿੱਚ ਹੋ ਜਾਵੇ।

**ਅਸੀਂ ਪੁਰਾਣੇ ਸਮਿਆਂ ਦੇ ਸਿੱਖਾਂ ਦੀ ਵਿਥਿਆ ਸੁਣਦੇ ਹਾਂ ਉਹ ਕਿਵੇਂ ਸਾਦਗੀ ਤੇ ਸਹਜ ਵਿਚ ਰਹਿੰਦਿਆਂ ਜੀਵਨ ਦੇ ਅਹਿਮ ਕਾਰਜ ਕਰ ਲਿਆ ਕਰਦੇ ਸਨ। ਬਚਪਨ ਅਸੀਂ ਪਿੰਡਾਂ ਵਿਚ ਵਿਆਹ ਕਾਰਜ ਵੇਖੇ ਹਨ। ਸਾਧਨਾਂ ਦੀ ਥੁੜ ਵੀ ਬਹੁਤ ਸੀ। ਜ਼ਿਆਦਾਤਰ ਗਰੀਬੀ ਭਾਰੂ ਹੁੰਦੀ ਸੀ। ਸੱਚ ਤੇ ਇਹ ਸੀ ਬਚਪਨ ਵਿਚ ਇਹ ਮੂਰਖ ਗੁਰਮਤਿ ਗੁਰਮਰਿਯਾਦਾ ਦਾ ੳ ਅ ਵੀ ਨਹੀਂ ਸੀ ਜਾਣਦਾ। ਹਾਂ ਇਕ ਗੱਲ ਦਾਸ ਅੰਦਰ ਬਚਪਨ ਤੋਂ ਵੱਖ ਨਹੀਂ ਹੋਈ ਹੈ ਉਹ ਹੈ ਉਸ ਦੌਰ ਦੇ ਬਜ਼ੁਰਗਾਂ ਦੀ ਖਿੱਚ ਪਾਉਂਦੀ ਦਿਖ। ਸਲੀਕੇ ਭਰਪੂਰ ਸ਼ਖ਼ਸੀਅਤਾਂ ਦੀ ਭਰਮਾਰ।ਕਿਸੇ ਤੇ ਭਾਰ ਨਹੀਂ ਬਣਨਾ ਬਸ ਮਦਦ ਹੀ ਕਰਨੀ ਹੈ। ਭਾਈਚਾਰਾ ਅਤਿ ਉੱਚੇ ਦਰਜੇ ਦਾ ਹੁੰਦਾ ਸੀ।**


ਇੱਥੇ ਜਦੋਂ ਪਿਛੋਕੜ ਝਾਤ ਮਾਰ ਕੇ ਵੇਖਦਾ ਹਾਂ ਸਭ ਕਮਾਈ ਦਾ ਕੇਂਦਰ ਸਾਡੇ ਭਾਪਾ ਜੀ ਅਕਾਲੀ ਜਗਤਾਰ ਸਿੰਘ ਜੀ ਸਿਰਸਾ ਨਿਵਾਸੀ ਹਨ। ਕੋਈ ਖ਼ਾਸ ਹੀ ਮਿੱਟੀ ਹੈ ਇਨ੍ਹਾਂ ਦੀ ਘਾੜਤ ਦੀ। ਸੱਚ ਇਹ ਹੈ ਕਿ ਵਰਤਮਾਨ ਵਿਚ ਇਸ ਸ਼ਖ਼ਸੀਅਤ ਵਰਗਾ ਲੱਭਣਾ ਚਹੁੰ ਕੁੰਟੀਂ ਚਰਾਗ ਲੈ ਕੇ ਭਾਲਣਾ ਪਵੇਗਾ। ਜ਼ਬਰਦਸਤ ਫ਼ਕੀਰ ਹਨ ਸਾਡੇ ਭਾਪਾ ਜੀ ਅਕਾਲੀ ਜਗਤਾਰ ਸਿੰਘ ਜੀ। ਇਨਾਂ ਬਾਰੇ ਜਾਣਨ ਲਈ ਇਨ੍ਹਾਂ ਦਾ ਜੀਵਨ ਬਿਰਤਾਂਤ ਪੜਨਾ ਜ਼ਰੂਰੀ ਹੈ ਜੋ ਇਨ੍ਹਾਂ ਦੇ ਪਿਆਰ ਵਾਲਿਆਂ ਲਿਖਿਆ ਹੈ।

ਗੁਰੂ ਦਰਬਾਰ ਵਿਚ ਦੀਵਾਨ ਸਜਾਇਆ ਗਿਆ। ਪਰਵਾਰ ਤੇ ਗੁਰਮਤਿ ਸੰਗੀ ਨੌਜਵਾਨ ਪੀੜ੍ਹੀ ਨੇ ਕੀਰਤਨ ਕੀਤਾ। ਭਾਈ ਸਰਬਜੀਤ ਸਿੰਘ ਜੀ ਧੂੰਦਾ ਨੇ ਅਨੰਦ ਕਾਰਜ ਸਬੰਧੀ ਸੰਖੇਪ ਬਹੁਤ ਮਹੱਤਵਪੂਰਨ ਸ਼ਬਦ ਵਿਚਾਰ ਦੀ ਸਾਂਝ ਪਾਈ। ਬਹੁਤ ਸਹਜ ਰੂਪ ਵਿਚ ਲਾਵਾਂ ਦੀ ਮਰਯਾਦਾ ਨਿਭਾਈ ਗਈ। ਲਾਵਾਂ ਦਾ ਪਾਠ ਕਰਨ ਦੀ ਸੇਵਾ ਰਾਣਾ ਇੰਦਰਜੀਤ ਸਿੰਘ ਜੀ ਦੇ ਵੱਡੇ ਸਪੁੱਤਰ ਸਰਦਾਰ ਕਵਲਨੈਨ ਸਿੰਘ ਜੀ ਨੇ ਕੀਤੀ। ਸੰਗਤ ਵਿੱਚ ਵੱਡੀ ਗਿਣਤੀ ਵਿਚ ਸਿੱਖ ਸੰਸਥਾਵਾਂ ਦੇ ਸੇਵਕਾਂ ਦਾ ਸਮੂਹ ਸੀ।

ਦਾਸ ਨੇ ਮਹਿਸੂਸ ਕੀਤਾ ਕਿ ਐਸੀ ਕੋਈ ਬਿਧਿ ਬਣੇ ਜਿਸ ਨਾਲ ਸੰਸਾਰ ਭਰ ਵਿੱਚ ਵੱਸਦੇ ਸਿੱਖ ਆਪਣੀ ਸਿੱਖ ਜੀਵਨ ਜਾਚ ਪ੍ਰਤੀ ਖ਼ਾਲਸਾ ਵਿਰਾਸਤ ਨੂੰ ਪੂਰਨ ਭਉ ਭਾਵਨੀ ਨਾਲ ਪੜ੍ਹਨ ਤੇ ਅਮਲ ਕਰਨ ਲਈ ਬੇਤਾਬ ਹੋ ਜਾਣ।ਖੁਦ ਨੂੰ ਬਤੌਰਿ ਸਿੱਖ ਦੇ ਤੌਰ ਤੇ ਸੰਸਾਰ ਸਾਹਮਣੇ ਪੇਸ਼ ਕਰਨ। ਸਾਰੇ ਸੰਸਕਾਰਾਂ ਨੂੰ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਯਾਦਾ ਅਨੁਸਾਰ ਮਨ ਕਰਕੇ ਅਪਣਾਉਣ ਨੂੰ ਧਰਮ ਮੰਨਣ ਤੇ ਚਾਈਂ ਚਾਈਂ ਨਿਰਬਾਹ ਕਰਨ। ਇਹ ਕੰਮ ਪੰਥਕ ਪੱਧਰ ਤੇ ਬਹੁਤ ਸੰਜੀਦਾ ਹੋ ਕੇ ਕਰਨ ਯੋਗ ਹੈ।

ਅਜੋਕੀ ਸਿੱਖ ਸਮਾਜ ਦੀ ਤਸਵੀਰ ਸਿੱਖੀ ਸੰਸਕਾਰਾਂ ਨੂੰ ਤੇ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਿਯਾਦਾ ਨੂੰ ਪਿੱਠ ਦਿਖਾਉਣ ਦੀ ਹੈ ਤੇ ਉਹ ਬਹੁਤ ਦੁੱਖਦਾਈ ਨਿਰਾਸ਼ਾ ਭਰਪੂਰ ਹੈ। ਕੇਵਲ ਦੁਨਿਆਵੀ ਪੱਖ ਸਾਹਮਣੇ ਰੱਖਣ ਨੂੰ ਪਹਿਲ ਦਿੱਤੀ ਜਾਂਦੀ ਹੈ ਖ਼ਾਲਸਾਈ ਮਰਯਾਦਾ ਤੇ ਧਿਆਨ ਦੇਣਾ ਬਹੁਤਾ ਯੋਗ ਨਹੀਂ ਮੰਨਿਆ ਜਾ ਰਿਹਾ। ਹਾਂ ਕੁਝ ਖਿੱਤੇ ਹਨ ਜਿੱਥੇ ਕਾਫੀ ਹੱਦ ਤੱਕ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਿਯਾਦਾ ਨੂੰ ਸਮਝਣ ਤੇ ਅਮਲਾਉਣ ਦਾ ਯਤਨ ਹੁੰਦਾ ਹੈ। ਕੁਝ ਗੁਰਮਤਿ ਪੱਖੋਂ ਜਾਗਦਾ ਸਿੱਖ ਸਮਾਜ ਹੈ। ਕੁਝ ਜਥੇਬੰਦੀਆਂ ਦੇ ਪ੍ਰਭਾਵ ਨਾਲ ਸਿੱਖੀ ਸਿਧਾਂਤਾਂ ਦੀ ਪਾਲਣਾ ਕਰਦੇ ਹਨ। ਜੰਮੂ ਕਸ਼ਮੀਰ ਦਾ ਖਿੱਤਾ ਇਸ ਪੱਖੋਂ ਬਹੁਤ ਮਾਣ ਸਤਿਕਾਰ ਦਾ ਹੱਕਦਾਰ ਹੈ। ਕਾਬਲੀ ਸਿੱਖ ਭਾਈਚਾਰੇ ਬਾਰੇ ਐਸਾ ਸੁਣਿਆ ਜਾਂਦਾ ਹੈ। ਇਸ ਪੱਖੋਂ ਸਹੀ ਕੰਮ ਕਰਨ ਲਈ ਪੂਰੇ ਪ੍ਰਚਾਰਕ ਵਰਗ ਦੀ ਪਹਿਲ ਕਦਮੀ ਬੜੇ ਸਾਰਥਿਕ ਸਿੱਟੇ ਦਿਵਾ ਸਕਦੀ ਹੈ । ਹਾਂ ਇਸ ਮਹਾਨ ਪੰਥਕ ਉਦਮ ਵਿਚ ਪਹਿਲ ਕਦਮੀ ਕੇਵਲ ਤੇ ਕੇਵਲ ਸੱਚੇ ਦਿਲੋਂ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਿਯਾਦਾ ਦੇ ਪਰਪੱਕ ਧਾਰਨੀ ਗੁਰਸਿੱਖਾਂ ਵਲੋਂ ਹੀ ਹੋਵੇ। ਇਸ ਉੱਦਮ ਵਿਚ ਦੇਰੀ ਦੀ ਗੁਜਾਇੰਸ਼ ਨਹੀਂ ਹੈ।

-0-



## ਸੂਚਨਾ

**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ ਅਤੇ ਇਸ ਨੰਬਰ 79733-70542 'ਤੇ ਵਟਸਐਪ ਕਰ ਸਕਦੇ ਹੋ।**

### ਸਫਾ 13 ਦਾ ਬਾਕੀ

ਸਫਾ 13 ਦਾ ਬਾਕੀ

ਨਾਨਕ ਸਾਹਿਬ ਕਰਤਾਰਪੁਰ ਦੇ ਵਿਚ ਸਮਾ ਗਏ, ਆਪਣੀ ਕਿਰਤ ਵਿਚ ਸਮਾ ਗਏ।

ਅੰਮ੍ਰਿਤਸਰ ਸਾਹਿਬ ਨੂੰ ਯਾਦ ਕਰੋ, ਗੁਰੂ ਰਾਮ ਦਾਸ ਜੀ ਚੇਤੇ ਆ ਜਾਂਦੇ ਨੇ। ਗੁਰੂ ਰਾਮ ਦਾਸ ਸਾਹਿਬ ਜੀ ਪੁਰਖ ਵੀ ਹੋ ਗਏ।ਕਰਤਾ ਤੇ ਸਨ ਨਗਰ ਦੇ, ਪੁਰਖ ਬਣ ਕੇ ਵਿਚੇ ਸਮਾ ਗਏ।ਅਜ ਉਸ ਸ਼ਹਿਰ ਦਾ ਨਾਂ ਲੈਂਦਿਆਂ ਧੰਨ ਗੁਰੂ ਰਾਮ ਦਾਸ ਸਾਹਿਬ ਜੀ ਯਾਦ ਆ ਜਾਂਦੇ ਨੇ।

ਆਨੰਦਪੁਰ ਸਾਹਿਬ ਨੂੰ ਯਾਦ ਕੀਤਿਆਂ ਗੁਰੂ ਗੋਬਿੰਦ ਸਿੰਘ ਜੀ ਯਾਦ ਆ ਜਾਂਦੇ ਨੇ। ਕੁਛ ਦੇ ਕੇ ਗਏ। ਗੁਰੂ ਅਰਜਨ ਪਾਤਸ਼ਾਹ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਖਜਾਨਾ ਸਾਡੀ ਝੋਲੀ 'ਚ ਪਾ ਗਏ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਪੜਦਿਆਂ ਧੰਨ ਗੁਰੂ ਅਰਜਨ ਪਾਤਸ਼ਾਹ ਯਾਦ ਆ ਜਾਂਦੇ ਨੇ। ਉਹ ਆਪਣੀ ਕਿਰਤ ਵਿਚ ਸਮਾ ਗਏ। ਕਿਰਤ ਨੂੰ ਵੇਖ ਕੇ ਕਰਤੇ ਦਾ ਯਾਦ ਆ ਜਾਣਾ ਸੁਭਾਵਕ ਹੈ ਇਸ ਦਾ ਮਤਲਬ ਹੈ ਕਿ ਕਰਤਾ ਆਪਣੀ ਕਿਰਤ ਵਿਚ ਸਮਾ ਗਿਆ ਹੈ, ਪੁਰਖ ਹੋ ਗਿਆ ਹੈ।

ਸੋ ਸਾਨੂੰ ਵੀ ਚਾਹੀਦਾ ਹੈ ਕਿ ਅਸੀਂ ਕੁਛ ਤੇ ਕਰਕੇ ਜਾਈਏ। ਲੋਕ ਸਾਡੀ ਕਿਰਤ ਨੂੰ ਵੇਖ ਕੇ ਸਾਨੂੰ ਯਾਦ ਰੱਖਣ ਕਿ ਫਲਾਣਾ ਇਹ ਕੁਛ ਕਰਕੇ ਗਿਆ ਸੀ। ਅੱਜ ਅਸੀਂ ਪਿੰਗਲਵਾੜੇ ਨੂੰ ਯਾਦ ਕਰਦੇ ਹਾਂ ਤੇ ਪਿੰਗਲਵਾੜੇ ਨੂੰ ਯਾਦ ਕਰਦਿਆਂ ਸਾਨੂੰ ਭਗਤ ਪੂਰਨ ਸਿੰਘ ਜੀ ਯਾਦ ਆ ਜਾਂਦੇ ਨੇ। ਭਗਤ ਪੂਰਨ ਸਿੰਘ ਜੀ ਕਰਤਾ ਨੇ, ਕੁਛ ਕਰਕੇ ਗਏ ਸਮਾਜ ਦੇ ਲਈ। ਉਹ ਕਰਤਾ ਬਣ ਕੇ ਪਿੰਗਲਵਾੜਾ ਮਹਾਨ ਸੰਸਥਾ ਖੜੀ ਕਰ ਗਏ। ਇਸ ਪਿੰਗਲਵਾੜੇ ਨੂੰ ਦੇਖ ਕੇ ਭਗਤ ਪੂਰਨ ਸਿੰਘ ਜੀ ਯਾਦ ਆ ਜਾਂਦੇ ਨੇ। ਉਹ ਪੁਰਖ ਵੀ ਬਣ ਗਏ, ਕਰਤਾ ਤੇ ਸੀ ਹੀ।

ਸਾਨੂੰ ਵੀ ਚਾਹੀਦਾ ਹੈ ਕਿ ਅਸੀਂ ਵੀ ਸਮਾਜ ਲਈ ਕੁਛ ਕਰਕੇ ਜਾਈਏ। ਮਿੱਠੀ ਜ਼ਬਾਨ ਹੀ ਦੇ ਜਾਈਏ, ਕਿਸੇ ਦੀ ਸੇਵਾ ਕਰ ਲਈਏ। ਕਿਸੇ ਨੂੰ ਮੁਸਕਰਾਹਟ ਦੇ ਜਾਈਏ, ਸਚਾਈ ਦੇ ਜਾਈਏ, ਈਮਾਨਦਾਰੀ ਦੇ ਜਾਈਏ। ਕੁਛ ਤੇ ਗੁਣ ਦੇ ਕੇ ਜਾਈਏ। ਫਿਰ ਅਸੀ ਵੀ ਕਰਤਾ ਪੁਰਖ ਹੋ ਜਾਵਾਂਗੇ।

**-0-**

# ਸਿੱਖ ਸੱਭਿਆਚਾਰ

## (ਅਧੋਗਤੀ ਦੇ ਕਾਰਣਾਂ ਦੀ ਨਿਸ਼ਾਨਦੇਹੀ)

**ਇੰਜੀ: ਜੋਗਿੰਦਰ ਸਿੰਘ**

ਸਿੱਖ-ਸੱਭਿਆਚਾਰ ਦੇ ਸਿਰਜਣ ਦੀ ਆਧਾਰਸ਼ਿਲਾ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ-ਪਵਿੱਤਰ ਗੁਰਬਾਣੀ ਹੈ। ਗੁਰੂ ਨਾਨਕ ਸਾਹਿਬ ਜੀ ਨੇ ਇੱਕ ਸੁਜਾਣ ਸਮਾਜ-ਵਿਗਿਆਨੀ ਵਜੋਂ ਮਨੁੱਖੀ ਜੀਵਨ-ਜਾਚ ਨੂੰ ਨਵੀਆਂ ਦਿਸ਼ਾਵਾਂ ਵੱਲ ਵਧਣ-ਫੁੱਲਣ ਦਾ ਮਾਰਗ-ਦਰਸ਼ਨ ਬਖਸ਼ਿਆ। ਉਨ੍ਹਾਂ ਨੇ ਪਾਰਬ੍ਰਹਮੁ-ਪਰਮੇਸਰੁ ਵਲੋਂ ਪ੍ਰਾਣੀ-ਮਾਤਰ ਜੀਵ-ਸੰਸਾਰ ਵਿਚੋਂ ਸਿਰਮੌਰ **ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ (374)** ਮਾਨਸ ਦੇਹੀ ਵਿਚ ਨਿਹਿਤ, ਰੱਬੀ ਗੁਣਵੱਤਾ ਤੇ ਸਮਰੱਥਾ ਦੀਆਂ ਅਖੁੱਟ ਖੂਬੀਆਂ ਨੂੰ ਉਜਾਗਰ ਕਰਾਉਣ ਦਾ ਪੈਗ਼ਾਮ,ਅਵਾਮ ਨੂੰ ਸੁਣਾਇਆ। ਉਨ੍ਹਾਂ ਜਨ-ਮਾਨਸਿਕਤਾ ਨੂੰ **ਏਕੁ ਪਿਤਾਏਕਸ ਕੇ ਹਮ ਬਾਰਿਕ॥ (611)** ਦੇ ਪਰਸਪਰ ਰਿਸ਼ਤਿਆਂ ਵਿਚਲੇ ਲੋੜੀਂਦੇ ਪ੍ਰੇਮ-ਪਿਆਰ,ਸਤਿਕਾਰ ਤੇ ਸੁਹਿਰਦਤਾ-ਭਰਪੂਰ ਭਾਵਨਾ ਨੂੰ ਵਿਕਸਿਤ ਕਰਨ ਵਾਸਤੇ ਸਿੱਖਿਆਵਾਂ ਦਾ ਪ੍ਰਚਾਰ ਕੀਤਾ। ਉਨ੍ਹਾਂ ਬਿਨਾਂ ਕਿਸੇ ਰੰਗ-ਨਸਲ, ਜਾਤ-ਪਾਤ ਜਾਂ ਵਰਣ-ਵੰਡ ਦੇ ਭੇਦਭਾਵ ਤੋਂ, ਮਾਨਵ ਸਮਾਜ ਵਿਚ ਸਥਾਪਿਤ ਹੋ ਚੁੱਕੀਆਂ ਵੰਡਾਂ-ਵਿੱਥਾਂ ਤੇ ਵਿਤਕਰਿਆਂ ਨੂੰ ਮੂਲੋਂ ਰੱਦ ਕਰਦਿਆਂ ਸਾਰਿਆਂ ਨਾਲ ਇੱਕਠਿਆਂ ਬੈਠ ਕੇ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ-**ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥ (747)** ਐਸਿਆਂ ਇਕੱਠਾਂ ਨੂੰ ਸਿੱਖ-ਸੰਗਤ ਆਖਿਆ ਗਿਆ।

ਭਾਈ ਗੁਰਦਾਸ ਜੀ ਅਨੁਸਾਰ **ਚੜ੍ਹਿਆ ਸੋਧਣਿ ਧਰਤਿ ਲੁਕਾਈ**- ਦੇਸ-ਦੇਸਾਂਤਰਾਂ ਵਿਚ ਜਿੱਥੇ-ਜਿੱਥੇ ਵੀ ਬਾਬਾ ਜੀ ਮਾਨਵ-ਧਰਮ ਦੇ ਪ੍ਰਚਾਰ ਹਿੱਤ ਪਹੁੰਚੇ,ਧਰਮਸ਼ਾਲਾਵਾਂ ਕਾਇਮ ਕੀਤੀਆਂ ਗਈਆਂ,(**ਜਿਥੇ ਬਾਬਾ ਪੈਰ ਧਰੈ ਪੂਜਾ ਆਸਣੁ ਥਾਪਣਿ ਸੋਆ॥**)(**ਵਾਰ-1, ਪਉੜੀ-27**)ਅਤੇ ਇਉਂ ਗੁਰੂ ਨਾਨਕ ਸਾਹਿਬ ਨੇ ਸਮੁੱਚੇ ਭਾਰਤੀ ਉਪ-ਮਹਾਂਦੀਪ ਤੇ ਮੱਧ ਏਸ਼ੀਆ ਤੱਕ ਪੂਰੀ ਮਖ਼ਲੂਕਾਤ ਨੂੰ ਇਕ ਨਵੇਂ ਨਿਵੇਕਲੇ ਤੇ ਨਰੋਏ ਕ੍ਰਾਂਤੀਕਾਰੀ ਸਿੱਖ-ਸੱਭਿਆਚਾਰ ਦੇ ਗਾਡੀ ਰਾਹ 'ਪਰ ਤੁਰਨਾ ਸਿਖਾਇਆ। ਪੁਰਾਤਨ ਹਵਾਲਿਆਂ ਰਾਹੀਂਸੁਣਦੇ ਹਾਂ ਕਿ ਉਨ੍ਹਾਂ ਹੀ ਹਯਾਤੀ ਵਿਚ ਹੀ ਸਿੱਖ ਸੰਗਤਾਂ ਦੀ ਗਿਣਤੀ ਕਰੋੜਾਂ ਨੂੰ ਪਹੁੰਚ ਗਈ ਸੀ। ਹਿੰਦੂਆਂ ਨੇ ਉਨ੍ਹਾਂ ਨੂੰ ਗੁਰੂ ਅਤੇ ਮੁਸਲਮਾਨਾਂ ਨੇ ਆਪਣਾ ਨਾਨਕ ਪੀਰ ਜਾਣਿਆ। ਬੁੱਧ ਧਰਮ ਦੇ ਤਿੱਬਤ ਦੇਸ਼ ਵਿਚਲੇ ਪੈਰੋਕਾਰਾਂ ਨੇ ਸਤਿਗੁਰਾਂ ਨੂੰ 'ਨਾਨਕ ਲਾਮਾ'ਆਖ ਕੇ ਸਤਿਕਾਰਿਆ। ਸਿੱਕਮ ਤੇ ਭੂਟਾਨ ਅੰਦਰ 'ਗੁਰੂ ਰਿਮਪੋਚੀਆ' ਨੇਪਾਲ ਵਿਚ 'ਨਾਨਕ ਰਿਸ਼ੀ ਅਤੇ ਸ੍ਰੀਲੰਕਾ ਵਿਚ ਗੁਰੂ ਨਾਨਕ ਨੂੰ 'ਨਾਨਕਾਚਾਰਯ' ਦੇ ਤੌਰ ਪਰ ਮੰਨਿਆ ਜਾਂਦਾ ਹੈ। ਗੁਰੂ ਨਾਨਕ ਵਿਚਾਰਧਾਰਾ 'ਪਰ ਆਧਾਰਿਤ ਸਿੱਖ-ਸੱਭਿਆਚਾਰ ਦਾ ਘੇਰਾਅਸੀਮ ਤੇ ਅਨੰਤ ਹੈ।

ਕਿਸੇ ਵੀ ਨਵੀਂ ਵਿਚਾਰਧਾਰਾ ਨੂੰ ਤਤਕਾਲੀਕ ਸਥਾਪਿਤ ਮੱਤ-ਮਤਾਂਤਰਾਂ ਵਲੋਂ, ਵਿਰੋਧਤਾ ਤਾਂ ਬਰਦਾਸ਼ਤ ਕਰਨੀ ਹੀ ਪੈਂਦੀ ਹੈ। ਸਚੁ-ਹੱਕ ਤੇ ਨਿਆਂਯੁਕਤ ਬਰਾਬਰਤਾ ਅਤੇ ਮਾਨਵੀ ਹਿੱਤਾਂ ਦੇ ਅਲੰਬਰਦਾਰ ਸਿੱਖ ਸੱਭਿਆਚਾਰ ਦੀ ਚੜ੍ਹਤ ਨੂੰ ਵੀ ਅੰਤਾਂ ਦੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ। ਪੰਡਿਤਾਂ-ਪੁਰੋਹਿਤਾਂ,ਮੁੱਲਾਂ-ਮੌਲਾਣਿਆਂ ਤੇ ਕੱਟੜਵਾਦੀ ਜ਼ਾਬਰ ਹੁਕਮਰਾਨਾਂ ਦੇ ਜ਼ੁਲਮ ਸਹਿਣੇ ਪਏ। ਹਿੰਦੁਸਤਾਨੀ ਸੰਸਕ੍ਰਿਤੀ, ਇਤਿਹਾਸ ਤੇ ਵਿਭਿੰਨ ਧਰਮ-ਦਰਸ਼ਨ ਸ਼ਾਸਤਰਾਂ ਨਾਲ ਜੁੜੀ ਭਾਰਤੀ-ਜਨਤਾ ਨੇ ਪਹਿਲੀ ਵਾਰ,ਗੁਰੂ ਅਰਜਨ ਸਾਹਿਬ ਨੂੰ ਦਿੱਤੀਆਂ ਗਈਆਂ ਬੇ-ਮਿਸਾਲ ਅਣ-ਮਨੁੱਖੀ ਸਜ਼ਾਵਾਂ ਸਹਾਰਦਿਆਂ ਵੀ ਅਡੋਲ ਸਹਿਜ-ਸ਼ਾਂਤੀ ਦੇ ਰੂਪ ਵਿਚ ਸ਼ਹਾਦਤ ਦੇ ਸੰਕਲਪ ਨੂੰ ਸਾਕਾਰ ਹੁੰਦਿਆਂ ਵੇਖਿਆ-ਪਰਖਿਆ। ਜਿਸ ਜਨੇਊ ਨੂੰ ਆਦਿ-ਗੁਰੂਨੇ ਪਹਿਨਣ ਤੋਂ ਇਨਕਾਰ ਕੀਤਾ ਸੀ,ਗੁਰੂ ਤੇਗ ਬਹਾਦਰ ਜੀ ਨੇ ਅਨਮੱਤੀਆਂਦੇ ਧਾਰਮਿਕ ਮਨੁੱਖੀ-ਅਧਿਕਾਰਾਂ ਦੀ ਰੱਖਿਆ ਵਾਸਤੇ,ਉਸੇ ਤਿਲਕ-ਜੰਜੂ ਨੂੰ ਧਿੰਗੋ-ਜ਼ੋਰੀ ਲਾਹੁਣ ਦੀ ਵਿਰੋਧਤਾ ਕਰਦਿਆਂ ਸੀਸ-ਕਟਾਉਣ ਨੂੰ ਤਰਜੀਹ ਦਿੱਤੀ। ਈਨ ਨਹੀਂ ਮੰਨੀ ਅਤੇ ਮਨੁੱਖੀ ਸਭਿਆਚਾਰ ਵਿਚ ਕਮਜ਼ੋਰ-ਨਿਤਾਣਿਆਂ ਤੇ ਪੀੜਿਤ-ਧਿਰ ਦਾ ਸਹਾਈ ਹੋਵਣ ਦਾ ਵਿਲੱਖਣ ਸਿਧਾਂਤ ਸਿਰਜਿਆ। ਸੰਸਾਰ ਦੇ ਬੇਹਤਰੀਨ ਫਲਸਫਿਆਂ,ਧਰਮਾਂ ਤੇ ਤਹਿਜ਼ੀਬਾਂ ਦੇ ਇਤਿਹਾਸ ਵਿਚ ਇਹ ਸਾਕਾ ਜਾਂ ਵਰਤਾਰਾ ਖ਼ੁਦਾਈ-ਖਿਦਮਤਗਾਰੀ ਦਾ ਇਕ ਲਾਸਾਨੀ ਜਲੌਅ ਸੀ। ਨਾਨਕਈ-ਵਿਚਾਰਧਾਰਾ ਪਰ ਆਧਾਰਿਤ ਸਿੱਖ ਸੱਭਿਆਚਾਰ ਨੇ ਹੁਣ ਤੱਕ ਸਚਿਆਰਾ ਜੀਵਨ ਜਿਊਣ ਦੀ ਜੁਗਤਿ ਬਾ-ਖੂਬੀ ਸਿੱਖ ਲਈ ਸੀ। ਗੁਰੂ ਕਿਆ ਸਿੱਖਾਂ ਨੇ ਧਾਰਮਿਕ ਸਵੈਮਾਣ,ਮਨੁੱਖੀ ਕਦਰਾਂ-ਕੀਮਤਾਂ ਅਤੇ ਅਣਖ-ਆਬਰੂ ਦੀ ਬਹਾਲੀ ਤੇ ਰਖਵਾਲੀ ਵਾਸਤੇ **ਪਹਿਲਾਮਰਣੁ ਕਬੂਲਿ ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥ (1102)**'ਦੇ ਗੁਰਬਾਣੀ ਫੁਰਮਾਨਾਂ ਨੂੰ ਸਾਕਾਰ ਕਰਨ ਵਾਸਤੇ ਪ੍ਰੇਮ ਖੇਲਣ ਕਾ ਚਾਉ-ਉਮਾਹੁ ਵਿਚ ਕਾਣਿ ਨਹੀਂ ਆਉਣ ਦਿੱਤੀ। ਭਾਈ ਮਤੀ ਦਾਸ,ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਨੇ ਸਤਿਗੁਰਾਂ ਦੇ ਸਨਮੁਖ ਅਸਹਿ ਤੇ ਅਕਹਿ ਤਸੀਹਿਆਂ ਨੂੰ ਖਿੜੇ-ਮੱਥੇ ਝਲਦਿਆਂ ਮਰਣ ਕਬੂਲਿਆ।

ਦਸਵੇਂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਸੱਭਿਆਚਾਰ ਨਾਲ ਜੁੜੀਆਂ ਸਰਬੱਤ ਸਿੱਖ ਸੰਗਤਾਂ ਨੂੰ ਭਵਿੱਖ ਵਿਚ ਹਮੇਸ਼ਾ ਲਈ ਵਿਲੱਖਣ ਤੇ ਨਿਵਕਲੀ ਪਛਾਣ ਨਿਸਚਿਤ ਕਰਦਿਆਂ ਸੰਗਠਨਾਤਮਕ ਰੂਪ ਵਿਚ 'ਖਾਲਸਾ ਪੰਥ' ਦੀ ਸਿਰਜਣਾ ਕੀਤੀ, ਇਸਤਰੀਆਂ ਨੂੰ ਕੌਰ ਤੇ ਮਰਦਾਂ ਨੂੰ ਸਿੰਘ ਰੁਤਬਿਆਂ ਨਾਲ ਸੁਸ਼ੋਭਿਤ ਕੀਤਾ। ਪਿਛੋਕੜਲੇ ਸਾਰੇ ਧਰਮਾਂ -ਕਰਮਾਂ, ਭਰਮਾਂ-ਵਹਿਮਾਂ, ਕਰਮਕਾਂਡੀ ਰੀਤਾਂ, ਜਾਤਿ-ਕੁਲ, ਵਰਣ-ਵੰਡਾਂ, ਊਚ-ਨੀਚ, ਸੁੱਚ-ਭਿੱਟ ਤੇ ਰੰਗ ਨਸਲਾਂ ਨਾਲ ਸੰਬੰਧਿਤ ਵਿਤਕਰਿਆਂ ਤੇ ਮਾਨਤਾਵਾਂ ਨੂੰ ਮੂਲੋਂ ਰੱਦ ਕਰ ਦਿੱਤਾ ਗਿਆ। ਅਵਤਾਰਵਾਦੀ ਮੂਰਤੀ-ਪੂਜਾ-ਅਰਚਨਾ, ਹਵਨ ਯੱਗਾਂ ਤੇ ਵਿਖਾਵੇ ਦੇ ਭੇਖਾਂ-ਪਖੰਡਾਂ ਤੋਂ ਸਿੱਖ-ਸਭਿਆਚਾਰ, ਪੂਰੀ ਤਰ੍ਹਾ ਮੁਕਤ ਹੋ ਗਿਆ। ਅਜਿਹੀ ਸਿਧਾਂਤਗਤ ਰਹਿਤ-ਮਰਯਾਦਾ ਰਾਹੀ ਸਿੱਖ-ਸਭਿਆਚਾਰ ਸਿੱਖ-ਕਿਰਦਾਰ ਦਾ ਅਤਿ-ਆਧੁਨਿਕ ਤੇ ਵਿਗਿਆਨਕ-ਦ੍ਰਿਸ਼ਟੀਕੋਣ ਵਾਲਾ, ਵਿਸ਼ਵ ਵਿਚ ਸਰੱਬਤ ਦੇ ਭਲੇ ਨੂੰ ਸਮਰਪਿਤ ਮਾਨਵ -ਧਰਮ ਜਾਂ ਸਿੱਖ ਸੱਭਿਆਚਾਰ ਦਾ ਸੰਕਲਪ ਤੇ ਸਰੂਪ ਨਿਸ਼ਚਿਤ ਕੀਤਾ ਗਿਆ ਹੈ।

ਨਿਰਸੰਦੇਹ ਨਵੀਂ-ਨਰੋਈ ਨਾਨਕਈ-ਵੀਚਾਰਧਾਰਾ, ਮੁੱਢ ਤੋਂ ਹੀ ਅੰਤਾਂ ਦੀਆਂ ਔਕੜਾਂ, ਔਖਿਆਈਆਂ ਅੱਤਿਆਚਾਰਾਂ ਦਾ ਸਾਹਮਣਾ ਕਰਦੀ ਆ ਰਹੀ ਹੈ। ਐਸੀਆਂ ਸਾਰੀਆਂ ਮੁਸ਼ਕਲਾਂ ਤੇ ਵਿਰੋਧੀ ਹਾਲਾਤਾਂ ਦਾ ਸਬੱਬ, ਗੈਰਾਂ ਦੀਆਂ ਦੁਸ਼ਮਣੀਆਂ, ਸ਼ਰੀਕਿਆਂ ਦੀਆਂ ਚਾਲਬਾਜ਼ੀਆਂ ਤੇ ਹੁਕਮਰਾਨਾਂ ਦੇ ਧਰਮ-ਰਾਜਨੀਤਿਕ ਮਨਸੂਬੇ ਸਨ। ਇਨ੍ਹਾਂ ਦੁਸ਼ਵਾਰ ਪ੍ਰਸਥਿਤੀਆਂ ਦਾ ਮੁਕਾਬਲਾ ਖ਼ਾਲਸਾ ਭਾਈਚਾਰੇ ਨੇ ਬੜੀ ਬਹਾਦਰੀ ਤੇ ਸਿਰੜ ਨਾਲ ਕੀਤਾ। ਬਿਲਕੁਲ ਅ-ਸਾਵੀਆਂ ਜੰਗਾਂ ਵਿਚ ਦੁਸ਼ਮਣ ਨੂੰ ਸਿੱਧੀ ਟੱਕਰ ਦਿੰਦਿਆਂ **ਮਰਣੁ ਮੁਣਸਾਂ ਸੂਰਿਆ ਹਕੁ ਹੈ (580)** ਦੇ ਸਿਧਾਂਤਕ -ਰੰਗ ਵਿਚ ਲਾਲੋ- ਲਾਲ ਹੋਏ ਗੁਰਸਿੱਖਾਂ ਨੇ 'ਸਵਾ ਲਾਖ ਸੇ ਏਕ ਲੜਾਊਂ'ਵਰਗੇ ਮਨੋਵਿਗਿਆਨਕ ਸੰਕਲਪਾਂ ਨੂੰ ਸਾਕਾਰ ਕਰ ਵਿਖਾਇਆ। ਛੋਟੇ-ਵੱਡੇ

ਘੱਲੂਘਾਰਿਆਂ ਵਿਚ ਹੋਈ ਕਤਲੋਗਾਰਤ ਤੇ ਨੇਸਤੋ-ਨਾਬੂਤ ਕਰ ਸਕਣ ਦੀਆਂ ਨੌਬਤਾਂ ਨੂੰ ਵੀ ਖ਼ਾਲਸਾ ਜੀ ਨੇ ਅਕਾਲ-ਪੁਰਖੀ ਭਾਣਾ ਮੰਨਦੀਆਂ ਸ਼ੁਕਰਾਨੇ ਦੀ ਭਾਵਨਾਤਮਕ ਅਰਦਾਸ ਕੀਤੀ ਤੇ ਚੜ੍ਹਦੀਆਂ ਕਲਾਂ ਵਿਚ ਅਗਾਹਾਂ ਕੂ ਤ੍ਰਾਂਘਦੇ ਰਹੇ।ਤੁਸੀਂ ਐਸੀਆਂ ਬਲਵਾਨ ਤੇ ਸਿਰੜੀ ਬਿਰਤੀਆਂ ਦੇ ਅਮਲ ਨੂੰ ਸਿੱਖ-ਸੱਭਿਅਚਾਰ ਦਾ ਸਿਖਰ ਆਖ ਸਕਦੇ ਹੋ।ਸਿੱਖ-ਸਮਾਜ ਨੇ ਆਪਣੇ ਸੰਗਠਾਤਮਕ-ਜਨਮ ਤੋਂ ਕੇਵਲ ਇਕ ਸ਼ਤਾਬਦੀ ਮਗਰੋਂ ਹੀ ਖ਼ਾਲਸਾ ਰਾਜ ਦੀ ਸਥਾਪਤੀ ਦੁਆਰਾ ਸਮੁੱਚੇ ਸੰਸਾਰ ਦੀ ਤੀਜੀ ਵੱਡੀ ਸ਼ਕਤੀਸ਼ਾਲੀ-ਕੌਮ ਹੋਣ ਦਾ ਨਾਮਣਾ ਖੱਟਿਆ ਹੈ।ਇਤਿਹਾਸਕ ਸੱਚਾਈ ਇਹ ਵੀ ਹੈ ਕਿ ਖ਼ਾਲਸਾ ਰਾਜ ਦੌਰਾਨ ਹੀ ਸਿੱਖ ਸਮਾਜ ਦੇ ਮੂਲਕ ਸਿਧਾਂਤਾਂ ਤੇ ਅਮਲੀ ਵਿਵਹਾਰਕਤਾ ਨੂੰ ਆਪਣੇ ਹੀ ਰਹਿਨੁਮਾਵਾਂ ਵਲੋਂ ਵੱਡੀਆਂ ਸੱਟਾਂ ਲੱਗੀਆਂ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਪ੍ਰਬੰਧ ਨਾਲ ਜੁੜੀਆਂ ਅਹੁਦੇਦਾਰੀਆਂ,ਸੁਖ-ਸੁਵਿਧਾਵਾਂ ਅਤੇ ਧਨ-ਦੌਲਤਾਂ ਦੀ ਭਾਗੀਦਾਰੀ ਦੇ ਲਾਲਚ ਵੱਸ ਆਨ-ਧਰਮੀਆਂ ਨੇ ਵੀ ਵਿਖਾਵੇ ਦੇ ਤੌਰ ਪਰ ਸਿੱਖੀ ਵੇਸ਼- ਭੂਸ਼ਾ ਨੂੰ ਅਪਣਾਅ ਲਿਆ ਅਤੇ ਸਿੱਖ ਜਨ-ਗਣਤਾ ਇਕ ਕਰੋੜ ਤੋਂ ਵੀ ਉੱਪਰ ਚੜ੍ਹ ਗਈ ਸੀ।ਮਹਾਰਾਜੇ ਦੇ ਅੱਖਾਂ ਮੀਟਦੀਆਂ ਹੀ ਬੁੱਕਲ ਚ' ਲੁਕੇ ਫਨੀਅਰ ਸੱਪਾਂ ਤੇ ਗੱਦਾਰਾਂ ਵਲੋਂ ਸ਼ੁਰੂ ਹੋਈ ਨਿੱਜੀ ਸਵਾਰਥਾਂ ਦੀ ਆਪਸੀ ਖਾਨਾਜੰਗੀ ਨੇ ਓੜਕ ਫਿਰੰਗੀਆਂ ਦੀਆਂ ਸ਼ਾਤਰ-ਚਾਲਾਂ ਨੂੰ ਕਾਮਯਾਬ ਕੀਤਾ।ਪੰਥਕ ਸ਼ਕਤੀ ਖੇਰੂੰ-ਖੇਰੂੰ ਹੋ ਗਈ,ਆਪਣੇ ਅਖਵਾਉਂਦਿਆਂ ਨੇ ਪਰਾਏ ਹੋਵਣ ਵਿਚ ਬੇ-ਸ਼ਰਮੀ ਦੀਆਂ ਹੱਦਾਂ ਤੋੜ ਸੁੱਟੀਆਂ ਅਤੇ ਅਮੀਰ ਘਰਾਣਿਆਂ ਨੇ ਈਸਾਈਅਤ ਨੂੰ ਗਲੇ ਲਗਾਉਣ ਤੇ ਨਵੇਂ ਹੁਕਮਰਾਨਾਂ ਨਾਲ ਗੰਢ -ਤਰੁੱਪ ਨੂੰ ਤਰਜੀਹ ਦੇਣ ਵਿਚ ਦੇਰ ਨਹੀਂ ਲਾਈ।

ਵਕਤ ਨੇ ਮੋੜਾ ਕੱਟਿਆ ਤੇ ਸਿੰਘ-ਸਭਾਈ ਤੇ ਅਕਾਲੀ ਲਹਿਰਾਂ ਨੇ ਸੰਗਤਾਂ ਨੂੰ ਮੁੜ ਆਪਣੇ ਮਾਨਵ-ਧਰਮ ਨੂੰ ਪਰਣਾਏ ਸਿੱਖ-ਸਭਿਆਚਾਰਦੇ ਗੌਰਵਮਈ ਵਿਰਸੇ ਨਾਲ ਜੋੜਨਾ ਸ਼ੁਰੂ ਕੀਤਾ।ਈਸਾਈ ਮਿਸ਼ਨਰੀਆਂ ਤੇ ਕੂਟਨੀਤਿਕ ਆਰੀਆ-ਸਮਾਜੀ ਪ੍ਰਚਾਰਕਾਂ ਦਾ ਵਿਚਾਰਧਾਰਾ ਪੱਧਰ ਪਰ ਡੱਟ ਕੇ ਮੁਕਾਬਲਾ ਹੋਇਆ।ਦੁਸ਼ਮਣ ਵਿਰੋਧੀ ਸ਼ਕਤੀਆਂ ਨੂੰ ਸਾਹਵੇਂ ਪਛਾਨਣ ਦੀਆਂ ਖੂਬੀਆਂ ਸਿੱਖ-ਸੱਭਿਅਚਾਰ ਵਿਚ ਮੁਢੋਂ ਮੌਜੂਦ ਸਨ।ਅਖੌਤੀ ਨੀਵੀਆਂ ਜਾਤਾਂ ਵਿਚਲੇ ਤ੍ਰਿਸਕਾਰੇ ਜਾਂਦੇ ਵਰਗ ਸਿੰਘ ਸਜੇ ਪ੍ਰੋ.ਗੁਰਮੁਖ ਸਿੰਘ ਤੇ ਗਿ.ਦਿੱਤ ਸਿੰਘ ਹੁਰਾਂ ਅਤੇ ਉਹਨਾਂ ਦੇ ਸਹਿਯੋਗੀਆਂ ਦਾ ਯੋਗਦਾਨ ਵਿਸ਼ੇਸ਼ ਵਰਨਣ ਮੰਗਦਾ ਹੈ।ਖਾਲਸਾਸ਼ਕਤੀ ਦੁਬਾਰਾ ਚੜ੍ਹਦੀਆਂ ਕਲਾਂ ਵੱਲ ਵੱਧਣ ਲੱਗੀ,ਦੇਸ਼ ਦੀ ਜੰਗੇ-ਆਜ਼ਾਦੀ ਵਿਚ ਆਪਣੀ ਛੋਟੀ ਜਿਹੀ ਘੱਟ-ਗਿਣਤੀ ਵਾਲੀ ਕੌਮ ਨੇ ਦੂਜਿਆਂ ਦੇ ਮੁਕਾਬਲੇ ਹੈਰਾਨਕੁੰਨ ਹਿੱਸਾ ਪਾਇਆ।ਅਖੀਰ ਭਾਰਤਵਰਸ਼ ਨੂੰ ਸੁਤੰਤਰਤਾ ਦੇ ਸਵੇਰੇ ਦਾ ਮੂੰਹ-ਮੱਥਾ ਚੁੰਮਣਾ ਨਸੀਬ ਹੋਇਆ ਤੇ ਇਥੋਂ ਹੀ ਸ਼ੁਰੂ ਹੁੰਦੀ ਹੈ ਸਿੱਖ ਸੱਭਿਆਚਾਰ ਦੀ ਅਧੋਗਤੀ।

ਸਿੱਖ-ਸਭਿਆਚਾਰ, ਧਰਮ-ਦਰਸ਼ਨ, ਨੈਤਿਕ ਕਦਰਾਂ-ਕੀਮਤਾਂ, ਮਾਣ-ਮਰਯਾਦਾਵਾਂ ਤੇ ਅਣਖ-ਆਬਰੂ ਦੇ ਘਾਣ ਲਈ ਪਰਤੱਖ ਕਾਰਣਾਂ ਦੀ ਨਿਸ਼ਾਨਦੇਹੀ ਕਰਨੀ ਅਤੀ ਅਵੱਸ਼ਕ ਹੈ।ਘਾਤਕ ਰੋਗ ਦੀ ਜੇ ਸਮਾਂ ਰਹਿੰਦਿਆਂ ਪਛਾਣ ਕਰ ਲਈ ਜਾਵੇ ਤਾਂ ਲੋੜੀਂਦਾ ਉਪਚਾਰ ਤੇ ਸਹੀ ਦਵਾ-ਦਾਰੂ ਦੇ ਨਾਲ-ਨਾਲ ਲੋੜੀਂਦੇ ਪਹਿਰੇਜਾਂ ਦੁਆਰਾ ਨਿਯਮਤ ਇਲਾਜ,ਸਿਹਤਯਾਬੀ ਨੂੰ ਮੋੜ ਲਿਆਉਂਦਾ ਹੈ।ਕੌਮਾਂ ਦੀਆਂ ਤ੍ਰਾਸਦੀਆਂ ਦਾ ਉਪਚਾਰ ਤਾਂ ਸੁਜਾਣ ਆਗੂਆਂ ਦੀ ਇਮਾਨਦਾਰੀ ਤੇ ਦ੍ਰਿੜ੍ਹਤਾ ਵਾਲੀ ਗੰਭੀਰ ਸੋਚਣੀ ਅਤੇ ਪੈਰੋਕਾਰਾਂ ਦੀ ਜਨ-ਸ਼ਕਤੀ ਉੱਤੇ ਹੀ ਨਿਰਭਰ ਕਰਦਾ ਹੈ।ਜੇ ਜਮਾਤਾਂ,ਸੰਸਥਾਂਵਾਂ ਤੇ ਸੰਗਠਨਾਂ ਦੀ ਅਗਵਾਈ ਕਰਦੇ ਰਹਿਨੁਮਾ ਜਥੇਦਾਰ ਹੀ ਵਿਚਾਰਧਾਰਕ ਤੇ ਨਿਸ਼ਚਿਤ ਸੱਭਿਆਚਾਰਕ ਮੁੱਦਿਆਂ ਨਾਲ ਸਿਧਾਂਤਕ ਦ੍ਰਿੜ੍ਹਤਾ ਅਤੇ ਜਜ਼ਬਾਤੀ ਪੱਧਰ ਉੱਤੇ ਜੁੜੇ ਨਾਂਹ ਹੋਵਣ ਤਾਂ ਕੌਮੀ-ਵਿਕਾਸ ਤੇ ਇੱਛਤ ਚੜ੍ਹਦੀ ਕਲਾ ਦੀਆਂ ਸੰਭਾਵਨਾਵਾਂ ਨੂੰ ਬੂਰ ਨਹੀਂ ਪੈਂਦਾ।ਬ੍ਰਾਹਮਣਵਾਦੀ ਗੁੱਝੀਆਂ ਸਾਜਸ਼ੀ ਵਿਉਂਤਬੰਦੀਆਂ ਤੇ ਮੌਕਾਪ੍ਰਸਤ ਲੀਡਰਾਂ ਦੀਆਂ ਸਵਾਰਥੀ ਮਿਲੀ-ਭੁਗਤਾਂ ਨੂੰ ਫਿਰ ਕਿਸੇ ਸਮੇਂ ਨਸ਼ਰ ਕਰਨ ਲਈ ਛੱਡਦਿਆਂ,ਅੱਜ ਇਕ ਫੌਰੀ-ਮਹੱਤਵਪੂਰਣ ਮੁੱਦੇ ਬਾਰੇ ਚਰਚਾ ਕਰਨੀ ਚਾਹਾਂਗੇ ਜਿਸ ਵਾਸਤੇ ਅਸੀ ਖ਼ੁਦ ਹੀ ਜ਼ਿੰਮੇਵਾਰ ਹਾਂ।ਆਪਣੇ ਪੈਰੀ ਆਪ ਹੀ ਕੁਹਾੜਾ ਮਾਰ ਰਹੇ ਹਾਂ।ਪਾਠਕਾਂ ਦੇ ਧਿਆਨ ਗੋਚਰੇ ਦੱਸਿਆ ਜਾਂਦਾਂ ਹੈ ਕਿ ਸੰਨ 1975 ਵਿਚ ਭਾਰਤਵਰਸ਼ ਦੀ ਲਗਭਗ ਸੱਤਰ ਕਰੋੜ ਆਬਾਦੀ ਵਿਚੋ ਸਿੱਖਾਂ ਦੀ ਗਿਣਤੀ ਦੋ ਕਰੋੜ ਆਂਕੀ ਜਾਂਦੀ ਸੀ।ਯਾਨਿ ਕਿ ਗੁਰੂ ਨਾਨਕ ਵਿਚਾਰਧਾਰਾ ਤੇ ਆਧਾਰਿਤ ਸਿੱਖ-ਸੱਭਿਆਚਾਰ ਨਾਲ ਜੁੜੇ ਭਾਰਤੀਆਂ ਦੀ ਵਸੋਂ ਤਿੰਨ ਪ੍ਰਤੀਸ਼ਤ ਬਣਦੀ ਸੀ।ਹੁਣ ਹਿੰਦੁਸਤਾਨ ਦੀ ਆਬਾਦੀ ਵੱਧ ਕੇ ਸਵਾ ਸੌ ਕਰੋੜ ਨੂੰ ਪੁੱਜ ਚੁੱਕੀ ਹੈ।ਸਿੱਖ ਭਾਈਚਾਰੇ ਦੀ ਗਿਣਤੀ ਵਧਣ ਦੀ ਬਜਾਏ ਘਟ ਕੇ ਡੇਢ ਕਰੋੜ ਰਹਿ ਗਈ ਹੈ।ਸਾਫ਼ ਜ਼ਾਹਿਰ ਹੈ ਕਿ ਸਿੱਖ ਅੱਜ ਦੇਸ਼ ਦੇ 100 ਨਾਗਰਿਕਾਂ ਵਿਚੋਂ 1.2 ਹੀ ਬਚੇ ਹਨ।ਇਸ ਡੇਢ ਕਰੋੜ ਵਿਚ ਸਿਰ-ਮੂੰਹ ਮੁਨਾ ਕੇ ਘੋਨ-ਮੋਨ ਹੋ ਚੁੱਕਿਆ, ਵਿਚਾਰਧਾਰਾ ਸਾਂਝ ਤੋਂ ਵਿਛੜ ਕੇ ਪ੍ਰਮਾਤਮ-ਹੋਂਦ ਤੋਂ ਹੀ ਮੁਨਕਰ ਹੋਏ ਨਾਸਤਿਕਾਂ ਤੇ ਕੱਟੜ-ਹਿੰਦੂਤਾਵੀ ਸ੍ਰੋਤ ਨਾਲ ਜੁੜੀ ਰਾਸ਼ਟਰੀ ਸਿੱਖ-ਸੰਗਤ ਵਾਲਿਆਂ ਨੂੰ ਵੀ ਸ਼ਮੂਲੀਅਤ ਹਾਸਿਲ ਹੈ।ਤੁਸੀਂ ਆਪ ਹੀ ਅੰਦਾਜ਼ਾ ਲਗਾ ਸਕਦੇ ਹੋ ਕਿ ਸਿੱਖ-ਸਭਿਆਚਾਰ ਨੂੰ ਪ੍ਰਤਿਬੱਧ ਗੁਰਸਿੱਖਾਂ ਦੀ ਸੰਖਿਆ-ਸਮੱਰਥਾ ਕਿਹੜੀਆਂ ਢਹਿੰਦੀਆਂ ਕਲਾਂ ਦੇ ਰਾਹੇ ਤੇਜ਼ੀ ਨਾਲ ਵਧ ਰਹੀ ਹੈ।

'ਪੰਜਾਬ ਵਸਦਾ ਗੁਰਾਂ' ਦੇ ਨਾਂ 'ਤੇ'ਵਿਚ ਸਿੱਖ 70% ਸਨ ਜੋ ਅੱਜ ਘਟ ਕੇ ਮਹਿਜ਼ 50% ਕਹੇ ਜਾ ਸਕਦੇ ਹਨ।ਜੇ ਇਹੋ ਰਫਤਾਰ ਰਹੀ ਤਾਂ ਆਉਂਦੇ 50-100 ਸਾਲਾਂ ਮਗਰੋਂ ਤੁਹਾਡੀ ਵਿਲੱਖਣ ਪਹਿਚਾਣ ਦਾ ਕੀ ਹਸ਼ਰ ਹੋਵੇਗਾ? ਭਾਰਤੀ ਗਣਤੰਤਰ ਵਿਚ ਤੁਹਾਡਾ ਕੀ ਮਹੱਤਵ ਬਚੇਗਾ? ਰਾਜ-ਭਾਗਤਾਂ ਭੁੱਲ ਹੀ ਜਾਵੋ,ਤੁਹਾਡਾ ਮਾਣ-ਸਨਮਾਨ,ਤੁਹਾਡੀ ਅਣਖ-ਆਬਰੂ,ਜਿਸਮਾਨੀ ਤੇ ਧਨ-ਸੰਪਦਾ ਦੀ ਸੁਰੱਖਿਆ ਬਾਰੇ ਸੋਚਦਿਆਂ,ਕੀ ਤੁਹਾਡੀ ਮਾਨਸਿਕਤਾ ਵਿਚਲਿਤ ਨਹੀਂ ਹੋ ਉੱਠਦੀ? ਦਿਲਾਂ ਨੂੰ ਕੰਬਣੀ ਨਹੀਂ ਛਿੜਦੀ? ਇਹ ਸਤਰਾਂ ਕੇਵਲ ਤੁਹਾਨੂੰ ਘੂਕ-ਸੁੱਤੇ ਹੋਇਆਂ ਨੂੰ ਹਲੂਣ ਕੇ ਜਗਾਉਣ ਤੇ ਆਪਣੇ ਭਵਿੱਖ ਬਾਰੇ ਸੋਚਣ ਵਿਚਾਰਨ ਦੇ ਉਦੇਸ਼ ਨਾਲ ਲਿਖੀਆਂ ਜਾ ਰਹੀਆਂ ਹਨ।ਇਸ ਨੂੰ ਕਿਸੇ ਦੂਜੇ ਫਿਰਕੇ ਨਾਲ ਲਾਗਤ-ਬਾਜ਼ੀ ਜਾਂ ਈਰਖਾ-ਦਵੈਸ਼ ਹੋਣ ਦਾ ਭੁਲੇਖਾ ਕਤਈ ਨਹੀਂ ਸਮਝਿਆ ਜਾਣਾ ਚਾਹੀਦਾ।'**ਨਾ ਕੋਈ ਹਿੰਦੂ ਨਾ ਕੋਈਮੁਸਲਮਾਨ**' ਸਿੱਖ ਧਰਮ ਦੇ ਬਾਨੀ,ਗੁਰੂ ਨਾਨਕ ਸਾਹਿਬ ਜੀ ਦਾ ਸਾਰਿਆਂ ਲੋਕਾਂ ਨੂੰ ਪਹਿਲਾਂ ਤੇ ਮੁਢਲਾ ਹੋਕਾ ਸੀ,ਭਾਵ ਸਾਰੇ ਮਨੁੱਖ ਰੱਬ ਦੇ ਇਕੋ-ਜਿਹੇ ਬਰਾਬਰ ਦੇ ਧੀਆਂ-ਪੁੱਤਰ ਹਨ।ਸਿੱਖ-ਸਭਿਆਚਾਰ ਸੰਸਾਰ ਦੀ ਤਹਿਜ਼ੀਬਾਂ ਤੇ ਸੱਭਿਆਤਾਵਾਂ ਦੀ ਸਾਂਝੀ ਸੁਹਿਰਦ ਸਹਿਹੋਂਦ ਵਿਚ ਵਿਸ਼ਵਾਸ ਰੱਖਦਾ ਹੈ।ਸਾਡਾ ਉਦੇਸ਼ ਵਿਸ਼ਵ ਸ਼ਾਤੀ ਤੇ ਮਨੁੱਖਤਾ ਦੀ ਖ਼ੁਸ਼ਹਾਲੀ ਲਈ ਲੋੜੀਂਦੇ,ਇਸ ਸੱਭਿਆਚਾਰ ਨੂੰ ਵਧਦੇ ਫੂਲਦੇ ਦੇਖਣਾ ਹੈ ਸਿੱਖ ਧਰਮ,ਸੱਭਿਆਚਾਰ ਤੇ ਸ਼ਾਨਾਮੱਤੇ ਵਿਰਸੇ ਦੇ ਅਜੋਕੇ ਵਾਰਸਾਂ ਨੇ ਪਰਿਵਾਰ ਨਿਯੋਜਨ ਦੀ ਸਕੀਮ ਨੂੰ ਅਮਲੀ ਤੌਰ ਪਰ ਪੂਰੀ ਤਰ੍ਹਾਂ ਅਪਣਾਅ ਲਿਆ ਹੈ।ਆਮ ਆਖਿਆ ਜਾਂਦੈ ਬਈ ਵੱਡੇ ਪਰਿਵਾਰਾਂ ਵਾਲੇ ਆਪਣੇ ਬੱਚਿਆਂ ਦਾ ਸਹੀ ਪਾਲਣ-ਪੋਸ਼ਣ ਤੇ ਉਨ੍ਹਾਂ ਨੂੰ ਉਚੇਰੀ ਵਿੱਦਿਆ ਹਾਸਿਲ ਕਰਨ ਲਈ ਲੋੜੀਂਦੀਆਂ ਸਹੂਲਤਾਂ ਮੁਹੱਈਆ ਨਹੀਂ ਕਰਵਾ ਸਕਣਗੇ।ਸ਼ਾਇਦ ਚੰਗੇਰੀ ਪੌਸ਼ਟਿਕ ਖੁਰਾਕ ਤੇ ਸਿਹਤ ਸੇਵਾਵਾਂ ਵੀ ਉਪਲਬਧ ਨਾ ਹੋਣ।ਇਸ ਕਰਕੇ ਅਮੀਰਾਨਾ ਠਾਠ-ਬਾਠ ਤੇ ਆਧੁਨਿਕ ਜੀਵਨ-ਸ਼ੈਲੀ ਦੀਆਂ ਸਹੂਲਤਾਂ ਮਾਣਨ ਵਾਸਤੇ ਘਰ-ਪਰਿਵਾਰ ਨੂੰ ਕੇਵਲ ਇਕੋ ਬੱਚਾ ਹੀ ਜਾਂ ਵੱਧ ਤੋਂ ਵੱਧ ਹਮ ਦੋ ਹਮਾਰੇ ਦੋ' ਤੱਕ ਹੀ ਸੀਮਿਤ ਕਰ ਲੈਣਾ,ਆਮ ਲੋਕਾਂ ਵਲੋਂ ਮੰਨ ਲਿਆ ਗਿਆ ਹੈ।ਅਜਿਹੀ ਸੋਚਣੀ ਸਾਡੇ ਗ੍ਰਿਹਿਸਤੀ-ਜੀਵਨ,ਸਮਾਜਿਕ-ਪ੍ਰਤਿਸ਼ਠਾ ਤੇ ਰਾਜਸੀ ਸਰੋਕਾਰਾਂ ਵਾਸਤੇ ਨੁਕਸਾਨਦੇਹ ਤੇ ਘਾਤਕ ਨਤੀਜਿਆਂ ਦਾ ਸਬੱਬ ਬਣਦੀ ਜਾ ਰਹੀ ਹੈ।ਤੁਸੀ ਸ਼ਾਇਦ ਸੋਚਦੇ ਹੋਵੋਗੇ ਕਿ ਕੇਵਲ ਇਕ ਬੱਚੇ ਨੂੰ ਜਨਮ ਦੇਣ ਨਾਲ ਤੁਸੀਂ ਆਪਣੀ ਜੱਦੀ ਜ਼ਮੀਨ-ਜਾਇਦਾਦ ਦੇ ਬਟਵਾਰੇ ਤੋਂ ਬਚੇ ਰਹੋਗੇ,ਵਪਾਰਕ ਘਰਾਣਿਆਂ ਤੇ ਹੱਟੀ-ਵੱਟੀ ਕਰਨ ਵਾਲਿਆਂ ਦੀ ਧੰਨ-ਸੰਪਦਾ ਦੀਆਂ ਵੰਡੀਆਂ ਨਹੀਂ ਪੈਣਗੀਆਂ ਅਤੇ ਤੁਸੀਂ

ਆਪਣੀ ਤੇ ਆਪਣੀ ਇਕੋ-ਇਕ ਔਲਾਦ ਦੀ ਜ਼ਿੰਦਗੀ ਨੂੰ ਭਰਪੂਰ ਖ਼ੁਸ਼ੀਆਂ ਨਾਲ ਭਰ ਸਕੋਗੇ। ਸਾਡੀ ਰਾਇ ਵਿਚ ਤੁਸੀਂ ਵੱਡੇ ਭਰਮ-ਜਾਲ ਵਿਚ ਫਸ ਚੁੱਕੇ ਹੋ ਜਾਂ ਤੁਹਾਨੂੰ ਦੋਖੀਆਂ ਵਲੋਂ ਖਾਮ-ਖਿਆਲੀ ਦੀ ਹਰਚੰਦਓਰੀ ਵਰਗੀ ਘੁੰਮਣਘੇਰੀ ਵਿਚ ਸਫ਼ਲਤਾ ਨਾਲ ਧੱਕਿਆ ਗਿਆ ਹੈ,ਪਰ ਦੋਹਾਂ ਸਥਿਤੀਆਂ ਲਈ ਤੁਸੀਂ ਆਪੂੰ,ਬਜ਼ਾਤੇ ਖ਼ੁਦ ਜ਼ਿੰਮੇਵਾਰ ਹੋ। ਚੰਗੇਰੀ ਖੇਤੀਬਾੜੀ ਜਾਂ ਵਪਾਰਕ ਅਦਾਰਿਆਂ ਦੀ ਸਾਂਭ-ਸੰਭਾਲ ਇੱਕਲੇ-ਕਾਰੇ ਬੰਦੇ ਲਈ ਸੰਭਵ ਹੀ ਨਹੀਂ। ਤਨਖਾਹਦਾਰ ਮੈਨੇਜਰਾਂ, ਮੁਲਾਜ਼ਮਾਂ ਤੇ ਦਿਹਾੜੀਦਾਰਾਂ ਤੋਂ ਬਿਨਾਂ ਕੰਮ-ਧੰਦਾ ਚੱਲ ਹੀ ਨਹੀਂ ਸਕਦਾ ਤੇ ਉਨ੍ਹਾਂ ਸਾਰਿਆਂ ਸਹੂਲਤਾਂ ਦੇਣੀਆਂ ਪੈਂਦੀਆਂ ਹਨ।ਕੀ ਅਸੀਂ ਆਪਣੀ ਔਲਾਦ ਨਾਲੋਂ ਨੌਕਰਾਂ ਨੂੰ ਵਧੇਰਾ ਇਮਾਨਦਾਰ ਤੇ ਫ਼ਰਮਾਬਰਦਾਰ ਸਮਝਣ ਲੱਗ ਪਏ ਹਾਂ?ਜੇ ਸਾਡੇ ਆਪਣੇ ਧੀਆਂ-ਪੁੱਤਰ ਹਰ ਤਰ੍ਹਾਂ ਦੀਆਂ ਛੋਟੀਆਂ-ਵੱਡੀਆਂ ਕਾਰੋਬਾਰੀ ਜ਼ਿੰਮੇਵਾਰੀਆਂ ਨੂੰ ਸੰਭਾਲ ਲੈਣ ਤਾਂ ਇਸ ਵਿਚ ਘਾਟੇਵੰਦੀ ਵਾਲੀ ਕਿਹੜੀ ਗੱਲ ਹੈ।ਕੀ 1947 ਦੀ ਦੇਸ਼-ਵੰਡ ਵੇਲੇ ਲੁੱਟੇ-ਪੁੱਟੇਆਏ ਲੋਕ ਹੁਣ ਖ਼ੁਸ਼ਹਾਲ ਜ਼ਿੰਦਗੀ ਨਹੀਂ ਜੀਅ ਰਹੇ? ਕੀ ਅਨਪੜ੍ਹ ਜਾਂ ਅਧਪੜ੍ਹ ਮਿਹਨਤੀ, ਜਿਨ੍ਹਾਂ ਪਹਿਲੋਂ ਛੋਟਾ-ਮੋਟੇ ਕੰਮਾਂ ਤੋਂ ਸ਼ੁਰੂਆਤ ਕੀਤੀ,ਸਮਾਂ ਪਾ ਕੇ ਵੱਡੇ ਵਪਾਰੀ ਨਹੀਂ ਬਣੇ? ਮਾਮੂਲੀ ਕਬਾੜੀਆਂ ਦਾ ਧੰਦਾ ਪਿੱਟਦੀਆਂ ਨੂੰ,ਕੀ ਤੁਸੀਂ ਹੁਣ ਵੱਡੇ ਕਾਰਖ਼ਾਨੇਦਾਰ ਬਣਿਆਂ ਨਹੀਂ ਵੇਖਦੇ? ਹੱਥੀ ਕਿਰਤ ਕਰਦੇ ਮਿਸਤਰੀਆਂ ਨੂੰ ਠੇਕੇਦਾਰ ਅਤੇ ਛੋਟਾ-ਮੋਟਾ ਲੱਕੜੀ ਦਾ ਕੰਮ ਕਰਦਿਆਂ ਨੂੰ,ਤੁਸੀਂ ਅੱਜ ਵੱਡੇ-ਵੱਡੇ ਸ਼ੋਅਰੂਮਾਂ ਦੇ ਮਾਲਕ ਬਣੇ ਹੋਏ ਤੱਕ ਸਕਦੇ ਹੋ।ਧਨ-ਦੌਲਤ ਤਾਂ ਕਿਰਤੀਆਂ ਦੀ ਪਾਣੀਹਾਰ ਹੈ।ਗੁਰੂ ਨਾਨਕ ਨੇ ਤਿੰਨ ਵੱਡੇ ਸਿਧਾਤਾਂ ਵਿਚੋਂ 'ਕਿਰਤ ਕਰਨ' ਨੂੰ ਸਭ ਨੂੰ ਮੂਹਰੇ ਰੱਖਿਆ ਹੈ। ਸਿੱਖ-ਸਭਿਆਚਾਰ ਦਾ ਅਹਿਮ ਮੁਢਲਾ ਪਹਿਲੂ ਹੈ।ਜੇ ਪੰਜਾਬ ਤੇ ਸਿੱਖ ਭਾਈਚਾਰਾ ਪੂਰੇ ਦੇਸ਼ ਦੇ ਅੰਨ-ਭੰਡਾਰ ਨੂੰ ਭਰ ਸਕਦਾ ਹੈ ਤਾਂ ਆਪਣੇ ਜਾਇਆਂ ਨੂੰ ਕਿਸ ਪੱਖੋਂ ਥੋੜ ਦੇ ਵਹਿਮ ਨੇ ਸਾਨੂੰ ਕੁਰਾਹੇ ਪਾ ਛੱਡਿਆ ਹੈ।ਸਿੱਖੀ ਦੇ ਵਾਰਸੋ !ਸੋਚੋ,ਵੀਚਾਰੋ ਕਿ;

1. ਜੇ ਇਕਲੌਤਾ ਬੱਚਾ ਭਵਿੱਖ ਵਿਚ ਵੱਡੀ ਜਾਇਦਾਦ ਤੇ ਧਨ-ਸੰਪਦਾ ਦਾ ਵਾਰਿਸ ਹੋਣ ਦੇ ਅਹੰਕਾਰ ਵਿਚ ਅਨਪੜ੍ਹ, ਆਲਸੀਤੇ ਵਿਹਲੜ ਬਣ ਬੈਠਾ ਤਾਂ ਕੀ ਕਰੋਗੇ?

2. ਜੇ ਇਕ ਬੱਚਾ ਲਾਡ-ਪਿਆਰ ਕਾਰਣ ਵਿਗੜ ਗਿਆ, ਆਪ-ਹੁਦਰੀਆਂ ਕਰਨ ਲੱਗਾ,ਤਾਂ ਫਿਰ ਕਿਹੜੇ ਸੁਖਾਂ ਦੇ ਸੁਪਨੇ ਸਾਕਾਰ ਹੋਵਣਗੇ?

3. ਇਕਲੌਤਾ ਵਾਰਿਸ ਜੇ ਨਸ਼ੇੜੀਆਂ ਦੀ ਚੌਕੜੀ ਵਿਚ ਜਾ ਰਲਿਆ?ਇਹਦਾ ਕੀ ਇਲਾਜ ਹੈ?

4. ਕੋਈ ਅਣਕਿਆਸੀ ਮਾੜੀ-ਘਟਨਾ ਜਾਂ ਬੀਮਾਰੀ ਕਿਹੜਾ ਕਿਸੇ ਤੋਂ ਪੁੱਛ ਕੇ ਆਉਂਦੀ ਹੈ?

5. ਇਕੱਲੇ-ਕਾਰੇ ਬੰਦੇ ਲਈ ਤਾਂ ਆਪਣੀ ਹੀ ਜਾਇਦਾਦ ਤੇ ਧੰਨ-ਦੌਲਤ ਮੁਸੀਬਤਾਂ ਦਾ ਸਬੱਬ ਹੋ ਨਿਬੜਦੀ ਹੈ।

6. ਜੇ ਕੋਈ ਇਕੱਲਾ-ਕਾਰਾ ਚਤੁਰ ਸਿਆਣਾ ਵਾਰਿਸ ਆਪਣੇ ਏਕਾਧਿਕਾਰ ਦੀ ਮਲਕੀਅਤ ਪਰ ਤਰੁੰਤ ਕਾਬਜ਼ ਹੋਵਣ ਲਈ ਭੂਤਰ ਜਾਏ ਤਾਂ ਅਜਿਹੀ ਮੱਛਰੀ ਤੇ ਵਿਗੜੀ ਹੋਈ ਔਲਾਦ ਤੋਂ ਤੁਹਾਡੀ ਆਪਣੀ ਜਾਨ ਨੂੰ ਵੀ ਖਤਰਾ ਬਣ ਸਕਦਾ ਹੈ।

7. ਸਿੱਖ ਸਮਾਜ ਦੀ ਸਭ ਤੋਂ ਵੱਡੀ ਤ੍ਰਾਸਦੀ 'ਪਤਿਤਪੁਣੇ' ਦੇ ਰੂਪ ਵਿਚ ਤੁਸੀਂ ਵੇਖ ਰਹੇ ਹੋ। ਸਿਰਮੌਰ ਧਾਰਮਿਕ ਪਦਵੀਆਂ ਪਰ ਬਿਰਾਜਮਾਨ ਵਿਅਕਤੀਆਂ ਤੇ ਵਿਦਵਾਨ-ਪ੍ਰਚਾਰਕਾਂ ਵੱਲੋਂ ਸਮਾਜ ਸੇਵੀ ਜਥੇਬੰਦੀਆਂ, ਗੁਰਦੁਆਰਿਆਂ ਤੇ ਪੰਥਕ ਸੰਸਥਾਵਾਂ ਦੀਆਂ ਸਟੇਜਾਂ ਤੋਂ ਨਿਤ ਦਿਨ ਕੀਤੀਆਂ ਜਾਂ ਰਹੀਆਂ ਪ੍ਰੇਰਕ ਵਾਰਤਾਵਾਂ, ਸ਼ਬਦ-ਵਿਚਾਰ, ਇਤਿਹਾਸਕ ਕਥਾ-ਕਹਾਣੀਆਂ ਤੇ ਲੈਕਚਰਾਂ ਦਾ ਲੋੜੀਂਦਾ ਪ੍ਰਭਾਵ ਨਹੀਂ ਪੈ ਰਿਹਾ।ਕਿਉਂ? ਕਿਉਂਕੀ ਕੋਈ ਵੀ ਪੇਂਡੂ ਜ਼ਿਮੀਂਦਾਰ ਜਾਂ ਸ਼ਹਿਰੀ ਵਪਾਰੀ ਆਪਣੇ ਇਕਲੌਤੇ ਪੁੱਤਰ ਨੂੰ ਸਮਝਾਉਣ-ਬੁਝਾਉਣ ਵਾਸਤੇ ਡਾਂਟ-ਡਪਟ ਕਰਨ ਤੋਂ ਭੈ-ਭੀਤ ਹੋਇਆ ਪਿਐ-ਅਖੇ ਮੁੰਡਾ ਕੁਝ ਕਰ ਨਾ ਬੈਠੇ,ਘਰ ਕਿਤੇ ਬਰਬਾਦ ਨਾ ਹੋ ਜਾਏ,ਇਕ ਬੱਚੇ ਦੇ ਮਾਂ-ਪਿਉ ਦੀਆਂ ਸੰਵੇਦਨਸ਼ੀਲ ਮਜਬੂਰੀਆਂ ਅੱਜ ਸਿੱਖ-ਸੱਭਿਆਚਾਰ ਦੇ ਵੱਧਣ-ਫੁੱਲਣ ਵਿਚ ਸਭ ਤੋਂ ਵਿਰਾਟ ਤੇ ਭਿਆਨਕ ਰੁਕਾਵਟਾਂ ਬਣ ਚੁੱਕੀਆਂ ਹਨ।ਸਮਾਧਾਨ ਕੇਵਲ ਤੁਹਾਡੀ ਉਸਾਰੂ ਸੋਚਣੀ ਅਤੇ ਅਮਲਾਂ ਪਰ ਮੁਨੱਸਰ ਕਰਦਾ ਹੈ।ਕੋਈ ਦੂਜਾ ਹੋਰ ਦੋਸਤ ਜਾਂ ਦੁਸ਼ਮਣ ਕੁਝ ਸੰਵਾਰ/ਵਿਗਾੜ ਨਹੀਂ ਸਕਦਾ।ਭਵਿੱਖ ਵਿਚਲੀਆਂ ਸੰਭਾਵਨਾਵਾਂ ਦੀ ਜਵਾਬਦੇਹੀ,ਤੁਹਾਡੀ ਤੇ ਕੇਵਲ ਤੁਹਾਡੀ ਆਪਣੀ ਹੈ।ਅੰਤਰ ਆਤਮਾ ਦੀ ਅਵਾਜ਼ ਨੂੰ ਧਿਆਨ ਨਾਲ ਸੁਣ ਕੇ ਫੈਸਲਾ ਕਰਨ ਦਾ ਸਮਾਂ ਆਣ ਪਹੁੰਚਿਆ ਹੈ।

ਮਿਸਾਲ ਦੇ ਤੌਰ ’ਤੇ ਭਾਰਤ ਵਰਸ਼ ਦੀ ਸੁਤੰਤਰਤਾ ਵੇਲੇ ਪਾਰਸੀਆਂ ਦੀ ਗਿਣਤੀ ਲਗਭਗ ਦੋ ਲੱਖ ਸੀ।ਆਪਣੇ ਅਮੀਰੀ ਠਾਠ-ਬਾਠ ਤੇ ਐਸ਼ੋ-ਇਸਰਤ ਨੂੰ ਕਾਇਮ ਰੱਖਣ ਦੇ ਇਰਾਦੇ ਨਾਲ ਉਹਨਾਂ ‘ਇਕ ਪਰਿਵਾਰ, ਇਕ ਬੱਚਾ’ ਦਾ ਨਿਸ਼ਚਾ ਕਰ ਲਿਆ।ਅੱਜ ਬੜੀ ਮੁਸ਼ਕਲ ਨਾਲ ਢੂੰਡਿਆਂ ਕੋਈ ਪਾਰਸੀ ਪਰਿਵਾਰ ਨਜ਼ਰੀ ਆਉਂਦਾ ਹੈ।ਸਾਨੂੰ ਅਹਿਸਾਸ ਹੈ ਕਿ ਉੱਪਰ ਲਿਖੀਆਂ ਗੱਲਾਂ ਤੁਹਾਨੂੰ ਕੌੜੀਆਂ-ਕਸੈਲੀਆਂ ਲੱਗਣਗੀਆਂ।ਸਿਆਣੇ ਵਿਦਵਾਨ ਤੇ ਉੱਚੇ ਰੁਤਬਿਆਂ ਨੂੰ ਪਹੁੰਚੇ ਧਾਰਮਿਕ ਆਗੂ ਅਤੇ ਪੰਥਕ ਲੀਡਰ ਐਸੀਆਂ ਗੱਲਾਂ ਤੋਂ ਗੁਰੇਜ਼ ਹੀ ਕਰਦੇ ਹਨ ਪਰ ਸਿੱਖ-ਸਭਿਆਚਾਰ ਨੂੰ ਨਿਗਲ ਜਾਣ ਵਾਲੇ ਝੱਖੜ-ਹਨੇਰੀਆਂ ਨੂੰ ਆਉਦਿਆਂ ਤੱਕ ਕੇ,ਸੰਗੀ-ਸਾਥੀਆਂ ਨੂੰ ਹਾਲ-ਦੁਹਾਈ ਨਾਂਹ ਪਾਉਣੀ ਤੇ ਕਬੂਤਰ ਵਾਂਗੂੰ ਅੱਖਾਂ ਮੀਟ ਲੈਣ ਵਿਚ ਕਿੱਥੋਂ ਦੀ ਸਿਆਣਪ ਹੋਵੇਗੀ?

ਇਸ ਘੁੰਮਣ-ਘੇਰੀ ਵਿਚ ਨਾਂਹ ਪਵੋ ਕਿ ਬਹੁਤੇ ਬੱਚਿਆਂ ਦੀ ਉਚੇਰੀ ਪੜ੍ਹਾਈ ਲਿਖਾਈ ਤੇ ਵਧੀਆ ਭਵਿੱਖ ਮੁਮਕਿਨ ਨਹੀਂ ਹੋਵੇਗਾ। ਵੇਖੋ, ਇਕ ਬੱਚੇ ਵਾਲੇ ਗਿਣਤੀ ਦੇ ਚੰਦ ਅਮੀਰ-ਪਰਿਵਾਰਾਂ ਵਿਚੋਂ ਹੁਣ ਤੱਕ ਕਿੰਨੇ ਕੁ ਵਿਗਿਆਨੀ, ਵਿਦਵਾਨ, ਡਾਕਟਰ, ਇੰਜੀਨੀਅਰ ਜਾਂ ਉੱਚ ਪਾਏ ਦੇ ਪ੍ਰੋਫੈਸਰ ਤੇ ਪ੍ਰੋਫੈਸ਼ਨਲ ਬਣੇ ਹਨ? ਗ਼ਰੀਬ ਪਰਿਵਾਰਾਂ ਦੇ ਹੋਣਹਾਰ ਹੀ ਸਖਤ ਮਿਹਨਤਾਂ ਕਰਕੇ ਵੱਡੀਆਂ ਮੱਲ੍ਹਾਂ ਮਾਰ ਰਹੇ ਹਨ।

ਪਰਿਵਾਰ ਨਿਯੋਜਨ ਦੇ ਸਾਧਾਰਨ ਗਣਿਤ ਦੀ ਜਾਣਕਾਰੀ ਲਈ ਮਾਨਵ ਜੀਵਨ ਦੇ 25 ਸਾਲਾਂ ਨੂੰ ਇਕ ਪੁਸ਼ਤ ਮੰਨੀਏ ਤਾਂ ਚੌਥੀ ਪੁਸ਼ਤ ਜਾਂ 100 ਸਾਲਾਂ ਮਗਰੋਂ ਬਿਨਾਂ ਕਿਸੇ ਦੁਸ਼ਮਣ ਸ਼ਕਤੀ ਵਲੋਂ ਘਾਤਕ ਹਮਲੇ ਦੇ ਬਾਵਜੂਦ, ਆਪੂੰ ਸਹੇੜੀ ਨਸਲਕੁਸ਼ੀ ਦਾ ਦੁਰਭਾਗ ਘਟਿਤ ਹੋ ਸਕਦਾ ਹੈ। ਇਕ,ਦੋ ਜਾਂ ਤਿੰਨ ਬੱਚਿਆਂ ਵਾਲੇ ਪਰਿਵਾਰਾਂ ਦੀ ਭਵਿੱਖ ਸਥਿਤੀ ਵੇਖੀ ਜਾ ਸਕਦੀ ਹੈ:-

**ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥ (144)**

**ਖਿਨ ਮਹਿ ਥਾਪਿ ਉਥਾਪਨਹਾਰਾ ਆਪਨ ਹਾਥਿ ਮਤਾਤ॥ (496)**

ਆਦਿ ਗੁਰ-ਫੁਰਮਾਨਾਂ ਵਾਲੀ ਅਗੰਮੀ ਖੇਡ ਨੇ ਸਾਡੇ ਭਵਿੱਖ ਲਈ ਕੀ ਸੰਜੋਅ ਕੇ ਰੱਖਿਆ ਹੋਇਐ?ਇਸ ਬਾਰੇ ਤਾਂ ਨਹੀ ਦੱਸਿਆ ਜਾ ਸਕਦਾ,ਪਰ ਓਸੇ ਪਾਰਬ੍ਰਹਮ ਪਰਮੇਸ਼ਰ ਨੇ ਹੀ ਮਨੁੱਖ-ਮਾਤਰ ਨੂੰ ਅਕਲ ਵਰਗੀ ਅਨਮੋਲ ਦਾਤ ਨਾਲ ਨਿਵਾਜਿਆ ਹੋਇਆ ਹੈ। ਸਿੱਖ-ਸੱਭਿਆਚਾਰ ਦੇ ਸੰਸਥਾਪਕ ਗੁਰੂ ਨਾਨਕ ਸਾਹਿਬ ਨੇ ਸਮਾਜਿਕ ਜੀਵਨ ਸੰਘਰਸ਼ ਦੇ ਨਤੀਜਿਆਂ ਬਾਰੇ ਬੜੇ ਸਪੱਸ਼ਟ ਤੇ ਕੁਦਰਤੀ ਨਿਆਂ-ਯੁਕਤ ਸਿਧਾਂਤ ਸੰਬੰਧੀ ਬਾਬਰਬਾਣੀ ਦੇ ਸ਼ਬਦਾਂ ਰਾਹੀਂ ਸਮਝਾਇਆ ਹੈ ਕਿ

**ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥(417)**

ਜੇ ਅੱਜ ਸਾਡੀ ਕੁੱਲ ਆਬਾਦੀ 16 ਪਰਿਵਾਰਾਂ ਦੀ ਮੰਨ ਲਈ ਜਾਵੇ ਤਾਂ ਅਗਲੀ ਪੁਸ਼ਤ ਦੀ ਆਬਾਦੀ 8 ਪਰਿਵਾਰਾਂ ਦੀ ਹੋਵੇਗੀ। ਦੂਜੀ ਪੁਸ਼ਤ ਦੀ ਆਬਾਦੀ 4 ਪਰਿਵਾਰ ਰਹਿ ਜਾਵੇਗੀ ਅਤੇ ਤੀਜੀ ਪੁਸ਼ਤ ਦੇ ਕੇਵਲ ਦੋ ਪਰਿਵਾਰ ਹੋਵਣਗੇ।ਚੌਥੀ ਪੁਸ਼ਤ ਨੂੰ ਅੱਪੜਦਿਆਂ ਸਾਡੀ ਕੌਮ ਦਾ ਕੇਵਲ ਇਕ ਪਰਿਵਾਰ-ਤੇ ਅਗੋਂ ਕੀ ਬਣੇਗਾ?

ਇਕ ਬੱਚੇ ਵਾਲੀ ਸੋਚ ਦੇ ਲੋਕਾਂ ਦੀ ਸਮਾਜਕ ਤੇ ਸੱਭਿਆਚਾਰਕ ਹੋਂਦ ਨੂੰ ਖਤਰਾ ਬਣਿਆ ਹੋਇਆ ਸਾਡੇ ਸਾਹਮਣੇ ਹੈ। 'ਹਮ ਦੋ ਹਮਾਰੇ ਦੋ' ਵਾਲੇ ਪਰਿਵਾਰ ਆਪਣੀ ਹੋਂਦ ਨੂੰ ਜਿਉਂ ਦੀ ਤਿਉਂ ਬਰਕਰਾਰ ਰੱਖ ਸਕਦੇ ਹਨ। ਕੇਵਲ ਘੱਟੋ-ਘੱਟ ਤਿੰਨ ਬੱਚਿਆਂ ਵਾਲੇ ਪਰਿਵਾਰ ਹੀ ਕੌਮੀਅਤ ਦਾ

**ਬਾਕੀ ਸਫਾ 21 ’ਤੇ**

# ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀਆਂ ਜੰਗਾਂ

ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ

**ਮਹਾਰਾਜੇ ਨੇ ਸਦਾ ਕੌਰ ਦਾ ਉਹ ਇਲਾਕਾ ਜੋ ਪਹਾੜੀਆਂ ਨੇ ਦਬਾ ਲਿਆ ਸੀ, ਉਹ ਵੀ ਉਸ ਨੂੰ ਮੁੜ ਲੈ ਕੇ ਦਿੱਤਾ ਤੇ ਇਸ ਤੋਂ ਛੁੱਟ ਨੂਰਪੁਰ ਤੇ ਨੌਸ਼ਹਿਰਾ ਆਦਿ ਪਿੰਡ ਸੰਸਾਰ ਚੰਦ ਦੇ ਇਲਾਕੇ ਤੋਂ ਵੱਖ ਕਰਕੇ ਸਰਦਾਰਨੀ ਸਦਾ ਕੌਰ ਦੇ ਇਲਾਕੇ ਨਾਲ ਮਿਲਾ ਦਿੱਤੇ। ਇਥੇ ਸਰਦਾਰਨੀ ਸਦਾ ਕੌਰ ਨੇ ਸ: ਬੁੱਧ ਸਿੰਘ ਤੇ ਸੰਗਤ ਸਿੰਘ ਦੀਆਂ ਵਧੀਕੀਆਂ ਵੀ ਮਹਾਰਾਜੇ ਨੂੰ ਦੱਸੀਆਂ ਕਿ ਉਹ ਕਿਵੇਂ ਉਸ ਦੇ ਇਲਾਕੇ ਦੀ ਪਰਜਾ ਪਰ ਡਾਕੇ ਮਾਰ ਕੇ ਉਸ ਦਾ ਇਲਾਕਾ ਉਜਾੜ ਰਹੇ ਹਨ। ਮਹਾਰਾਜੇ ਨੇ ਜਾਂਦਿਆਂ ਹੀ ਸੁਜਾਨਪੁਰ ਦੇ ਕਿਲ੍ਹੇ ਨੂੰ ਘੇਰ ਲਿਆ ਤੇ ਇਕ ਤਕੜੀ ਲੜਾਈ ਦੇ ਬਾਅਦ ਕਿਲ੍ਹੇ ਦੀ ਕੰਧ ਨੂੰ ਤੋਪਾਂ ਮਾਰ ਕੇ ਡੇਗ ਦਿੱਤਾ ਤੇ ਕਿਲ੍ਹੇ ਦੇ ਅੰਦਰ ਵੜ ਕੇ ਉਸ ਤੇ ਅਧਿਕਾਰ ਕਰ ਲਿਆ। ਇਸ ਲੜਾਈ ਵਿਚ ਦੋ ਵੱਡੀਆ ਤੋਪਾਂ ਮਹਾਰਾਜੇ ਦੇ ਹੱਥ ਆਈਆਂ। ਸੁਜਾਨਪੁਰ ਵਿਚ ਆਪਣਾ ਠਾਣਾ ਬਿਠਾ ਦਿੱਤਾ, ਧਰਮਕੋਟ ਤੇ ਬੈਹਰਾਮਪੁਰ ਸਦਾ ਕੌਰ ਨੂੰ ਦਵਾ ਦਿੱਤੇ। ਸਰਦਾਰ ਬੁੱਧ ਸਿੰਘ ਤੇ ਸੰਗਤ ਸਿੰਘ ਨੂੰ ਨਿਰਬਾਹ ਲਈ ਲੋੜ ਅਨੁਸਾਰ ਜਾਗੀਰ ਦਿੱਤੀ।**

**ਭਸੀਨ ਦੀ ਲੜਾਈ**

ਮਹਾਰਾਜਾ ਰਣਜੀਤ ਸਿੰਘ ਨੂੰ ਅਜੇ ਲਾਹੌਰ ਤੇ ਅਧਿਕਾਰ ਕੀਤਿਆਂ ਬਹੁਤ ਦਿਨ ਨਹੀਂ ਸਨ ਬੀਤੇ ਕਿ ਗੁਲਾਬ ਸਿੰਘ ਭੰਗੀ, ਸਾਹਿਬ ਸਿੰਘ ਗੁਜਰਾਤੀ ਤੇ ਨਜ਼ਾਮੁਦੀਨ ਕਸੂਰੀਏ ਨੇ ਮਿਲ ਕੇ ਭਸੀਨ ਨਾਮੀਂ ਪਿੰਡ ਦੇ ਮੈਦਾਨ ਵਿਚ ਮਹਾਰਾਜੇ ਤੋਂ ਲਾਹੌਰ ਲੈਣ ਲਈ ਇਕ ਭਾਰੀ ਇੱਕਠ ਕੀਤਾ। ਇਧਰ ਮਹਾਰਾਜਾ ਸਾਹਿਬ ਨੂੰ ਜਦ ਇਸ ਗੋਂਦ ਦਾ ਪਤਾ ਲੱਗਾ ਤਾਂ ਇਹ ਵੀ ਆਪਣੀ ਫੌਜ ਲੈ ਕੇ ਇਨ੍ਹਾਂ ਦੇ ਟਾਕਰੇ ਲਈ ਅੱਗੇ ਵਧਿਆ ਅਤੇ ਇਕ ਭਾਰੀ ਲੜਾਈ ਦੇ ਬਾਅਦ ਉਹਨਾਂ ਸਾਰਿਆਂ ਪਰ ਪੂਰੀ ਪੂਰੀ ਫ਼ਤਹਿ ਪਾਈ। ਇਸ ਭਾਰੀ ਫ਼ਤਹਿ ਦੇ ਬਾਅਦ ਬਹੁਤ ਸਾਰੇ ਨਾਮੀਂ ਸਰਦਾਰ ਮਹਾਰਾਜਾ ਸਾਹਿਬ ਦੀ ਸ਼ਰਨ ਆ ਗਏ, ਜਿਨ੍ਹਾਂ ਨੂੰ ਬੜੇ ਪਿਆਰ ਨਾਲ, ਉਨ੍ਹਾਂ ਦੀ ਯੋਗਤਾ ਅਨੁਸਾਰ ਅਹੁਦੇ ਜਾਗੀਰਾਂ ਦਿੱਤੀਆਂ। ਇਉਂ ਬੜੀ ਧੂਮ-ਧਾਮ ਨਾਲ ਸ਼ੇਰਿ ਪੰਜਾਬ ਨੇ ਲਾਹੌਰ ਵਿਚ ਪ੍ਰਵੇਸ਼ ਕੀਤਾ। ਅੱਗੋਂ ਲਾਹੌਰ ਦੇ ਪਤਵੰਤੇ ਮੁਖੀਆ ਦਾ ਇਕ ਜੱਥਾ, ਜਿਸ ਵਿਚ ਹਰ ਮਤ ਦੇ ਲੋਕ ਸਨ। ਲਾਹੌਰ ਤੋਂ ਕਈਕੋਹ ਬਾਹਰ ਸ਼ੇਰਿ ਪੰਜਾਬ ਦੇ ਸਵਾਗਤ ਲਈ ਆ ਮਿਲਿਆ, ਜਿਨ੍ਹਾਂ ਨਾਲ ਉਹ ਬੜੀ ਕ੍ਰਿਪਾਲਤਾ ਨਾਲ ਪੇਸ਼ ਆਇਆ ਤੇ ਉਹਨਾਂ ਨੂੰ ਬਹੁਮੁੱਲੀਆਂ ਖਿਲਤਾਂ ਬਖਸ਼ੀਆਂ। ਸ਼ਹਿਰ ਵਿਚ ਵੜਦਿਆਂ ਬੇਗਣਿਤ ਰੁਪਿਆ, ਜੋ ਜੰਗ ਵਿਚੋਂ ਹੱਥ ਲੱਗਾ ਸੀ, ਗਰੀਬਾਂ ਅਤੇ ਅਨਾਥਾਂ ਵਿਚ ਵੰਡਵਾਂ ਦਿੱਤਾ ਅਤੇ ਕਈ ਰਾਤਾਂ ਤੱਕ ਸ਼ਹਿਰ ਵਿਚ ਦੀਪ ਮਾਲਾ ਹੁੰਦੀ ਰਹੀ।

**ਰਣਜੀਤ ਸਿੰਘ ਦੀ ਜੰਮੂ ਪਰ ਚੜ੍ਹਾਈ**



ਸੰਨ 1800 ਮੁਤਾਬਿਕ ਸੰਮਤ 1857 ਨੂੰ ਰਣਜੀਤ ਸਿੰਘ ਨੇ ਜੰਮੂ ਫ਼ਤਹਿ ਕਰਨ ਲਈ ਚੜ੍ਹਾਈ ਕਰ ਦਿੱਤੀ, ਓਧਰ ਜਾਂਦੇ ਹੋਏ ਪਹਿਲਾਂ ਮੀਰੋਵਾਲ ਤੇ ਕਬਜ਼ਾ ਕਰ ਲਿਆ। ਇਥੋਂ ਦੇ ਮੁਖੀਆ ਨੇ 9000 ਰੁਪਿਆ ਨਜ਼ਰਾਨਾ ਉਸ ਦੀ ਭੇਂਟ ਕੀਤਾ, ਇਸ ਦੇ ਉਪਰੰਤ ਇਸ ਨੇ ਕਿਲ੍ਹਾ ਜਸੜਵਾਲ ਨੂੰ ਜਾ ਘੇਰਿਆ ਅਤੇ ਇਕੋ ਧਾਵੇ ਨਾਲ ਸਰ ਕਰ ਲਿਆ। ਇਥੋਂ ਕੂਚ ਕਰਕੇ ਖਾਲਸਾ ਦਲ ਨੇ ਜੰਮੂ ਤੋਂ ਚਾਰ ਮੀਲ ਬਾਹਰ ਡੇਰਾ ਲਾਇਆ। ਰਾਜਾ ਜੰਮੂ ਨੂੰ ਜਦ ਮਹਾਰਾਜੇ ਦੇ ਧਾਵੇ ਦਾ ਪਤਾ ਲੱਗਾ ਤਾਂ ਉਹ ਸਣੇ ਆਪਣੇ ਮੁਖੀ ਕਰਮਚਾਰੀਆਂ ਦੇ ਸ਼ੇਰਿ ਪੰਜਾਬ ਤੋਂ ਜਾਨ ਬਖਸ਼ੀ ਕਰਵਾਉਣ ਲਈ ਆ ਸ਼ਰਨ ਪਿਆ ਅਰ ਫੋਜਾਂ ਦੇ ਰਸਦ ਪਾਣੀ ਲਈ 20000 ਰੁਪਿਆ ਹਾਜ਼ਰ ਕੀਤਾ ਜੋ ਪ੍ਰਵਾਨ ਕੀਤਾ ਗਿਆ। ਉਸ ਨੇ ਹਾਕਮ ਜੰਮੂ ਨੂੰ ਖਿੱਲਤ ਬਖਸ਼ੀ। ਇਥੋਂ ਖਾਲਸਾ ਫੌਜ ਨੇ ਸਿਆਲਕੋਟ ਨੂੰ ਆ ਘੇਰਿਆ ਤੇ ਇਹ ਬਿਨਾਂ ਕਿਸੇ ਲੰਮੀ ਲੜ੍ਹਾਈ ਦੇ ਸ਼ੇਰਿ ਪੰਜਾਬ ਦੀ ਤੈਹਤ ਵਿਚ ਆ ਗਿਆ। ਇਸ ਦੇ ਬਾਅਦ ਦਿਲਾਵਰ ਗੜ੍ਹ ਨੂੰ ਜਾ ਫਤਹਿ ਕੀਤਾ। ਇਸ ਤਰ੍ਹਾਂ ਸਾਰੇ ਇਲਾਕੇ ਨੂੰ ਸੋਧਦਾ ਹੋਇਆ ਉਹ ਲਾਹੌਰ ਆ ਗਿਆ।

ਇਥੇ ਆਇਆ ਅਜੇ ਕੁਝ ਹੀ ਦਿਨ ਬੀਤੇ ਸਨ ਕਿ ਯੂਸਫ ਅਲੀ ਖ਼ਾਨ ਸਰਕਾਰ ਅੰਗਰੇਜ਼ੀ ਦਾ ਏਜੰਟ ਸਰਕਾਰ ਹਿੰਦ ਵਲੋਂ ਮਿੱਤਰਤਾ ਦੀ ਇਕ ਪੱਤ੍ਰਕਾ ਅਤੇ ਬਹੁ-ਮੁੱਲੀਆਂ ਸੁਗਾਤਾਂ ਲੈ ਕੇ ਲਾਹੌਰ ਆਇਆ, ਸਰਦਾਰ ਰਣਜੀਤ ਸਿੰਘ ਵਲੋਂ ਅੰਗਰੇਜ਼ੀ ਏਜੰਟ ਦੀ ਬੜੀ ਆਉ-ਭਗਤ ਕੀਤੀ ਗਈ ਅਤੇ ਫੇਰ ਉਸੇ ਤਰ੍ਹਾਂ ਮਿੱਤਰਤਾ ਦੀ ਪੱਤ੍ਰਕਾ ਤੇ ਵਧੀਆ ਸੁਗਾਤਾਂ ਗਵਰਨਮੈਂਟ ਅੰਗਰੇਜ਼ੀ ਲਈ ਦੇ ਕੇ ਉਸ ਨੂੰ ਤੋਰਿਆ।

**ਸ਼ੇਰਿ ਪੰਜਾਬ ਨੂੰ ਮਹਾਰਾਜਗੀ ਮਿਲਣੀ**



ਫਰਵਰੀ ਸੰਨ 1801 ਈ: ਮੁਤਾਬਿਕ 1858 ਵਿਚ ਪੰਜਾਬ ਦੇ ਉਘੇ ਉਘੇ ਸ਼ਹਿਰਾਂ ਦੇ ਮੁਖੀਆਂ ਤੇ ਸ਼ੇਰਿ ਪੰਜਾਬ ਦੇ ਪਤਵੰਤੇ ਸਰਦਾਰਾਂ ਅਤੇ ਸਾਰੀ ਫੌਜ ਵਲੋਂ ਸਰਦਾਰ ਰਣਜੀਤ ਸਿੰਘ ਦੀ ਹਜ਼ੂਰੀ ਵਿਚ ਇਕ ਸੰਮਿਲ ਬੇਨਤੀ ਪੱਤਰ ਹਾਜ਼ਰ ਕੀਤਾ ਗਿਆ ਜਿਸ ਵਿਚ ਇੱਛਾ ਪ੍ਰਗਟ ਕੀਤੀ ਗਈ ਸੀ ਕਿ ਲਾਹੌਰ ਵਿਚ ਇਕ ਵੱਡਾ ਦਰਬਾਰ ਕੀਤਾ ਜਾਏ, ਜਿਸ ਵਿਚ ਪਰਜਾ ਵਲੋਂ ਆਪ ਨੂੰ ਮਹਾਰਾਜੇ ਦਾ ਖਿਤਾਬ ਦਿੱਤਾ

ਜਾਏ, ਇਸ ਨੂੰ ਆਪ ਪ੍ਰਵਾਨ ਕਰੋ। ਸ਼ੇਰਿ ਪੰਜਾਬ ਪਹਿਲਾਂ ਪਹਿਲ ਇਸ ਦੀ ਪ੍ਰਵਾਨਗੀ ਲਈ ਉਕਾ ਚਾਹਵਾਨ ਨਹੀਂ ਸੀ ਦਿਸਦਾ, ਪਰ ਜਦ ਸਾਰੇ ਸਰਦਾਰਾਂ ਨੇ ਮੁੜ ਮੁੜ ਬੇਨਤੀ ਕੀਤੀ ਤਾਂ ਛੇਕੜ ਉਸ ਨੇ ਪ੍ਰਵਾਨ ਕਰ ਲਿਆ। ਇਸ ਦੇ ਬਾਅਦ ਵਿਸਾਖੀ ਦਾ ਦਿਨ ਯੋਗ ਸਮਝ ਕੇ ਇਸ ਕਾਰਜ ਲਈ ਨੀਯਤ ਕੀਤਾ ਗਿਆ ਅਤੇ ਹੁਣ ਲੱਗੀਆਂ ਤਿਆਰੀਆਂ ਹੋਣ। ਪੰਜਾਬ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਸੱਦੇ ਪੱਤਰ ਘੱਲੇ ਗਏ ਤੇ ਦੂਰੋਂ ਦੂਰੋਂ ਪ੍ਰਤੀਨਿੱਧ ਆਏ। ਵਿਸਾਖੀ ਦੇ ਦਿਨ ਕਿਲ੍ਹੇ ਦੇ ਅੰਦਰ ਦੀਵਾਨ-ਆਮ ਵਿਚ ਇਕ ਵੱਡਾ ਦਰਬਾਰ ਕੀਤਾ ਗਿਆ, ਜਿਸ ਵਿਚ ਦੂਰ ਦੂਰ ਦੇ ਇਲਾਕਿਆਂ ਤੋਂ ਸਰਦਾਰ ਤੇ ਹਾਕਮ ਦੇ ਕੁੱਲ ਗੁਰਦੁਆਰਿਆਂ ਵਿਚ ਅਖੰਡ ਪਾਠਾਂ ਦੇ-ਜੋ ਪਹਿਲਾਂ ਰਖਾਏ ਗਏ ਸਨ-ਭੋਗ ਸਮਾਪਤ ਹੋਏ, ਮੁਸਲਮਾਨਾਂ ਨੇ ਮਸੀਤਾਂ ਵਿਚ ਦੁਆਵਾਂ ਮੰਗੀਆਂ, ਹਿੰਦੂਆਂ ਨੇ ਮੰਦਰਾਂ ਵਿਚ ਪ੍ਰਾਥਨਾਵਾਂ ਕੀਤੀਆਂ ਤੇ ਚੂਰਮੇ ਵੰਡੇ। ਫੇਰ ਗਿਆਨੀ ਗੁਰਮੁਖ ਸਿੰਘ ਜੀ ਨੇ ਸਤਿਗੁਰੂ ਜੀ ਦੇ ਹਜ਼ੂਰ ਅਰਦਾਸਾ ਸੋਧਿਆ ਤੇ ਬਾਬਾ ਸਾਹਿਬ ਸਿੰਘ ਨੇ ਸ਼ੇਰਿ ਪੰਜਾਬ ਨੂੰ ਮਹਾਰਾਜਗੀ ਦਾ ਤਿਲਕ ਦੀ ਦਿੱਤਾ ਤੇ ਦਰਬਾਰੀਆਂ ਨੂੰ ਭੇਟਾਂ ਪੇਸ਼ ਕੀਤੀਆਂ। ਇਸ ਸਮੇਂ ਚੱਵਿਲਿਓਂ ਮਹਾਰਾਜਾ ਤੇ ਫੁੱਲਾਂ ਦੀ ਵਰਖਾ ਕੀਤੀ ਗਈ। ਕਈ ਸ਼ਾਹੀ ਕਵੀਆਂ ਨੇ ਸਮੇਂ ਅਨੁਸਾਰ ਕਵਿਤਾਵਾਂ ਤੇ ਵਾਰਾਂ ਪੜ੍ਹੀਆਂ, ਮਹਾਰਾਜੇ ਵਲੋਂ ਹਜ਼ਾਰਾਂ ਰੁਪਏ ਦੀਆਂ ਖਿੱਲਤਾਂ ਸਿਰੋ-ਪਾਓ ਵੰਡੇ ਗਏ, ਬੜੇ ਦਾਨ ਹੋਏ। ਇਸੇ ਦਿਨ ਮਹਾਰਾਜੇ ਦਾ ਸਿੱਕਾ (ਜ਼ਰਬ) ਚਲਾਉਣ ਲਈ ਵੀ ਪ੍ਰਬੰਧ ਕੀਤਾ ਗਿਆ ਸੀ। ਸਾਰੇ ਦਰਬਾਰੀਆਂ ਅਤੇ ਕਵੀਆਂ ਨੇ ਮੋਹਰਾਂ ਰੁਪਏ ਪੈਸੇ ਤੇ ਮਹਾਰਾਜੇ ਦੇ ਨਾਮ ਪਰ ਸ਼ੇਅਰ ਤੇ ਕਵਿਤਾਵਾਂ ਰਚ ਕੇ ਹਾਜ਼ਰ ਕੀਤੀਆਂ, ਪਰ ਉਸ ਨੇ ਜ਼ਰਬ ਤੇ ਆਪਣਾ ਨਾਮ ਲਿਖਣ ਦੀ ਥਾਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਨਾਂ ਪਰ ਸਿੱਕਾ ਚਲਾਉਣਾ ਪ੍ਰਵਾਨ ਕੀਤਾ, ਅਰਥਾਤ 'ਨਾਨਕ ਸ਼ਾਹੀ ਰੁਪਿਆ' ਤੇ ਪੈਸੇ ਨੂੰ 'ਨਾਨਕ ਸ਼ਾਹੀ ਪੈਸਾ' ਸੱਚਣ ਦਾ ਹੁਕਮ ਦਿਤਾ, ਜਿਨ੍ਹਾਂ ਉਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਨਾਮ ਗੁਰਮੁਖੀ ਤੇ ਫਾਰਸੀ ਅੱਖਰਾਂ ਵਿਚ ਲਿਖਿਆ ਗਿਆ। ਰੁਪਏ ਦੇ ਇਕ ਪਾਸੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਬੈਠੇ ਹੋਏ ਸਨ ਅਤੇ ਨਾਲ ਭਾਈ ਮਰਦਾਨਾ ਕੀਰਤਨ ਕਰਦਾ ਦਿਸਦਾ ਸੀ, ਦੂਜੇ ਪਾਸੇ ਗੁਰਮੁਖੀ ਤੇ ਫਾਰਸੀ ਅੱਖਰਾਂ ਵਿਚ 'ਸ੍ਰੀ ਗੁਰੂ ਨਾਨਕ ਦੇਵ ਜੀ ਸਹਾਏ' ਲਿਖਿਆ ਸੀ। ਕੁਝ ਸਿੱਕਿਆ ਦੇ ਇਕ ਪਾਸੇ ਇਹ ਲਿਖਤ ਲਿਖੀ ਗਈ ਸੀ:-



**ਦੇਗ ਤੇਗ ਫਤਹਿ ਓ ਨੁਸਰਤਿ ਬੇਦਰੰਗ।**
**ਯਾਫਤ ਅਜ ਨਾਨਕ ਗੁਰੂ ਗੋਬਿੰਦ ਸਿੰਘ।**

ਅਤੇ ਦੂਜੇ ਪਾਸੇ ਉਕਰਿਆ ਗਿਆ:-

**"ਦਾਰਲ ਸਲਤਨਤ ਲਾਹੌਰ**
**ਸੰਮਤ 1808 ਮੇਮੀਨਤ ਮਾਨੋਸ।"**

ਸੋਨੇ ਦਾ ਸਿੱਕਾ ਨਿਰੋਲ ਸੋਨੇ ਦਾ ਅਤੇ ਰੁਪਿਆ ਖ਼ਾਲਸ ਚਾਂਦੀ ਦਾ ਸੀ, ਜਿਸ ਦਾ ਤੋਲ 11 ਮਾਸੇ ਦੋ ਰੱਤੀ ਸੀ। ਸੋਨੇ ਦੀਆਂ ਮੋਹਰਾਂ ਵਿਚ 10 ਮਾਸੇ ਛੇ ਰੱਤੀ ਖ਼ਾਲਸ ਸੋਨਾ ਸੀ,ਜਿਨ੍ਹਾਂ ਉਪਰ ਸਾਹਮਣੇ ਪਾਸੇ ਲਿਖਤ ਤਾਂ ਰੁਪਏ ਸੀ ਤੇ ਅੱਖਰ ਗੁਰਮੁਖੀ ਸਨ, ਪਰ ਦੂਜੇ ਪਾਸੇ ਤਿੰਨ ਵਾਰੀ 'ਵਾਹਿਗੁਰੂ ਜੀ' 'ਵਾਹਿਗੁਰੂ ਜੀ', ਖੁਸ਼ਖਤ ਲਿਖਿਆ ਹੋਇਆ ਸੀ। ਇਸੇ ਤਰ੍ਹਾਂ ਤਾਂਬੇ ਦੇ ਸਿੱਕੇ ਨਾਨਕ ਸ਼ਾਹੀ ਪੈਸਿਆ ਦੇ ਨਾਮ ਪਰ ਪ੍ਰਸਿੱਧ ਹੋਏ। ਟਕਸਾਲ ਵਿਚੋਂ ਪਹਿਲੇ ਦਿਨ ਜਿੰਨੇ ਰੁਪਏ ਬਣ ਕੇ ਆਏ ਉਹ ਸਾਰੇ ਦਾ ਸਾਰੇ ਧਾਰਮਿਕ ਕੰਮਾਂ ਲਈ ਦਾਨ ਕੀਤੇ ਗਏ।

ਮਹਾਰਾਜਾ ਸਾਹਿਬ ਦੀ ਮੋਹਰ ਪਰ ਜੋ ਸ਼ਾਹੀ ਚਿੱਠੀ-ਪੱਤਰ ਯਾ ਫੁਰਮਾਨਾਂ ਉਪਰ ਲਾਈ ਜਾਂਦੀ ਸੀ, ਇਹ ਲਿਖਤ ਲਿਖੀ ਹੋਈ ਸੀ:-

**ੴ ਸਤਿਗੁਰ ਪ੍ਰਸਾਦਿ॥**
**ਦੇਗ ਤੇਗਫ਼ਤਹਿ**
**ਓ ਨੁਸਰਤ ਬੇਦਰੰਗ**
**ਯਾਫਤ ਅਜ ਨਾਨਕ**
**ਗੁਰੂ ਗੋਬਿੰਦ ਸਿੰਘ।**
**ਸ੍ਰੀ ਅਕਾਲ ਪੁਰਖ ਜੀ ਸਹਾਇ॥**

ਨਿੱਕੀ ਮੋਹਰ ਪਰ ਲਿਖਤ ਸੀ:-

"ਸ੍ਰੀ ਅਕਾਲ ਸਹਾਇ"
ਰਣਜੀਤ ਸਿੰਘ

ਮੁਲਕੀ ਝਗੜਿਆਂ ਦੇ ਮੁਕਾਉਣ ਲਈ ਪੰਚਾਇਤਾਂ ਨੀਯਤ ਹੋਈਆਂ, ਮੁਸਲਮਾਨਾਂ ਦਿਆਂ ਫੈਸਲਿਆਂ ਲਈ ਸ਼ਰੀਅਤ ਦੀ ਮਰਯਾਦਾ-ਜਿਹਾ ਕਿ ਮੁਗਲੀਆਂ ਬਾਦਸ਼ਾਹਾਂ ਦੇ ਸਮੇਂ ਚਾਲੂ ਸੀ-ਉਹੋ ਰੱਖੀ ਗਈ। ਸਰਕਾਰੀ ਖਜ਼ਾਨੇ ਤੋਂ ਕਾਜ਼ੀਆਂ, ਮੁਫ਼ਤੀਆਂ ਤੇ ਉਲਮਾਵਾਂ ਦੀਆਂ ਤਲਬਾਂ ਤੇ ਜਾਗੀਰਾਂ ਲਾਈਆਂ ਗਈਆਂ, ਲਾਹੌਰ ਦਾ ਪਹਿਲਾ ਕਾਜ਼ਾਮੁਦੀਨ ਤੇ ਮੁਫ਼ਤੀ ਮੁਹੰਮਦ ਸ਼ਾਹਪੁਰ ਤੇ ਸਾਦੁਲਾ ਚਿਸ਼ਤੀ ਪ੍ਰਵਾਨ ਹੋਏ। ਇਹਨਾਂ ਨੂੰ ਬਹੁਮੁੱਲੀਆਂ ਖਿਲਤਾਂ ਤੇ ਜਾਗੀਰਾਂ ਦਿੱਤੀਆਂ ਗਈਆਂ। ਸ਼ਹਿਰ ਦੇ ਪ੍ਰਬੰਧ ਲਈ ਮਹੱਲੇਦਾਰੀ ਤੇ ਚੌਧ੍ਰਮੇ ਦਾ ਢੰਗ ਚਾਲੂ ਕੀਤਾ, ਸ਼ਹਿਰ ਦੀ ਰਾਖੀ ਲਈ ਪੁਲੀਸ ਮੁਕਰਰ ਕੀਤੀ ਗਈ। ਸ਼ਹਿਰ ਦਾ ਪਹਿਲਾ ਕੋਤਵਾਲ ਇਮਾਮ ਬਖਸ਼ ਨੀਯਤ ਕੀਤਾ ਗਿਆ। ਸ਼ਹਿਰ ਦੀ ਅਰੋਗਤਾ ਦੀ ਦੇਖ ਭਾਲ ਲਈ ਤੇ ਰੋਗੀਆਂ ਦੇ ਇਲਾਜ ਲਈ ਦਵਾ ਘਰ ਖੋਲ੍ਹੇ ਗਏ, ਜਿਨ੍ਹਾਂ ਵਿੱਚ ਯੂਨਾਨ ਤੇ ਵੈਦਕ ਇਲਾਜ ਕੀਤਾ ਜਾਂਦਾ ਸੀ, ਜਿਨ੍ਹਾਂ ਦਾ ਚੀਫ ਮੈਡੀਕਲ ਆਫੀਸਰ ਜਕੀਮ ਨੂਰਦੀਨ, ਫਕੀਰ ਅਜ਼ੀਜ਼ੁਦੀਨ ਦੇ ਨਿੱਕੇ ਭਾਈ ਨੂੰ ਲਾਇਆ ਗਿਆ। ਬੱਚਿਆਂ ਦੀ ਵਿੱਦਿਆ ਲਈ ਮੀਆਂ ਵਡੇ ਦਾ ਮਦਰਸਾ ਅਤੇ ਹੋਰ ਕਈ ਸਿੱਖਿਆ ਸ਼ਾਲਾਂ ਖੋਲ੍ਹੀਆਂ ਗਈਆਂ।

ਫੌਜਾਂ ਦੀਆਂ ਛੁੱਟੀਆਂ ਲਈ ਨਿਯਮ ਬਣੇ, ਤਲਬਾ ਮਾਹਾਵਾਰੀ ਦੇਣੀਆਂ ਪ੍ਰਵਾਨ ਕੀਤੀਆਂ। ਫੌਜ ਦੇ ਅਹੁਦੇਦਾਰਾਂ ਲਈ ਸੁੰਦਰ ਨਿਸ਼ਾਨ ਨੀਯਤ ਹੋਏ। ਸ਼ਹਿਰ ਦੀ ਰਾਖੀ ਲਈ ਨਵੀਂ ਫਸੀਲ ਬਣਾਉਣ ਲਈ ਇਕ ਲੱਖ ਰੁਪਿਆ ਖਰਚ ਕਰਨ ਲਈ ਪ੍ਰਵਾਨ ਹੋਇਆ, ਇਹ ਪੰਜਾਬ ਦੇ ਹੋਰਨਾਂ ਵੱਡੇ ਵੱਡੇ ਸ਼ਹਿਰਾਂ ਲਈ ਇਕ ਨਮੂਨਾ ਸੀ, ਜੋ ਸਹਿਜੇ ਸਹਿਜੇ ਸਾਰੇ ਪੰਜਾਬ ਵਿਚ ਵਰਤੋਂ ਵਿਚ ਲਿਆਉਣ ਦਾ ਮਹਾਰਾਜੇ ਨੇ ਹੁਕਮ ਦਿੱਤਾ। ਯੋਗ ਯੋਗ ਥਾਵਾਂ ਤੇ ਫੌਜਾਂ ਲਈ ਪੱਕੀਆਂ ਬੈਰਕਾਂ ਬਣਾਉਣੀਆਂ ਆਰੰਭ ਦਿੱਤੀਆਂ। ਲਾਹੌਰ ਪਰ ਬੀਤੇ ਉਹਨਾਂ ਸਾਰਿਆਂ ਨਾਲੋਂ ਇਹ ਰਾਜ ਪ੍ਰਬੰਧ ਚੰਗਾ ਸੀ।

### ਗੁਜਰਾਤ ਤੇ ਚੜ੍ਹਾਈ

ਭੰਗੀ ਸਰਦਾਰਾਂ ਦੇ ਹੱਥੋਂ ਜਦ ਦਾ ਲਾਹੌਰ ਨਿਕਲ ਗਿਆ ਸੀ, ਤਦ ਤੋਂ ਉਹ ਸਦਾ ਕਿਸੇ ਨਾ ਕਿਸੇ ਢੰਗ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਵਿਰੁੱਧ ਗੋਦਾਂ ਗੁੰਦਦੇ ਰਹਿੰਦੇ ਸਨ, ਜਿਨ੍ਹਾਂ ਵਿਚੋਂ ਇਕ ਇਹ ਸੀ ਕਿ ਸਰਦਾਰ ਸਾਹਿਬ ਸਿੰਘ ਭੰਗੀ ਨੇ ਅੰਦਰੋ ਅੰਦਰ ਆਪਣੀ ਫੌਜ ਨੂੰ ਹੀ ਵਧਾ ਲਿਆ ਅਤੇ ਆਪਣੇ ਨਾਲ ਸਰਦਾਰ ਦਲ ਸਿੰਘ ਅਕਾਲ

ਗੜ੍ਹੀਏ ਨੂੰ ਮਿਲਾ ਕੇ ਗੁਜ਼ਰਾਂਵਾਲੇ ਤੇ ਧਾਵਾ ਕਰਨ ਦੀਆਂ ਤਿਆਰੀਆਂ ਕਰਨ। ਸ: ਦਲ ਸਿੰਘ ਨੂੰ ਮਹਾਰਾਜੇ ਦੇ ਪਿਤਾ ਸ: ਮਹਾਂ ਸਿੰਘ ਨੇ ਆਪਣੇ ਵਲੋਂ ਜਹਾਂਗੀਰ ਵਜੋਂ ਅਕਾਲਗੜ੍ਹ ਦਿੱਤਾ ਸੀ। ਜਦ ਮਹਾਰਾਜਾ ਨੂੰ ਇਨ੍ਹਾਂ ਤਿਆਰੀਆਂ ਦਾ ਪਤਾ ਲੱਗਾ ਤਾਂ ਉਸ ਨੂੰ ਬੜਾ ਹੀ ਰੰਜ ਹੋਇਆ ਤੇ ਉਹਨਾਂ ਦੇ ਹੱਲੇ ਤੋਂ ਪਹਿਲੇ ਹੀ ਤਿਆਰੀ ਕਰਕੇ ਅੱਸੂ ਸੰਮਤ 1801 ਵਿਚ 10 ਹਜਾਰ ਫੌਜ਼ ਤੇ 20 ਤੋਪਾਂ ਨਾਲ ਲੈ ਕੇ ਗੁਜਰਾਤ ਨੂੰ ਜਾ ਘੇਰਿਆ। ਇਹ ਧਾਵਾ ਐਨਾ ਏਕਾ-ਏਕ ਸੀ ਕਿ ਜਦ ਇਸ ਭੰਗੀ ਸਰਦਾਰਾਂ ਨੂੰ ਪਤਾ ਲੱਗਾ ਤਾਂ ਉਹ ਬੜੀ ਕਠਿਨਾਈ ਨਾਲ ਸ਼ਹਿਰ ਤੇ ਕਿਲ੍ਹੇ ਦੇ ਦਰਵਾਜ਼ੇ ਬੰਦ ਕਰ ਸਕੇ, ਪਰ ਉਹਨਾਂ ਹਿੰਮਤ ਨੂੰ ਹੱਥੋ ਨਹੀਂ ਸੀ ਜਾਣ ਦਿੱਤਾ, ਝੱਟ ਸ਼ਹਿਰ ਦੀ ਫਸੀਲ ਤੇ ਤੋਪਾਂ ਚੜ੍ਹਾ ਦਿੱਤੀਆਂ ਤੇ ਲੱਗੇ ਮਹਾਰਾਜੇ ਦੀ ਫੌਜ ਤੇ ਗੋਲੇ ਵਰਸਾਉਣ। ਇਧਰੋਂ ਮਹਾਰਾਜਾ ਵਲੋਂ ਵੀ ਤੋਪਖਾਨੇ ਬੀੜੇ ਗਏ ਤੇ ਇਕ ਭਾਰੀ ਲੜ੍ਹਾਈ ਦੇ ਬਾਅਦ ਜਦ ਭੰਗੀ ਸਰਦਾਰਾਂ ਨੇ ਆਪਣੇ ਆਪ ਨੂੰ ਹੋਰ ਟਾਕਰੇ ਦੇ ਅਸਮਰਥ ਡਿੱਠਾ ਤਾਂ ਰਾਤੋ-ਰਾਤ ਲਾਹੌਰ ਆਦਮੀ ਭੇਜ ਕੇ ਬਾਬਾ ਸਾਹਿਬ ਸਿੰਘ ਨੂੰ ਬੁਲਵਾ ਲਿਆ ਅਤੇ ਉਸ ਦੇ ਰਾਹੀਂ ਮਹਾਰਾਜੇ ਨਾਲ ਸਮਝੋਤਾ ਕਰਕੇ ਆਪਣੇ ਸ਼ਹਿਰ ਨੂੰ ਬਚਾ ਲਿਆ। ਇਥੋਂ ਹੋ ਕੇ ਮਹਾਰਾਜਾ ਅਕਾਲਗੜ੍ਹ ਵੱਲ ਵਧਿਆ ਤੇ ਸਰਦਾਰ ਦਲ ਸਿੰਘ ਨੂੰ ਆਪਣੇ ਨਾਲ ਲੈ ਕੇ ਲਾਹੌਰ ਆ ਗਿਆ ਅਤੇ ਇਥੇ ਕੁਝ ਦਿਨਾਂ ਲਈ ਇਸ ਨੂੰ ਨਜ਼ਰਬੰਦ ਰੱਖਿਆ। ਇਕ ਦਿਨ ਦਲ ਸਿੰਘ ਨੂੰਆਪਣੇ ਸਾਹਮਣੇ ਬੁਲਾਇਆ ਤੇ ਕਿਹਾ ਕਿ ਜਿਸ ਤੈਨੂੰ ਇਲਾਕਾ ਬਖ਼ਸ਼ ਕੇ ਸਰਦਾਰ ਅਤੇ ਜਾਗੀਦਾਰ ਬਣਾਇਆ, ਉਲਟਾ ਉਸ ਦੇ ਵੈਰੀਆ ਨਾਲ ਰਲ ਕੇ ਉਸੇ ਤੇ ਚੜ੍ਹਾਈਆਂ ਦੀਆਂ ਤਿਆਰੀਆਂ ਕਰਦਾ ਰਹਿਓਂ। ਸਰਦਾਰ ਦਲ ਸਿੰਘ ਨੇ ਆਪਣੀ ਨਿਰਅਪਰਾਧਤਾ ਦਾ ਬੜੀ ਨਿਮਰਤਾ ਨਾਲ ਭਰੋਸਾ ਦਿੱਤਾ, ਤਦ ਮਹਾਰਾਜੇ ਨੇ ਉਸ ਨੂੰ ਛੱਡ ਦਿੱਤਾ, ਪਰ ਉਸ ਦਾ ਦਿਲ ਆਪਣੀ ਅਯੋਗ ਕਰਨੀ ਨਾਲ ਐਸਾ ਟੁੱਟਿਆ ਕਿ ਉਹ ਅਕਾਲ ਗੜ੍ਹ ਪਹੁੰਚ ਕੇ ਥੋੜ੍ਹੇ ਦਿਨਾਂ ਦੇ ਅੰਦਰ ਅੰਦਰ ਹੀ ਸੰਸਾਰ ਤੋਂ ਕੂਚ ਕਰ ਲਿਆ।

ਹੁਣ ਮਹਾਰਾਜ ਸਾਹਿਬ ਨੂੰ ਪਤਾ ਲੱਗਾ ਕਿ ਇਹਨਾਂ ਸਾਰੀਆਂ ਗੋਂਦਾਂ ਵਿਚ ਨਜ਼ਾਮੁਦੀਨ ਕਸੂਰੀਏ ਦਾ ਹੱਥ ਵੀ ਕੰਮ ਕਰਦਾ ਸੀ, ਜਿਸ ਨੂੰ ਆਪਣੇ ਕੀਤੇ ਦੀ ਸਜ਼ਾ ਦੇਣ ਲਈ ਇਕ ਤਕੜਾ ਦਸਤਾ ਸਰਦਾਰ ਫ਼ਤਹਿ ਸਿੰਘ ਕਲੀਆਂ ਵਾਲੇ ਦੀ ਸਰਦਾਰੀ ਹੇਠ ਤਿਆਰ ਕਰਵਾ ਕੇ ਸੰਨ 1801 ਦੇ ਛੇਕੜ ਪਰ ਕਸੂਰੀ ਪਠਾਣਾਂ ਨੂੰ ਦੰਡ ਦੇਣ ਲਈ ਤੋਰਿਆ। ਨਜ਼ਾਮੁਦੀਨ ਨੂੰ ਜਦ ਪਤਾ ਲੱਗਾ ਕਿ ਖ਼ਾਲਸਾ ਫੌਜ ਕਸੂਰ ਤੇ ਚੜ੍ਹਾਈ ਕਰਨ ਵਾਲੀ ਹੈ, ਤਾਂ ਇਸ ਨੇ ਵੀ ਲੜ੍ਹਾਈ ਦੀਆਂ ਸਾਰੀਆਂ ਤਿਆਰੀਆਂ ਕਰ ਲਈਆਂ ਤੇ ਹੁਣ ਜਦ ਖਾਲਸਾ ਦਲ ਸ਼ਹਿਰ ਦੇ ਲਾਗੇ ਪਹੁੰਚਿਆ ਤਾਂ ਅੱਗੋ ਪਠਾਣਾਂ ਦੇ ਲਸ਼ਕਰ ਨੇ ਬਾਹਰ ਨਿਕਲ ਕੇ ਤਕੜਾ ਟਾਕਰਾ ਕੀਤਾ, ਪਰ ਉਹ ਜੰਮ ਕੇ ਨਾ ਲੜ ਸਕੇ, ਲੜਦਿਆਂ ਭਿੜਦਿਆਂ ਕੋਈ ਤਿੰਨ ਕੁ ਪਹਿਰ ਹੀ ਬੀਤੇ ਸਨ ਕਿ ਪਠਾਣਾਂ ਦੇ ਪੈਰ ਮੈਦਾਨਿ-ਜੰਗ ਤੋਂ ਉਖੜ ਗਏ ਤੇ ਉਹ ਉਥੋਂ ਨਸ ਕੇ ਕਿਲ੍ਹੇ ਵਿਚ ਜਾ ਵੜ੍ਹੇ। ਸਿੰਘਾਂ ਨੇ ਉਥੇ ਪਹੁੰਚ ਕੇ ਉਹਨਾਂ ਦਾ ਪਿੱਛਾ ਕੀਤਾ ਤੇ ਸ਼ਹਿਰ ਦੇ ਦਰਵਾਜੇ ਭੰਨ੍ਹ ਕੇ ਅੰਦਰ ਜਾ ਵੜੇ। ਹੁਣ ਨੇੜੇ ਹੀ ਸੀ ਕਿ ਕਿਲ੍ਹੇ ਤੇ ਖਾਲਸੇ ਦਾ ਅਧਿਕਾਰ ਜੋ ਜਾਂਦਾ ਕਿ ਇਸ ਸਮੇਂ ਨਜ਼ਾਮੁਦੀਨ ਨੇ ਚਿੱਟਾ ਝੰਡਾ ਖੜ੍ਹਾ ਕਰ ਦਿੱਤਾ ਤੇ ਆਪਣੀ ਜਾਨ ਬਖਸ਼ੀ ਲਈ ਮਿੰਨਤ ਨਾਲ ਬੇਨਤੀ ਕੀਤੀ। ਸਰਦਾਰ ਫਤਹਿ ਸਿੰਘ ਨੇ ਫੌਜ ਨੂੰ ਹੁਕਮ ਦੇ ਕੇ ਗੋਲੀਆ ਚਲਾਉਣੀਆਂ ਬੰਦ ਕਰਵਾ ਦਿੱਤੀਆਂ। ਹੁਣ ਨਜ਼ਾਮੁਦੀਨ ਸ਼ਰਨ ਆ ਗਿਆ ਤੇ ਯੋਗ ਸ਼ਰਤਾਂ ਮੰਨ ਕੇ ਅੱਗੇ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਟਕੇ-ਭਰਵਾਂ ਸੂਬੇਦਾਰ ਥਾਪਿਆ ਗਿਆ। ਇਸ ਜੰਗ ਦੇ ਖਰਚੇ ਲਈ ਇਸ ਨੇ ਇਕ ਵੱਡੀ ਰਕਮ ਦਿੱਤੀ ਪਰ ਅੱਗੇ ਨੂੰ ਭਲੇ ਚਲਨ ਦੀ ਜ਼ਾਮਨੀ ਵਿਚ ਆਪਣੇ ਭਾਈ ਕੁਤੁਬਦੀਨ, ਹਾਜੀ ਖ਼ਾਨ ਅਤੇ ਵਾਸਲ ਖ਼ਾਨ ਨੂੰ ਲਾਹੌਰ ਰਹਿਣ ਲਈ ਭੇਜਿਆ।

ਇਹਨਾਂ ਦਿਨਾਂ ਵਿਚ ਹੀ ਮਹਾਰਾਜੇ ਨੂੰ ਸਰਦਾਰਨੀ ਸਦਾ ਕੋਰ ਜੀ ਵਲੋਂ ਬਟਾਲੇ ਤੋਂ ਖ਼ਬਰ ਆਈ ਕਿ ਉਸ ਦੇ ਇਲਾਕੇ ਤੇ ਰਾਜਾ ਸੰਸਾਰ ਚੰਦ ਕਾਂਗੜੇ ਵਾਲਾ ਚੜ੍ਹਾਈ ਕਰਨਾ ਚਾਹੁੰਦਾ ਹੈ, ਆਪ ਪਹੁੰਚ ਕੇ ਸਹਾਇਤਾ ਕਰੋ। ਮਹਾਰਾਜਾ ਸਾਹਿਬ ਇਕ ਸ਼ਕਤੀਵਰ ਦਸਤਾ 6 ਹਜ਼ਾਰ ਸਵਾਰਾਂ ਦਾ ਆਪਣੇ ਨਾਲ ਲੈ ਕੇ ਸਰਦਾਰਨੀ ਜੀ ਦੀ ਸਹਾਇਤਾ ਲਈ ਬਟਾਲੇ ਪਹੁੰਚ ਗਏ।ਓਧਰ ਸੰਸਾਰ ਚੰਦ ਦੀ ਫੋਜ ਦੇ ਫੌਜਦਾਰ ਨੂੰ ਜਦ ਪਤਾ ਲੱਗਾ ਕਿ ਇਸ ਦੀ ਅਗਵਾਈ ਸ਼ੇਰਿ ਪੰਜਾਬ ਆਪ ਕਰ ਰਿਹਾ ਹੈ, ਤਦ ਉਸ ਉਪਰ ਇੰਨਾ ਭੈ ਛਾਇਆ ਕਿ ਉਹ ਬਿਨਾਂ ਕਿਸੇ ਲੜਾਈ ਦੇ ਰਾਤੋ-ਰਾਤ ਰਣ ਖਾਲੀ ਛੱਡ ਕੇ ਭੱਜ ਗਿਆ ਤੇ ਪਹਾੜਾਂ ਵਿਚ ਜਾ ਵੜਿਆ।

ਮਹਾਰਾਜੇ ਨੇ ਸਦਾ ਕੌਰ ਦਾ ਉਹ ਇਲਾਕਾ ਜੋ ਪਹਾੜੀਆਂ ਨੇ ਦਬਾ ਲਿਆ ਸੀ, ਉਹ ਵੀ ਉਸ ਨੂੰ ਮੁੜ ਲੈ ਕੇ ਦਿੱਤਾ ਤੇ ਇਸ ਤੋਂ ਛੁੱਟ ਨੂਰਪੁਰ ਤੇ ਨੌਸ਼ਹਿਰਾ ਆਦਿ ਪਿੰਡ ਸੰਸਾਰ ਚੰਦ ਦੇ ਇਲਾਕੇ ਤੋਂ ਵੱਖ ਕਰਕੇ ਸਰਦਾਰਨੀ ਸਦਾ ਕੌਰ ਦੇ ਇਲਾਕੇ ਨਾਲ ਮਿਲਾ ਦਿੱਤੇ। ਇਥੇ ਸਰਦਾਰਨੀ ਸਦਾ ਕੌਰ ਨੇ ਸ: ਬੁੱਧ ਸਿੰਘ ਤੇ ਸੰਗਤ ਸਿੰਘ ਦੀਆਂ ਵਧੀਕੀਆਂ ਵੀ ਮਹਾਰਾਜੇ ਨੂੰ ਦੱਸੀਆਂ ਕਿ ਉਹ ਕਿਵੇਂ ਉਸ ਦੇ ਇਲਾਕੇ ਦੀ ਪਰਜਾ ਪਰ ਡਾਕੇ ਮਾਰ ਕੇ ਉਸ ਦਾ ਇਲਾਕਾ ਉਜਾੜ ਰਹੇ ਹਨ। ਮਹਾਰਾਜੇ ਨੇ ਜਾਂਦਿਆਂ ਹੀ ਸੁਜਾਨਪੁਰ ਦੇ ਕਿਲ੍ਹੇ ਨੂੰ ਘੇਰ ਲਿਆ ਤੇ ਇਕ ਤਕੜੀ ਲੜਾਈ ਦੇ ਬਾਅਦ ਕਿਲ੍ਹੇ ਦੀ ਕੰਧ ਨੂੰ ਤੋਪਾਂ ਮਾਰ ਕੇ ਡੇਗ ਦਿੱਤਾ ਤੇ ਕਿਲ੍ਹੇ ਦੇ ਅੰਦਰ ਵੜ ਕੇ ਉਸ ਤੇ ਅਧਿਕਾਰ ਕਰ ਲਿਆ। ਇਸ ਲੜਾਈ ਵਿਚ ਦੋ ਵੱਡੀਆ ਤੋਪਾਂ ਮਹਾਰਾਜੇ ਦੇ ਹੱਥ ਆਈਆਂ। ਸੁਜਾਨਪੁਰ ਵਿਚ ਆਪਣਾ ਠਾਣਾ ਬਿਠਾ ਦਿੱਤਾ, ਧਰਮਕੋਟ ਤੇ ਬੈਹਰਾਮਪੁਰ ਸਦਾ ਕੌਰ ਨੂੰ ਦਵਾ ਦਿੱਤੇ। ਸਰਦਾਰ ਬੁੱਧ ਸਿੰਘ ਤੇ ਸੰਗਤ ਸਿੰਘ ਨੂੰ ਨਿਰਬਾਹ ਲਈ ਲੋੜ ਅਨੁਸਾਰ ਜਾਗੀਰ ਦਿੱਤੀ।

ਇਥੋਂ ਹੁੰਦਾ ਹੋਇਆ ਮਹਾਰਾਜਾ ਪਿੰਡ ਭੱਟੀਆ ਵੱਲ ਗਿਆ ਤੇ ਇਸ ਇਲਾਕੇ ਨੂੰ ਫਤਹਿ ਕਰਕੇ ਸਰਦਾਰ ਫਤਹਿ ਸਿੰਘ ਆਹਲੂਵਾਲੀਏ ਨੂੰ ਦੇ ਦਿੱਤਾ। ਇਸ ਤੇ ਬਾਅਦ ਧੰਨੀ ਦਾ ਇਲਾਕਾ ਵੀ ਸਰ ਕਰ ਲਿਆ ਤੇ ਇਹ ਵੀ ਫਤਹਿ ਸਿੰਘ ਨੂੰ ਦੇ ਦਿੱਤਾ। ਇਉਂ ਮਹਾਰਾਜਾ ਸਾਲ ਦੇ ਛੇਕੜ ਪਰ ਲਾਹੌਰ ਪਰਤ ਆਇਆ। ਇਥੇ ਕੁਝ ਦਿਨ ਠਹਿਰ ਕੇ ਮਹਾਰਾਜਾ ਤੇ ਸ: ਫਤਹਿ ਸਿੰਘ ਸ੍ਰੀ ਤਰਨਤਾਰਨ ਸਾਹਿਬ ਜੀ ਦੇ ਇਸ਼ਨਾਨ ਲਈ ਗਏ ਅਤੇ ਉਥੇ ਉਸ ਨਾਲ ਮਿੱਤਰਤਾ ਦੇ ਸਬੰਧ ਨੂੰ ਵਧੇਰੇ ਪੱਕਾ ਕਰਨ ਲਈ ਪੱਗ-ਵਟਾਂਦਰਾ ਕੀਤਾ।

ਇਸ ਸਮੇਂ ਤਰਨਤਾਰਨ ਸਾਹਿਬ ਤਲਾਅ ਦੇ ਜਿਹੜੇ ਦੋ ਪਾਸੇ ਪੱਕੇ ਬਨਾਉਣੇ ਸ: ਜੱਸਾ ਸਿੰਘ ਰਾਮਗੜ੍ਹੀਏ ਤੋਂ ਬਾਕੀ ਰਹਿ ਗਏ ਸਨ, ਮਹਾਰਾਜਾ ਰਣਜੀਤ ਸਿੰਘ ਨੇ ਪੱਕੇ ਬਣਾਓਣੇ ਆਰੰਭ ਕਰਵਾ ਦਿੱਤੇ। ਸੇਵਾ ਪੂਰੀ ਹੋਣ ਪਰ ਇਸ ਗੁਰੂ ਧਾਮ ਲਈ 4500 ਰੁਪਿਆ ਸਲਾਨਾ ਜਾਗੀਰ ਲਾ ਦਿੱਤੀ।

-0-

**ਸਫਾ 18 ਦਾ ਬਾਕੀ**

ਵਾਧਾ ਕਰਨ ਦੇ ਸਮਰੱਥ ਹੋਣਗੇ। ਹੋਰ ਵਧੇਰੇ ਬੱਚਿਆਂ ਵਾਲੇ ਪਰਿਵਾਰ ਆਪਣੀ ਸੰਖਿਆ-ਸਮਰੱਥਾ, ਸਮਾਜਿਕ ਰੁਤਬਾ ਅਤੇ ਵਿਸ਼ਵ-ਭਰ ਵਿਚ ਪ੍ਰਵਾਨ ਕੀਤੇ ਜਾ ਰਹੇ ਜਮਹੂਰੀ-ਨਿਜ਼ਾਮ ਵਿਚ ਰਾਜ-ਭਾਗ ਦੀ ਖ਼ੁਸ਼ਹਾਲੀ ਮਾਣਨ ਦੇ ਅਧਿਕਾਰੀ ਬਣਨਗੇ। ਸਾਡੀ ਸੋਚ ਅਨੁਸਾਰ ਹਰੇਕ ਦੰਪਤੀ ਨੂੰ ਬਿਨਾਂ ਸਮਾਂ ਗਵਾਇਆਂ,ਪਹਿਲੇ ਬੱਚੇ ਵਾਸਤੇ ਉੱਦਮਸ਼ੀਲ ਹੋਣਾ ਚਾਹੀਦੈ। ਦੂਜੇ ਬੱਚੇ ਲਈ ਦੋ ਸਾਲ ਇੰਤਜ਼ਾਰ ਕਰ ਲੈਣਾ ਚਾਹੀਦੈ ਤੇ ਤੀਜੇ ਲਈ 4-5 ਸਾਲ ਦਾ ਵਕਫਾ ਪਾ ਲੈਣਾ, ਕੌਮੀ-ਮੁਫਾਦਾਂ ਦੀਆਂ ਚੜ੍ਹਦੀਆਂ ਕਲਾਂ ਸਿਰਜਣ ਵਿਚ ਵੱਡਮੁਲਾ ਯੋਗਦਾਨ ਹੋਵੇਗਾ। ਸਿੱਖ-ਸਮਾਜ ਦੀ ਅਧੋਗਤੀ ਨੂੰ ਪੁੱਠਾ-ਗੇੜਾ ਦੇਣ ਲਈ ਪਰਿਵਾਰਕ ਯੋਜਨਾਬੰਦੀ ਤੇ ਉਸ ਦੇ ਲਾਭ-ਹਾਣ ਦਾ ਖਾਕਾ ਤੁਹਾਡੇ ਸਨਮੁਖ ਪੇਸ਼ ਹੈ,ਸੁਚੇਤ ਤੇ ਸਾਵਧਾਨ ਹੋ ਕੇ ਤੁਸਾਂ ਆਪ ਫੈਸਲਾ ਕਰਨਾ ਹੈ, ਕੌਮੀ ਕਿਸਮਤ ਦੀਆਂ ਲਕੀਰਾਂ ਤੁਸਾਂ ਆਪੂੰ ਉਕਰਨੀਆਂ ਨੇ...ਸਤਿਗੁਰੂ ਮਿਹਰ ਕਰਨ।




## ਜਾਨਵਰ ਸਰਦੀ ਤੋਂ ਕਿਵੇਂ ਬਚਦੇ ਹਨ?

ਬੱਚਿਓ! ਕੰਬਦੀ ਸਰਦੀ ਵਿਚ ਅਸੀਂ ਗਰਮ ਕੱਪੜੇ ਪਾ ਕੇ, ਅੱਗ ਸੇਕ ਕੇ ਜਾਂ ਹੀਟਰ ਆਦਿ ਲਗਾ ਕੇ ਸਰਦੀ ਤੋਂ ਆਪਣਾ ਬਚਾਅ ਕਰ ਲੈਂਦੇ ਹਾਂ, ਪਰ ਕੁਦਰਤ ਨੇ ਜਾਨਵਰਾਂ ਨੂੰ ਅਜਿਹੇ ਸਾਧਨ ਦਿੱਤੇ ਹਨ ਜਿਸ ਕਾਰਨ ਉਹ ਸਰਦੀ ਤੋਂ ਬਚੇ ਰਹਿੰਦੇ ਹਨ।

ਕੁਦਰਤ ਨੇ ਜਾਨਵਰਾਂ ਦੇ ਸਰੀਰ 'ਤੇ ਵਾਲ ਅਤੇ ਪੰਛੀਆਂ ਨੂੰ ਖੰਭ ਦਿੱਤੇ ਹਨ ਜੋ ਇਨ੍ਹਾਂ ਲਈ ਗਰਮ ਕੱਪੜਿਆਂ ਦਾ ਕੰਮ ਕਰਦੇ ਹਨ। ਸ਼ੇਰ, ਭੇੜੀਆ, ਬਾਘ, ਬਾਂਦਰ ਆਦਿ ਜੰਗਲੀ ਜਾਨਵਰਾਂ ਦੇ ਸਰੀਰ 'ਤੇ ਸਰਦੀ ਦਾ ਮੌਸਮ ਆਉਂਦੇ ਹੀ ਸੰਘਣੇ ਵਾਲ ਉੱਗ ਆਉਂਦੇ ਹਨ, ਜਿਹੜੇ ਇਨ੍ਹਾਂ ਨੂੰ ਸਰਦੀ ਤੋਂ ਬਚਾਉਂਦੇ ਹਨ ਅਤੇ ਗਰਮੀ ਦਾ ਮੌਸਮ ਆਉਂਦਿਆਂ ਹੀ ਵਾਲ ਝੜ ਜਾਂਦੇ ਹਨ। ਭੇਡਾਂ ਦੇ ਸਰੀਰ 'ਤੇ ਤਾਂ ਉੱਨ ਹੁੰਦੀ ਹੀ ਹੈ।



ਦੱਖਣੀ ਅਮਰੀਕਾ ਦਾ ਜਾਨਵਰ ਅਲਪਾਕਾ

ਤਿੱਬਤ ਦੇ ਪਹਾੜੀ ਇਲਾਕਿਆਂ 'ਚ ਰਹਿਣ ਵਾਲੇ ਇਕ ਤਰ੍ਹਾਂ ਦੇ ਸੰਢੇ – ਯਾਕ ਦੇ ਸਰੀਰ ਅਤੇ ਮੋਢਿਆਂ ਆਦਿ 'ਤੇ ਇੰਨੇ ਲੰਬੇ ਵਾਲ ਹੁੰਦੇ ਹਨ ਕਿ ਉਹ ਜ਼ਮੀਨ ਤਕ ਪਹੁੰਚ ਜਾਂਦੇ ਹਨ। ਇਹ ਵਾਲ ਪਹਾੜਾਂ ਦੀ ਕੰਬਦੀ ਸਰਦੀ ਤੋਂ ਇਸ ਦੀ ਰੱਖਿਆ ਕਰਦੇ ਹਨ। ਦੱਖਣੀ ਅਮਰੀਕਾ ਦੇ ਪਰਬਤਾਂ 'ਤੇ ਰਹਿਣ ਵਾਲੇ ਊਠ ਵਰਗੇ ਜਾਨਵਰ ਅਲਪਾਕਾ ਦੇ ਸਰੀਰ 'ਤੇ ਸੰਘਣੀ ਉੱਨ ਵਰਗੇ ਵਾਲ ਕੜਕਦੀ ਸਰਦੀ ਤੋਂ ਉਸ ਦਾ ਬਚਾਅ ਕਰਦੇ ਹਨ। ਉੱਤਰੀ ਸਾਇਬੇਰੀਆ ਦੇ ਜਾਨਵਰ ਰੇਡੀਅਰ ਦੀ ਚਮੜੀ ਬਹੁਤ ਮੋਟੀ ਹੁੰਦੀ ਹੈ, ਇਸ ਤੋਂ ਇਲਾਵਾ ਉਸ ਦੇ ਸਰੀਰ 'ਤੇ ਵਾਲ ਵੀ ਹੁੰਦੇ ਹਨ ਜਿਸ ਨਾਲ ਉਹ ਬਰਫ਼ੀਲੀ ਠੰਢ ਵਿਚ ਆਸਾਨੀ ਨਾਲ ਰਹਿ ਲੈਂਦਾ ਹੈ। ਇਸੇ ਤਰ੍ਹਾਂ ਹਾਥੀ ਅਤੇ ਗੈਂਡੇ ਦੀ ਮੋਟੀ ਚਮੜੀ ਇਨ੍ਹਾਂ ਦੇ ਸਰੀਰ ਦਾ ਤਾਪਮਾਨ ਰੋਕ ਕੇ ਰੱਖਦੀ ਹੈ।

ਜਿਨ੍ਹਾਂ ਦੇ ਸਰੀਰ 'ਤੇ ਵਾਲ ਅਤੇ ਖੰਭ ਨਹੀਂ ਹੁੰਦੇ, ਉਨ੍ਹਾਂ ਦੇ ਸਰੀਰ ਦੀ ਚਰਬੀ ਦੀ ਪਰਤ ਉਨ੍ਹਾਂ ਨੂੰ ਗਰਮ ਰੱਖਣ 'ਚ ਮਦਦ ਕਰਦੀ ਹੈ। ਵੇਲ ਮੱਛੀ ਦਾ ਖ਼ੂਨ ਹੀ ਗਰਮ ਹੁੰਦਾ ਹੈ। ਇਸ ਤੋਂ ਇਲਾਵਾ ਇਸ ਦੀ ਚਮੜੀ ਦੇ ਥੱਲੇ ਤੇਲ ਭਰੇ ਟਿਸ਼ੂਆਂ ਦੀ ਪਰਤ ਹੁੰਦੀ ਹੈ ਜੋ ਉਸ ਦਾ ਤਾਪਮਾਨ ਰੋਕਣ ਦਾ ਕੰਮ ਕਰਦੀ ਹੈ। ਇਹ ਚਰਬੀਦਾਰ ਪਰਤ ਸਾਰੇ ਸਰੀਰ ਨੂੰ ਢੱਕ ਕੇ ਰੱਖਦੀ ਹੈ। ਛੋਟੀ ਡੌਲਫਿਨ 'ਚ ਇਹ ਪਰਤ 2.5 ਸੈਂਟੀਮੀਟਰ ਮੋਟੀ ਹੁੰਦੀ ਹੈ ਜਦੋਂ ਕਿ ਵੱਡੀਆਂ ਵੇਲ ਮੱਛੀਆਂ ਦੀ ਇਹ ਪਰਤ 30 ਤੋਂ 50 ਸੈਂਟੀਮੀਟਰ ਤਕ ਮੋਟੀ ਹੁੰਦੀ ਹੈ।

ਮਗਰਮੱਛ ਤੇ ਸਟਰਜਨ ਮੱਛੀਆਂ ਦੇ ਸਰੀਰ 'ਤੇ ਹੱਡੀ ਵਾਲੀਆਂ ਪਲੇਟਾਂ ਹੁੰਦੀਆਂ ਹਨ। ਜਿਹੜੀਆਂ ਇਨ੍ਹਾਂ ਦੇ ਸਰੀਰ ਦੇ ਤਾਪ ਨੂੰ ਬਾਹਰ ਨਹੀਂ ਨਿਕਲਣ ਦਿੰਦੀਆਂ। ਦੁਨੀਆਂ ਦੇ ਕਈ ਅਜਿਹੇ ਖੇਤਰ ਹਨ, ਜਿੱਥੇ ਕੜਾਕੇ ਦੀ ਠੰਢ ਪੈਂਦੀ ਹੈ ਅਤੇ ਸਾਰਾ ਸਾਲ ਬਰਫ਼ ਜੰਮੀ ਰਹਿੰਦੀ ਹੈ। ਅਜਿਹੇ ਵਿਚ ਜੀਵ – ਜੰਤੂਆਂ ਲਈ ਭੋਜਨ ਦੀ ਕਮੀ ਹੋ ਜਾਂਦੀ ਹੈ, ਉੱਥੇ ਕੁਦਰਤ ਕੁਝ ਜੀਵਾਂ ਨੂੰ 'ਸ਼ੀਤ-ਨਿਦਰਾ' 'ਚ ਸੁਆ ਦਿੰਦੀ ਹੈ ਅਤੇ ਕੁਝ ਜੀਵ ਸਾਰੀ ਸਰਦੀ ਸੌਂ ਕੇ ਹੀ ਗੁਜ਼ਾਰ ਦਿੰਦੇ ਹਨ। ਇਸ ਸਮੇਂ ਦੌਰਾਨ ਕੁਦਰਤੀ ਉਨ੍ਹਾਂ ਨੂੰ ਭੁੱਖ ਨਹੀਂ ਲੱਗਦੀ। ਸਰਦ ਖੇਤਰਾਂ ਵਿਚ ਰਹਿਣ ਵਾਲੇ ਭਾਲੂ, ਚਮਗਿੱਦੜ, ਗਲਹਿਰੀਆਂ ਆਦਿ ਜੀਵ 'ਸ਼ੀਤ ਨਿਦਰਾ' ਵਿਚ ਚਲੇ ਜਾਂਦੇ ਹਨ। ਸੱਪ, ਛਿਪਕਲੀਆਂ, ਤਿਤਲੀਆਂ ਅਤੇ ਹੋਰ ਕੀੜੇ-ਮਕੌੜੇ ਖੁੱਡਾਂ ਆਦਿ ਵਿਚ ਲੁਕ ਕੇ ਸਰਦੀ ਬਿਤਾਉਂਦੇ ਹਨ। ਇਸ ਤਰ੍ਹਾਂ ਕੁਦਰਤੀ ਤੌਰ 'ਤੇ ਜੀਵ-ਜੰਤੂ ਸਰਦੀ ਤੋਂ ਬਚੇ ਰਹਿੰਦੇ ਹਨ।

-0-

## ਪੰਛੀਆਂ ਦਾ ਮੇਲਾ ਕੇਸ਼ੋਪੁਰ ਛੰਭ

**ਬਲਵਿੰਦਰ ਬਾਲਮ 98156-25409**



ਬੱਚਿਓ! ਕੇਸ਼ੋਪੁਰ ਛੰਭ ਭਾਰਤ ਦਾ ਪਹਿਲਾ ਕੁਦਰਤੀ ਸੋਮਿਆਂ ਦਾ ਭੰਡਾਰ ਹੈ। ਇਹ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਵਿਚ ਸਥਿਤ ਹੈ। ਇੱਥੇ ਹਰ ਸਾਲ ਹਜ਼ਾਰਾਂ ਦੀ ਸੰਖਿਆ ਵਿਚ ਹਜ਼ਾਰਾਂ ਕਿਲੋਮੀਟਰ ਦਾ ਲੰਬਾ ਸਫ਼ਰ ਤੈਅ ਕਰਕੇ ਪਰਵਾਸੀ ਪੰਛੀ ਨਵੰਬਰ ਤੋਂ ਮਾਰਚ ਤਕ ਮੇਲਾ ਲਾਉਂਦੇ ਹਨ।

ਇਸ ਮੇਲੇ ਵਿਚ ਇਸ ਸਾਲ 25 ਹਜ਼ਾਰ ਦੇ ਕਰੀਬ ਪੰਛੀ ਪੁੱਜੇ ਹਨ। ਕੇਸ਼ੋਪੁਰ ਛੰਭ ਪੰਛੀਆਂ ਦਾ ਇਕ ਤਰ੍ਹਾਂ ਦਾ ਮਨੋਰੰਜਨ ਸਥਾਨ ਹੈ ਜਿੱਥੇ ਆ ਕੇ ਉਹ ਮੌਸਮ ਦੀ ਤਬਦੀਲੀ ਦਾ ਪੂਰਾ ਆਨੰਦ ਮਾਣਦੇ ਹਨ ਅਤੇ ਇੱਥੇ ਆਉਣ ਵਾਲੀਆਂ ਦਾ ਵੀ ਮਨੋਰੰਜਨ ਕਰਦੇ ਹਨ। ਇੱਥੇ ਆਉਣ ਵਾਲੇ ਪੰਛੀਆਂ ਵਿਚ ਕਾਮਨ ਟੀਲ, ਗੈਲਵਾੜ, ਨਾਰਦਰਨ ਸ਼ਾਵਰਲਰ, ਪਿੰਨਟੇਲ, ਕੂਟ, ਵਲੀਨੇਬਡ ਸ਼ਟਾਰਕ, ਪੈਟੇਲ ਸਟਾਰਕ, ਰੈੱਡ ਨੈਬਡ ਇੰਬਜ਼, ਸਾਰਸ ਕਰੇਨ, ਨਾਰਦਰਨ ਲੈਪ ਬਿੰਗ, ਕੂੰਜਾਂ, ਮੁਰਗਾਬੀਆਂ, ਸੈਰੋਂ, ਜਲਕੁੱਕੜੀ, ਤਰ੍ਹਾਂ ਤਰ੍ਹਾਂ ਦੀਆਂ ਚਿੜੀਆਂ, ਬਗਲੇ, ਮੁਰਗੇ, ਬੱਤਖਾਂ, ਕਠਫੋੜਾ, ਬਲੂ ਕਰਾਊਡ, ਰਾਮ ਚਿਰੱਈਆ ਆਦਿ ਵੱਡੀ ਸੰਖਿਆ ਵਿਚ ਮੌਜੂਦ ਹਨ। ਇਹ ਪੰਛੀ

ਬੁਲਗਾਰੀਆ, ਚੀਨ, ਰੂਸ, ਸਾਇਬੇਰੀਆ, ਕਜ਼ਾਕਿਸਤਾਨ, ਅਫ਼ਗਾਨਿਸਤਾਨ ਅਤੇ ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਇੱਥੇ ਹਰ ਸਾਲ ਪੁੱਜਦੇ ਹਨ।

ਕੇਸ਼ੋਪੁਰ ਦਾ ਖੇਤਰ ਖੁੱਲ੍ਹੇ ਡੁੱਲ੍ਹੇ ਕੁਦਰਤੀ ਛੱਪੜਾਂ, ਉੱਚੀਆਂ-ਦਰਮਿਆਨੀਆਂ ਅਤੇ ਛੋਟੀਆਂ ਜੜੀਆਂ ਬੂਟੀਆਂ ਤੇ ਤਰ੍ਹਾਂ ਤਰ੍ਹਾਂ ਦੇ ਘਾਹ ਵਾਲਾ ਖ਼ੂਬਸੂਰਤ ਨਜ਼ਾਰਿਆਂ ਨਾਲ ਭਰਪੂਰ ਹੈ। ਪੰਛੀਆਂ ਤੋਂ ਇਲਾਵਾ ਇੱਥੇ ਕਈ ਤਰ੍ਹਾਂ ਦੇ ਜਾਨਵਰ ਵੀ ਰਹਿੰਦੇ ਹਨ। ਇੱਥੋਂ ਦੇ ਕਈ ਪੰਛੀ ਤਾਂ ਅਕਤੂਬਰ ਤੋਂ ਮਾਰਚ ਤਕ ਪਾਣੀ ਵਿਚ ਹੀ ਤੈਰਦੇ ਰਹਿੰਦੇ ਹਨ। ਕਈ ਛੱਪੜਾਂ ਦੇ ਕਿਨਾਰਿਆਂ 'ਤੇ ਆ ਕੇ ਅਠਖੇਲੀਆਂ ਕਰਦੇ, ਵਿਭਿੰਨ ਆਵਾਜ਼ਾਂ ਕੱਢਦੇ ਹੋਏ ਦਿਲਕਸ਼ ਨਜ਼ਾਰਾ ਪੇਸ਼ ਕਰਦੇ ਹਨ।

ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਇਹ ਖੇਤਰ 850 ਏਕੜ ਦੇ ਰਕਬੇ 'ਤੇ ਫੈਲਿਆ ਹੋਇਆ ਹੈ। ਇੱਥੇ ਦੇਸ਼ੀ-ਵਿਦੇਸ਼ੀ ਸੈਲਾਨੀਆਂ ਤੋਂ ਇਲਾਵਾ ਸਕੂਲਾਂ-ਕਾਲਜਾਂ ਦੇ ਵਿਦਿਆਰਥੀ ਵੀ ਵੱਡੀ ਸੰਖਿਆ ਵਿਚ ਆਉਂਦੇ ਹਨ। ਛੰਭ ਵਿਚ ਪੈਦਾ ਹੁੰਦੀਆਂ ਜੜੀਆਂ-ਬੂਟੀਆਂ ਤੋਂ ਕਈ ਤਰ੍ਹਾਂ ਦੀਆਂ ਵਸਤਾਂ ਤਿਆਰ ਕੀਤੀਆਂ ਜਾਂਦੀਆਂ ਹਨ। ਇੱਥੇ ਭੇਹ ਅਤੇ ਸੰਘਾੜੇ ਦੀ ਫ਼ਸਲ ਵੀ ਭਰਪੂਰ ਹੁੰਦੀ ਹੈ। ਇਹ ਦੋਨੋਂ ਫ਼ਸਲਾਂ ਪਾਣੀ ਵਿਚ ਤਿਆਰ ਹੁੰਦੀਆਂ ਹਨ। ਜਲ ਕੁੰਭੀ ਤੋਂ ਪਰਸ, ਫਾਈਲ ਕਵਰ ਅਤੇ ਚੱਪਲਾਂ ਆਦਿ ਤਿਆਰ ਕਰਨ ਲਈ ਇੱਥੋਂ ਦੀਆਂ ਕਈ ਔਰਤਾਂ ਨੂੰ ਆਸਾਮ ਤੋਂ ਵਿਸ਼ੇਸ਼ ਸਿਖਲਾਈ ਦਿਵਾਈ ਗਈ ਹੈ। ਕਾਈ (ਇਕ ਤਰ੍ਹਾਂ ਦੀ ਬੂਟੀ) ਤੋਂ ਵੀ ਕਈ ਵਸਤਾਂ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਕੇਸ਼ੋਪੁਰ ਛੰਭ ਵਿਖੇ ਜਿੱਥੇ ਪੰਛੀਆਂ ਦਾ ਮੇਲਾ ਲੱਗਦਾ ਹੈ, ਉੱਥੇ ਇਸ ਨਾਲ ਕਈਆਂ ਨੂੰ ਰੁਜ਼ਗਾਰ ਵੀ ਮਿਲਦਾ ਹੈ।

---


**ਬਾਲ ਕਹਾਣੀ:**

# ਊਠ ਦੇ ਗਲ ਟੱਲੀ

**-ਬਹਾਦਰ ਸਿੰਘ ਗੋਸਲ # 98764-52223**

ਬੱਚਿਓ! ਜੰਗਲ ਦਾ ਰਾਜਾ ਸ਼ੇਰ ਸਭ ਜੰਗਲੀ ਜੀਵਾਂ ਨੂੰ ਬਹੁਤ ਨੁਕਸਾਨ ਪਹੁੰਚਾ ਰਿਹਾ ਸੀ। ਉਹ ਆਪਣੀ ਲੋੜ ਤੋਂ ਵੱਧ ਜੀਵਾਂ ਨੂੰ ਮਾਰ-ਮਾਰ ਕੇ ਸੁੱਟ ਦਿੰਦਾ ਤਾਂ ਜੰਗਲ ਦੇ ਸਾਰੇ ਜੀਵਾਂ ਨੇ ਪੰਚਾਇਤ ਕਰ ਕੇ ਫ਼ੈਸਲਾ ਕੀਤਾ ਕਿ ਹਰ ਰੋਜ਼ ਇੱਕ-ਇੱਕ ਜੰਗਲੀ ਜੀਵ ਸ਼ੇਰ ਦਾ ਸ਼ਿਕਾਰ ਬਣਨ ਲਈ ਉਸ ਕੋਲ ਜਾਵੇਗਾ ਜਿਸ ਨੂੰ ਖਾ ਕੇ ਉਹ ਆਪਣੀ ਭੁੱਖ ਮਿਟਾ ਸਕੇਗਾ। ਇਹ ਫ਼ੈਸਲਾ ਸ਼ੇਰ ਨੂੰ ਵੀ ਦੱਸ ਦਿੱਤਾ ਅਤੇ ਨਾਲ ਹੀ ਸ਼ਰਤ ਲਗਾਈ ਕਿ ਉਹ ਹੋਰ ਜਾਨਵਰਾਂ ਨੂੰ ਨਹੀਂ ਮਾਰੇਗਾ।

ਇਸ ਤਰ੍ਹਾਂ ਹਰ ਰੋਜ਼ ਇੱਕ ਇੱਕ ਕਰਕੇ ਜੰਗਲੀ ਜੀਵ ਸ਼ੇਰ ਕੋਲ ਜਾਂਦੇ ਅਤੇ ਸ਼ੇਰ ਉਸ ਨੂੰ ਮਾਰ ਕੇ ਆਪਣੀ ਭੁੱਖ ਮਿਟਾ ਲੈਂਦਾ। ਕਈ ਦਿਨਾਂ ਬਾਅਦ ਇੱਕ ਖਰਗੋਸ਼ ਦੀ ਵਾਰੀ ਆਈ ਤਾਂ ਉਹ ਜਾਣ ਬੁੱਝ ਕੇ ਸ਼ੇਰ ਕੋਲ ਲੇਟ ਗਿਆ। ਸ਼ੇਰ ਗੁੱਸੇ ਵਿੱਚ ਬੈਠਾ ਸੀ ਤਾਂ ਖਰਗੋਸ਼ ਨੂੰ ਦੇਖ ਗੁੱਸੇ ਨਾਲ ਬੋਲਿਆ, ''ਓਏ ਖਰਗੋਸ਼ ਦੇ ਬੱਚੇ ਤੂੰ ਲੇਟ ਕਿਉਂ ਆਇਆ ਏ? ਮੈਂ ਬਹੁਤ ਦੇਰ ਤੋਂ ਇੰਤਜ਼ਾਰ ਕਰ ਰਿਹਾ ਹਾਂ।'' ਖਰਗੋਸ਼ ਨੇ ਆਪਣੀ ਸਫ਼ਾਈ ਵਿੱਚ ਕੁਝ ਕਹਿਣਾ ਸ਼ੁਰੂ ਹੀ ਕੀਤਾ ਸੀ ਕਿ ਸ਼ੇਰ ਫਿਰ ਗਰਜਿਆ, ''ਹੁਣ ਤੂੰ ਮੇਰੇ ਵਰਗੇ ਦੂਜੇ ਸ਼ੇਰ ਦਾ ਬਹਾਨਾ ਕਰ ਕੇ ਮੈਨੂੰ ਖੂਹ ਵਿੱਚ ਸੁੱਟਣ ਦੀ ਕਹਾਣੀ ਘੜੇਂਗਾ। ਮੇਰਾ ਬਜ਼ੁਰਗ ਤਾਂ ਮੂਰਖ ਸੀ ਜਿਸ ਨੇ ਤੇਰੇ ਚਤੁਰ ਬਜ਼ੁਰਗ ਦੀਆਂ ਗੱਲਾਂ ਵਿੱਚ ਆ ਕੇ ਖੂਹ ਵਿੱਚ ਛਾਲ ਮਾਰ ਦਿੱਤੀ ਸੀ। ਮੈਂ ਤਾਂ ਨਵੇਂ ਜ਼ਮਾਨੇ ਦਾ ਆਧੁਨਿਕ ਸ਼ੇਰ ਹਾਂ, ਮੂਰਖ ਨਹੀਂ। '' ਸ਼ੇਰ ਦੀ ਗੱਲ ਸੁਣ ਖਰਗੋਸ਼ ਚੁਕੰਨਾ ਹੋ ਗਿਆ, ਪਰ ਬਹੁਤ ਹੀ ਫੁਰਤੀ ਨਾਲ ਗੱਲ ਬਦਲਦਿਆਂ ਬੋਲਿਆ, ''ਜਨਾਬ, ਮੈਂ ਵੀ ਤੁਹਾਨੂੰ ਇਹੀ ਗੱਲ ਕਹਿਣ ਲੱਗਿਆ ਸੀ ਕਿ ਤੁਸੀਂ ਮੂਰਖ ਨਹੀਂ ਹੋ, ਤੁਸੀਂ ਤਾਂ ਬਹੁਤ ਹੀ ਸਮਝਦਾਰ ਅਤੇ ਸਿਆਣੇ ਹੋ।'' ਖਰਗੋਸ਼ ਦੀ ਗੱਲ ਸੁਣ ਕੇ ਸ਼ੇਰ ਚੌੜਾ ਹੋ ਕੇ ਬੈਠ ਗਿਆ ਅਤੇ ਪੁੱਛਿਆ ''ਤੈਨੂੰ ਕਿਵੇਂ ਪਤਾ ਏ?'' ਤਾਂ ਖਰਗੋਸ਼ ਫਿਰ ਬੋਲਿਆ, ''ਦੇਖੋ ਨਾ! ਮੈਂ ਛੋਟਾ ਜਿਹਾ ਖਰਗੋਸ਼, ਤੁਹਾਡੀ ਇੱਕ ਬੁਰਕੀ ਜਿਹਾ, ਤੁਹਾਡੀ ਜਾੜ੍ਹ ਹੇਠ ਵੀ ਨਹੀਂ ਆਵਾਂਗਾ, ਮੈਨੂੰ ਖਾ ਕੇ ਤੁਹਾਨੂੰ ਕੀ ਮਿਲੇਗਾ? ਇਸ ਲਈ ਮੈਂ ਸੋਚਦਾ ਹਾਂ ਕਿ ਤੁਹਾਡੇ ਲਈ ਕੋਈ ਵੱਡਾ ਸਾਰਾ ਜਾਨਵਰ ਲੱਭ ਕੇ ਲਿਆਵਾਂ ਤਾਂ ਕਿ ਤੁਹਾਡਾ ਪੂਰਾ ਪੇਟ ਭਰ ਜਾਵੇ। ਇਸ ਲਈ ਤੁਸੀਂ ਮੈਨੂੰ ਖਾਣ ਦੀ ਮੂਰਖਤਾ ਨਹੀਂ ਕਰੋਗੇ। ਸ਼ੇਰ ਹਵਾ ਛੱਕ ਗਿਆ ਅਤੇ ਬੋਲਿਆ, '' ਹਾਂ, ਹਾਂ ਤੂੰ ਠੀਕ ਏ, ਤੂੰ ਜਲਦੀ ਜਾ ਅਤੇ ਕੋਈ ਵੱਡਾ ਜਾਨਵਰ ਲੈ ਕੇ ਆ, ਮੈਂ ਇੱਥੇ ਹੀ ਤੇਰਾ ਇੰਤਜ਼ਾਰ ਕਰਾਂਗਾ।''



ਇੰਨਾ ਸੁਣਨ ਦੀ ਦੇਰ ਸੀ ਕਿ ਖਰਗੋਸ਼ ਦੌੜ ਗਿਆ ਅਤੇ ਜੰਗਲ ਦੇ ਨਾਲ ਲੱਗਦੇ ਪਿੰਡ ਵਿੱਚ ਇੱਕ ਊਠ ਨੂੰ ਜਾ ਮਿਲਿਆ ਅਤੇ ਸ਼ੇਰ ਤੋਂ ਜਾਨਵਰਾਂ ਦੇ ਛੁਟਕਾਰੇ ਲਈ ਆਪਣੀ ਸਾਰੀ ਸਕੀਮ ਸਮਝਾਈ। ਊਠ ਸਮਝ ਗਿਆ ਅਤੇ ਉਸਦੀ ਸਕੀਮ ਵਿੱਚ ਸ਼ਾਮਲ ਹੋ ਗਿਆ। ਹੁਣ ਖਰਗੋਸ਼ ਨੇ ਇੱਕ ਵੱਡੀ ਟੱਲੀ ਲਿਆ ਕੇ ਊਠ ਦੇ ਗਲ਼ ਬੰਨ੍ਹ ਦਿੱਤੀ ਅਤੇ ਆਪ ਊਠ ਦੇ ਉੱਪਰ ਬੈਠ ਕੇ ਜੰਗਲ ਵਿੱਚ ਸ਼ੇਰ ਵੱਲ ਚੱਲ ਪਿਆ। ਜਦੋਂ ਤੁਰਨ ਸਮੇਂ ਊਠ ਦੇ ਗਲ਼ ਟੱਲੀ ਵੱਜਦੀ ਤਾਂ ਰਸਤੇ ਵਿੱਚ ਸਾਰੇ ਜੰਗਲੀ ਜੀਵ ਉਸ ਕੋਲ ਇਕੱਠੇ ਹੋਣ ਲੱਗੇ। ਜੰਗਲੀ ਜੀਵਾਂ ਨੂੰ ਬਾਹਰ ਆਉਂਦਿਆਂ ਦੇਖ ਊਠ 'ਤੇ ਬੈਠਾ ਖਰਗੋਸ਼ ਕਹਿ ਰਿਹਾ ਸੀ, ''ਆਓ ਸਾਰੇ! ਜੰਗ ਦਾ ਐਲਾਨ ਹੋ ਚੁੱਕਾ ਹੈ।'' ਸਭ ਜੀਵ ਉਨ੍ਹਾਂ ਦੇ ਪਿੱਛੇ ਲੱਗ ਤੁਰੇ। ਕੀ ਛੋਟੇ ਅਤੇ ਵੱਡੇ ਸਭ ਜੰਗਲੀ ਜੀਵ ਸੈਨਾ ਦੀ ਤਰ੍ਹਾਂ ਉਨ੍ਹਾਂ ਦੇ ਪਿੱਛੇ ਪਿੱਛੇ ਜਾ ਰਹੇ ਸਨ। ਜੰਗਲੀ ਜੀਵਾਂ ਦੇ ਬੱਚਿਆਂ ਲਈ ਤਾਂ ਇਹ ਇੱਕ ਤਮਾਸ਼ਾ ਹੀ ਬਣ ਗਿਆ ਸੀ, ਉਹ ਵੀ ਤਾੜੀਆਂ ਮਾਰਦੇ ਪਿਛੇ ਦੌੜਦੇ ਜਾਣ। ਜਿਉਂ-ਜਿਉਂ ਟੱਲੀ ਵੱਜਦੀ ਜਾਵੇ, ਹਰ ਕਿਸਮ ਦੇ ਜੰਗਲੀ ਜੀਵ ਕਾਫਲੇ ਵਿੱਚ ਸ਼ਾਮਲ ਹੁੰਦੇ ਜਾਣ।

ਸ਼ੇਰ ਕੋਲ ਪਹੁੰਚ ਕੇ ਖਰਗੋਸ਼ ਬੋਲਿਆ, "ਦੇਖ, ਓਏ ਸ਼ੇਰ, ਅੱਜ ਰਾਜਾ ਮੈਂ ਹਾਂ, ਇਹ ਊਠ ਤੇਰਾ ਵੱਡਾ ਸ਼ਿਕਾਰ ਹੈ।'' ਪਰ ਇਸ ਤੋਂ ਪਹਿਲਾਂ ਹੀ ਸਾਰੇ ਜੀਵਾਂ ਨੇ ਸ਼ੇਰ ਨੂੰ ਘੇਰੇ ਵਿੱਚ ਲੈ ਲਿਆ। ਹਾਥੀਆਂ, ਗੈਂਡਿਆਂ ਅਤੇ ਦੂਜੇ ਵੱਡੇ ਜੀਵਾਂ ਨੇ ਛੋਟੇ ਜੀਵਾਂ ਲਈ ਸੁਰੱਖਿਆ ਚੱਕਰ ਬਣਾ ਲਿਆ। ਸ਼ੇਰ ਘਬਰਾ ਗਿਆ, ਪਰ ਦੱਬੀ ਪੂਛ ਉਹ ਊਠ ਵੱਲ ਵਧਿਆ ਤਾਂ ਇਕ ਹਾਥੀ ਨੇ ਠੁੱਢ ਮਾਰ ਕੇ ਦੂਰ ਸੁੱਟ ਦਿੱਤਾ, ਜਦੋਂ ਉੱਠਿਆ ਤਾਂ ਦੂਜੇ ਹਾਥੀ ਨੇ ਸੁੰਢ ਨਾਲ ਚੁੱਕ ਕੇ ਧਰਤੀ 'ਤੇ ਮਾਰਿਆ। ਇੱਕ ਜੰਗਲੀ ਗਧੇ ਨੇ ਦੁਲੱਤਾ ਮਾਰ ਕੇ ਉਸ ਦੇ ਮੂੰਹ ਦੇ ਸਾਰੇ ਦੰਦ ਤੋੜ ਕੇ ਲਹੂ-ਲੁਹਾਨ ਕਰ ਦਿੱਤਾ। ਜੰਗਲੀ ਜੀਵਾਂ ਦੇ ਸਭ ਬੱਚੇ ਜ਼ੋਰ ਜ਼ੋਰ ਦੀ ਤਾੜੀਆਂ ਮਾਰਨ ਲੱਗੇ।

ਜਦੋਂ ਸ਼ੇਰ ਨਿਢਾਲ ਹੋ ਕੇ ਮੌਤ ਦੇ ਮੂੰਹ ਨੇੜੇ ਪਹੁੰਚਿਆ ਤਾਂ ਖਰਗੋਸ਼ ਊਠ ਤੋਂ ਹੇਠਾਂ ਉੱਤਰਿਆ ਅਤੇ ਸ਼ੇਰ ਕੋਲ ਜਾ ਕੇ ਕਿਹਾ, ''ਆਧੁਨਿਕ ਸ਼ੇਰ! ਤੂੰ ਅੱਜ ਵੀ ਮੂਰਖ ਹੈ, ਤੇਰੀ ਮੂਰਖਤਾ ਕਾਰਨ ਹੀ ਮੇਰੀ ਅਤੇ ਬਾਕੀ ਜੀਵਾਂ ਦੀ ਜਿੱਤ ਹੋਈ ਹੈ। ਯਾਦ ਰੱਖ ਗ਼ਰੀਬਾਂ, ਕਮਜ਼ੋਰਾਂ, ਨਿਮਾਣਿਆਂ 'ਤੇ ਜ਼ੁਲਮ ਕਰਨ ਵਾਲੇ ਸਦਾ ਹੀ ਮੂਰਖ ਹੁੰਦੇ ਹਨ।'' ਦੇਖਦੇ ਦੇਖਦੇ ਸ਼ੇਰ ਨੇ ਪ੍ਰਾਣ ਤਿਆਗ ਦਿੱਤੇ। ਹੁਣ ਖਰਗੋਸ਼ ਨੇ ਸਭ ਜੀਵਾਂ ਦਾ ਖ਼ਾਸ ਕਰਕੇ ਊਠ ਦਾ ਧੰਨਵਾਦ ਕੀਤਾ ਅਤੇ ਸਭ ਜੀਵ ਆਪਣੇ ਕਿਲਕਾਰੀਆਂ ਮਾਰਦੇ ਬੱਚਿਆਂ ਨਾਲ ਘਰਾਂ ਨੂੰ ਚਲੇ ਗਏ।

-0-

# ਗੁਰਮਤਿ ਦੀ ਰਹਿਣੀ ਕੀ ਹੈ?

## (ਕਿਰਤ ਕਰੋ, ਨਾਮ ਜਪੋ, ਵੰਡ ਛਕੋ)

ਸਿੱਖੀ ਦੇ ਤਿੰਨ ਮੁੱਖ ਸਿਧਾਂਤ ਹਨ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ। ਇਕ ਪੂਰਨ ਗੁਰਸਿੱਖ ਤਾਂ ਹੀ ਬਣਿਆ ਜਾ ਸਕਦਾ ਹੈ ਜੇ ਇਹ ਤਿੰਨੇ ਸਿਧਾਂਤ ਪੂਰਨ ਤੌਰ ਤੇ ਮੰਨ ਕੇ ਕਮਾ ਲਏ ਜਾਣ। ਇਹਨਾਂ ਵਿਚੋਂ ਕਿਸੇ ਇੱਕ ਸਿਧਾਂਤ ਦਾ ਤਿਆਗ ਵੀ ਸਿੱਖ ਨੂੰ ਸਿੱਖੀ ਦੇ ਖੇਤਰ ਵਿੱਚੋਂ ਬਾਹਰ ਕਰ ਦਿੰਦਾ ਹੈ, ਇਸ ਵਾਸਤੇ ਸਿੱਖ ਬਣੇ ਰਹਿਣ ਲਈ ਇਨ੍ਹਾਂ ਤਿੰਨਾਂ ਸਿਧਾਂਤਾਂ ਦੀ ਪਾਲਣਾ ਕਰਨੀ ਬਹੁਤ ਲਾਜਮੀ ਹੈ।

**ਕਿਰਤ ਕਰੋ :–** ਗੁਰਮਤਿ ਅਨੁਸਾਰ ਪਰਾਇਆਂ ਹੱਕ ਖਾਣ ਵਾਲਾ ਵਿਅਕਤੀ ਕਦੇ ਵੀ ਪ੍ਰਭੂ ਪ੍ਰਾਪਤੀ (ਮੁਕਤੀ) ਹਾਸਿਲ ਨਹੀਂ ਕਰ ਸਕਦਾ। ਪਰਾਇਆਂ ਹੱਕ ਹਮੇਸ਼ਾ ਹੀ ਵਿਹਲੜ ਅਤੇ ਨਿਕੰਮੇ ਲੋਕ ਹੀ ਖਾਂਦੇ ਹਨ। ਕਿਰਤੀ ਮਨੁੱਖ ਨੂੰ ਕਦੇ ਵੀ ਪਰਾਇਆਂ ਹੱਕ ਖਾਣ ਦੀ ਜਰੂਰਤ ਨਹੀਂ ਪੈਂਦੀ। ਧੰਨ ਗੁਰੂ ਨਾਨਕ ਪਾਤਸ਼ਾਹ ਸਮਝਾਉਂਦੇ ਹਨ ਕਿ ਜਿਹੜਾ ਵੀ ਵਿਅਕਤੀ ਆਪਣੀਆਂ ਲੋੜਾਂ ਕਿਰਤ ਕਰਕੇ ਪੂਰੀਆਂ ਕਰਦਾ ਹੈ ਅਤੇ ਆਪਣੀ ਕਮਾਈ ਵਿੱਚੋਂ ਕੁਝ ਹਿੱਸਾ ਬਚਾ ਕੇ ਜਰੂਰਤ ਮੰਦਾਂ ਦੀ ਮਦਦ ਕਰਦਾ ਹੈ ਤਾਂ ਸਮਝ ਲਵੋ ਕਿ ਉਸ ਵਿਅਕਤੀ ਨੂੰ ਪ੍ਰਭੂ (ਮੁਕਤੀ) ਪ੍ਰਾਪਤੀ ਦਾ ਰਸਤਾ ਮਿਲ ਗਿਆ ਹੈ। " ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ"॥ (ਪੰਨਾ 1245) ਸਤਿਗੁਰਾਂ ਦੇ ਇਸ ਸਿਧਾਂਤ ਨੂੰ ਭਾਈ ਗੁਰਦਾਸ ਜੀ ਹੋਰ ਖੋਲ੍ਹਦੇ ਹਨ ਕਿ "ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ "॥ (ਵਾਰ 6/12)



**ਨਾਮ ਜਪੋ :–** ਅਗਿਆਨਤਾ ਕਾਰਣ ਬਹੁਤੇ ਲੋਕ ਇਹ ਸਮਝਦੇ ਹਨ ਕਿ ਜਿਵੇਂ ਸਾਡੇ ਨਾਮ ਹਨ, ਠੀਕ ਇਸ ਪ੍ਰਕਾਰ ਹੀ ਰੱਬ ਜੀ ਦਾ ਵੀ ਕੋਈ ਨਾਮ ਹੈ। ਅਲੱਗ ਅਲੱਗ ਧਰਮਾਂ ਦੇ ਪ੍ਰਚਾਰਕ ਆਪਣੇ ਆਪਣੇ ਧਰਮ ਮੁਤਾਬਕ ਰੱਖੇ ਹੋਏ ਨਾਮ ਨੂੰ ਹੀ ਰੱਬ ਜੀ ਦਾ ਨਾਮ ਸਮਝ ਕੇ ਅਲਾਪਦੇ ਹਨ ।ਯਾਦ ਰਹੇ ਕਿ ਸਾਡੇ ਨਾਮ ਰੱਖੇ ਹਨ ਸਾਡੇ ਮਾਤਾ ਪਿਤਾ ਨੇ ਪਰ ਗੁਰਮਤਿ ਅਨੁਸਾਰ ਤਾਂ ਰੱਬ ਜੀ ਦਾ ਕੋਈ ਵੀ ਮਾਤਾ ਪਿਤਾ ਨਹੀਂ ਹੈ। " ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ "॥ (ਪੰਨਾ 338), ਜਾਪ ਸਾਹਿਬ ਵਿੱਚ ਲਿਖਿਆ ਹੈ ਕਿ ਰੱਬ ਦਾ ਕੋਈ ਨਾਮ ਨਹੀਂ ਹੈ। " ਨਮਸਤੰ ਅਨਾਮੇ॥ ਨਮਸਤੰ ਅਠਾਮੇ॥ ੪॥ ਨਮਸਤੰ ਅਨਾਮੰ॥ ਨਮਸਤੰ ਅਧਾਮੰ॥ ੫॥(ਜਾਪੁ ਸਾਹਿਬ), ਇਸ ਲਈ ਗੁਰਮਤਿ ਅਨੁਸਾਰ ਜੇਕਰ ਰੱਬ ਜੀ ਦਾ ਕੋਈ ਨਾਮ ਹੈ ਤਾਂ ਉਹ ਹੈ ਰੱਬ ਜੀ ਦਾ ਹੁਕਮ (ਨਿਯਮ), ਸਿਧਾਂਤ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਰੀ ਬਾਣੀ ( ਗੁਰੂ ਗ੍ਰੰਥ ਸਾਹਿਬ ਜੀ ਦਾ ਸਿਧਾਂਤ) ਹੀ ਰੱਬ ਜੀ ਦਾ ਨਾਮ ਹੈ।

ਗੁਰੂ ਜੀ ਦੇ ਸਿਧਾਂਤ ਨੂੰ ਜਪਿਆ ਕਿਵੇਂ ਜਾਵੇ? :–

ਜਿਵੇਂ ਕਿ ਅਸੀਂ ਕਿਰਤ ਕਰੋ ਦੀ ਵਿਆਖਿਆ ਵਿੱਚ ਸਮਝਿਆ ਹੈ ਕਿ ਕੇਵਲ ਕਿਰਤ ਕਰਨ ਵਾਲਾ ਵਿਅਕਤੀ ਹੀ ਰੱਬ (ਮੁਕਤੀ) ਦੀ ਪ੍ਰਾਪਤੀ ਕਰ ਸਕਦਾ ਹੈ। ਇਹ ਤਾਂ ਠੀਕ ਹੈ ਕਿ ਕਿਰਤ ਕਰਨ ਵਾਲਾ ਹੀ ਮੁਕਤੀ ਪ੍ਰਾਪਤੀ ਕਰ ਸਕਦਾ ਹੈ ਪਰ ਚੋਰ, ਜੇਬ ਕਤਰਾਂ ਆਦਿ ਵੀ ਤਾਂ ਆਪਣੇ ਹਿਸਾਬ ਨਾਲ ਕਿਰਤ ਹੀ ਕਰਦੇ ਹਨ, ਕੀ ਉਨ੍ਹਾਂ ਨੂੰ ਵੀ ਮੁਕਤੀ ਪ੍ਰਾਪਤੀ ਹੋਵੇਗੀ? ਇਸ ਬਾਰੇ ਸਾਨੂੰ ਭਾਈ ਗੁਰਦਾਸ ਜੀ ਸਮਝਾਉਂਦੇ ਹਨ ਕਿ ਕਿਰਤ ਧਰਮ ਅਨੁਸਾਰ ਹੀ ਕਰਨੀ ਹੈ। "ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ "। (ਵਾਰ 6/12)

**ਧਰਮ ਅਨੁਸਾਰ ਕਿਰਤ ਕਿਹੜੀ ਹੈ ਅਤੇ ਉਹ ਕਿਵੇਂ ਕਰਨੀ ਹੈ?**

ਇਸ ਨੂੰ ਜਾਨਣ ਲਈ ਸਾਨੂੰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿੱਚ ਰਹਿਣਾ ਪਵੇਗਾ। ਗੁਰੂ ਜੀ ਦੀ ਸ਼ਰਣ ਵਿੱਚ ਕਿਵੇਂ ਰਿਹਾ ਜਾ ਸਕਦਾ ਹੈ?

ਇਸ ਨੂੰ ਜਾਨਣ ਲਈ ਗੁਰੂ ਜੀ ਦੀ ਸੰਗਤ ਕਰਨੀ ਪਵੇਗੀ ਭਾਵ ਕਿ ਗੁਰੂ ਜੀ ਨੂੰ ਸਮਝਣਾ ਪਵੇਗਾ। ਗੁਰੂ ਜੀ ਨੂੰ ਸਮਝਣ ਲਈ, ਗੁਰੂ ਜੀ ਨੂੰ ਸੁਣਨਾ ਪਵੇਗਾ ਜਾਂ ਗੁਰੂ ਜੀ ਦੀ ਬਾਣੀ ਨੂੰ ਧਿਆਨ ਪੂਰਵਕ ਪੜ੍ਹਨਾ ਪਵੇਗਾ। ਗੁਰਬਾਣੀ ਵਿੱਚੋਂ ਜੋ ਗਿਆਨ ਪ੍ਰਾਪਤ ਹੋਵੇਗਾ ਜਾਂ ਹੁੰਦਾ ਹੈ, ਉਸ ਗਿਆਨ ਦੇ ਮੁਤਾਬਕ ਸਿੱਖ ਨੇ ਕਿਰਤ ਕਰਨੀ ਹੈ। ਗੁਰਬਾਣੀ ਦੇ ਗਿਆਨ ਮੁਤਾਬਕ ਕੀਤੀ ਹੋਈ ਕਿਰਤ ਹੀ ਗੁਰਮਤਿ ਅਨੁਸਾਰ ਧਰਮ ਦੀ ਕਿਰਤ ਹੈ ਤੇ ਉਸ ਤਰ੍ਹਾਂ ਦੀ ਕਿਰਤ ਕਰਨ ਨੂੰ ਹੀ ਸਿੱਖੀ ਵਿੱਚ ਨਾਮ ਜੱਪਣਾ ਆਖਿਆ ਗਿਆ ਹੈ। " ਐਸਾ ਗਿਆਨੁ ਜਪਹੁ ਮਨ ਮੇਰੇ॥ ਹੋਵਹੁ ਚਾਕਰ ਸਾਚੇ ਕੇਰੇ " ॥ (ਪੰਨਾ 728)

**ਵੰਡ ਛਕੋ :–** ਅਗਿਆਨਤਾ ਕਾਰਣ ਬਹੁਤੇ ਲੋਕ ਕਿਸੇ ਦੀ ਮਦਦ ਕਰਨ ਨੂੰ ਜਾਂ ਲੰਗਰ ਆਦਿ ਵੰਡ ਕੇ ਖਾਣ ਨੂੰ ਹੀ "ਵੰਡ ਛਕਣਾ " ਮੰਨੀ ਜਾਂਦੇ ਹਨ ਜਦੋਂ ਕਿ ਇਹ ਤਾਂ ਕਿਰਤ ਕਰੋ ਦੇ ਸਿਧਾਂਤ ਦਾ ਇੱਕ ਹਿੱਸਾ ਹੈ। "ਘਾਲਿ ਖਾਇ ਕਿਛੁ ਹਥਹੁ ਦੇਇ"॥ ਇਸ ਪ੍ਰਕਾਰ ਹੀ ਗੁਰਮਤਿ ਵਿੱਚ " ਕਿਰਤ ਕਰੋ " ਦਾ ਹਿੱਸਾ ਹੈ " ਗਰੀਬ ਦਾ ਮੂੰਹ ਗੁਰੂ ਦੀ ਗੋਲਕ "। ਇਸ ਨੂੰ ਵੀ ਲੋਕ ਵੰਡ ਛਕੋ ਦੇ ਸਿਧਾਂਤ ਨਾਲ ਹੀ ਜੋੜੀ ਜਾਂਦੇ ਹਨ। " ਗਰੀਬ ਦਾ ਮੂੰਹ ਗੁਰੂ ਦੀ ਗੋਲਕ" ਬਾਰੇ ਪਹਿਲਾਂ ਇਹ ਸਮਝਣ ਦੀ ਲੋੜ ਹੈ ਕਿ ਗੁਰਮਤਿ ਵਿੱਚ ਗਰੀਬ ਆਖਿਆ ਕਿਸ ਨੂੰ ਜਾਂਦਾ ਹੈ ਅਤੇ ਕਿਸਦਾ ਮੂੰਹ ਗੁਰੂ ਦੀ ਗੋਲਕ ਹੈ? " ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ॥ ਜਿਨ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ"॥ (ਪੰਨਾ 1287) ਇਸ ਲਈ ਜੇਕਰ ਕੋਈ ਤੰਦਰੁਸਤ ਹੱਟਾ-ਕੱਟਾ ਵਿਅਕਤੀ ਧਨ ਪੱਖੋਂ ਗਰੀਬ ਹੈ ਤਾਂ ਜੇਕਰ ਉਹ ਵਿਹਲੜ, ਨਿਕੰਮਾ ਹੋਵੇਗਾ ਤਾਂ ਇਸ ਤਰ੍ਹਾਂ ਦੇ ਵਿਅਕਤੀ ਦਾ ਮੂੰਹ ਕਦੇ ਵੀ ਗੁਰੂ ਦੀ ਗੋਲਕ ਨਹੀਂ ਹੋ ਸਕਦਾ, ਫਿਰ ਉਹ ਕਿਹੜਾ ਗਰੀਬ ਹੈ , ਜਿਸਦਾ ਮੂੰਹ ਗੁਰੂ ਦੀ ਗੋਲਕ ਹੈ ? ਗੁਰਮਤਿ ਅਨੁਸਾਰ ਹਰੇਕ ਉਸ ਵਿਅਕਤੀ ਦਾ ਮੂੰਹ ਗੁਰੂ ਦੀ ਗੋਲਕ ਹੈ ਜਿਹੜਾ ਚਾਹੁੰਦਿਆਂ ਹੋਇਆ ਵੀ ਕਿਰਤ ਨਹੀਂ ਕਰ ਸਕਦਾ। ਜਿਵੇਂ ਕਿ ਛੋਟਾ ਬੱਚਾ, ਬਿਰਦ ਵਿਅਕਤੀ, ਬਿਮਾਰ, ਰਾਹੀ ਮੁਸਾਫ਼ਰ ਆਦਿ। ਇਸ ਤਰ੍ਹਾਂ **ਬਾਕੀ ਸਫਾ 26 'ਤੇ**

# ਜਥੇਦਾਰ ਜੀ ਵਲੋਂ 'ਸਰਕਾਰ ਨੂੰ ਸਹਿਯੋਗ ਦੇਣ' ਵਾਲ਼ੇ ਫੈਸਲੇ ਪਿੱਛੇ ਸ਼ਾਇਦ ਮੇਰੇ ਲੇਖ ਦਾ ਵੀ 'ਹੱਥ' ਹੋਵੇ?

## ਭਗਵੰਤ ਸਿੰਘ ਮਾਨ ਜਿਹੇ 'ਗੁਨਾਹਗਾਰ' ਹੋਰ ਵੀ ਕਈ...!

-ਤਰਲੋਚਨ ਸਿੰਘ ਦੁਪਾਲਪੁਰ # 001-408-905-5517

**ਸਨਿਮਰ ਅਰਜ਼ ਹੈ ਕਿ ਮੇਰੀਆਂ ਇਨ੍ਹਾਂ ਸਤਰਾਂ ਨੂੰ ਕਿਸੇ ਵਿਅਕਤੀ ਵਿਸ਼ੇਸ਼ ਦੀ 'ਵਕਾਲਤ' ਵਜੋਂ ਜਾਂ ਕਿਸੇ ਦੇ ਨਿਜੀ ਵਿਰੋਧ ਵਿਚ ਦੇਖਣ ਦੀ ਬਜਾਏ ਪੰਥਕ ਦਰਦ ਦੀ ਐਨਕ ਰਾਹੀਂ ਹੀ ਦੇਖਿਆ ਜਾਵੇ ! ਕਿਉਂਕਿ ਦਾਸ ਜਮਾਂਦਰੂ ਅਕਾਲੀ ਹੈ ਅਤੇ ਅਕਾਲੀ ਵਜੋਂ ਹੀ ਦੁਨੀਆਂ ਤੋਂ ਰੁਖਸਤ ਹੋਣ ਦਾ ਅਭਿਲਾਸ਼ੀ ਹੈ! ਸ਼੍ਰੋਮਣੀ ਕਮੇਟੀ ਦਾ ਇਕ ਅਦਨਾ ਜਿਹਾ ਸਾਬਕਾ ਮੈਂਬਰ ਹੋਣ ਨਾਤੇ ਆਪਣੇ ਧਰਮ ਅਸਥਾਨਾਂ ਵਿਚ ਸਿਆਸਤ ਦੀ ਕਾਲ਼ੀ ਬੋਲ਼ੀ ਹਨ੍ਹੇਰੀ ਚਲਦੀ ਦੇਖ ਕੇ ਖਲੀਲ ਜਿਬਰਾਨ ਵਾਂਗ ਆਪਣੇ ਸਤਿਗੁਰੂ ਸਾਹਿਬਾਨ ਅੱਗੇ ਅਜਿਹੀ ਅਰਜੋਦੜੀ ਕਰਦਾ ਹਾਂ।**

ਗੱਲ ਇੱਥੋਂ ਕੁ ਤੋਂ ਸ਼ੁਰੂ ਕਰ ਲਈਏ-ਜਦੋਂ ਪਿੱਛੇ ਜਿਹੇ ਭਾਈ ਹਰਜਿੰਦਰ ਸਿੰਘ ਧਾਮੀ ਖਫਾ ਹੋ ਕੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਕੇ ਘਰੇ ਜਾ ਬੈਠੇ ਤਦ ਉਨ੍ਹਾਂ ਨੂੰ ਅਸਤੀਫਾ ਵਾਪਸ ਲੈਣ ਲਈ ਮਨਾਉਣ ਗਏ ਕਦੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਜੋਰ ਲਾਉਂਦੇ ਰਹੇ ਅਤੇ ਕਦੇ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੇ ਮੈਂਬਰ ਵਾਸਤੇ ਪਾਉਂਦੇ ਰਹੇ। ਜਦ ਧਾਮੀ ਸਾਹਿਬ ਅੜੇ ਰਹੇ ਤਾਂ ਫਿਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਆਪਣੇ ਹੋਰ ਸਿੰਘ ਸਾਹਿਬਾਨ ਨਾਲ ਧਾਮੀ ਜੀ ਨੂੰ ਇਹ ਸੋਚ ਕੇ ਮਨਾਉਣ ਗਏ ਕਿ ਸਾਡੀ ਪਦਵੀ ਦੀ ਸਰਬਉੱਚਤਾ ਦਾ ਖਿਆਲ ਕਰਕੇ ਧਾਮੀ ਜੀ ਸਾਡੇ ਨਾਲ ਤਾਂ ਤੁਰ ਹੀ ਪੈਣਗੇ! ਸਮੁੱਚਾ ਪੰਥ ਉਦੋਂ ਹੈਰਾਨ ਰਹਿ ਗਿਆ, ਜਦ ਧਾਮੀ ਜੀ ਨੇ ਸਿੰਘ ਸਾਹਿਬਾਨ ਦਾ ਹੁਕਮ ਮੰਨਣ ਤੋਂ ਤਾਂ ਇਨਕਾਰ ਕਰ ਦਿੱਤਾ, ਪਰ ਜਦੋਂ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਦੇ ਘਰੇ ਜਾ ਕੇ 'ਬੰਦ ਕਮਰਾ ਮੀਟਿੰਗ' ਕੀਤੀ ਤਾਂ ਉਹ ਉਸੇ ਵੇਲੇ 'ਬੀਬੇ ਰਾਣੇ' ਬਣਕੇ ਮੁੜ ਪ੍ਰਧਾਨਗੀ ਸੰਭਾਲਣ ਤੁਰ ਪਏ ਸਨ! ਹੁਣ ਭਾਈ ਧਾਮੀ ਜੀ ਦੂਸਰਿਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਦਾ ਪਾਠ ਪੜ੍ਹਾ ਰਹੇ ਹਨ !

'ਨਮਕ ਹਲਾਲ ਨਾਥ ਕਾ ਕਰੀਏ
ਗੁਰੂ ਰੱਬ ਤੋਂ ਕਦੇ ਨਾ ਡਰੀਏ!'

ਸ੍ਰੀ ਅਕਾਲ ਤਖਤ ਸਾਹਿਬ ਤੋਂ 'ਸਾਚੀ ਸਾਖੀ' ਦੇ ਲੇਖਕ ਸਿਰਦਾਰ ਕਪੂਰ ਸਿੰਘ ਆਈ.ਸੀ.ਐੱਸ ਨੂੰ ਬੜੇ ਮਾਣ ਸਤਿਕਾਰ ਨਾਲ਼ 'ਨੈਸ਼ਨਲ ਪ੍ਰੋਫੈਸਰ ਆਫ ਸਿਖਇਜ਼ਮ' ਦਾ ਖਿਤਾਬ ਭੇਟ ਕੀਤਾ ਗਿਆ ਸੀ। ਇਸੇ ਸਿਰਦਾਰ ਸਾਹਿਬ ਨੇ ਅਕਾਲੀ ਦਲ, ਸ਼੍ਰੋਮਣੀ ਕਮੇਟੀ ਦੇ ਨਿਜ਼ਾਮ ਅਤੇ ਗੋਲ੍ਕਾਂ ਬਾਰੇ ਇਕ 'ਪੈਰੋਡੀ' ਲਿਖੀ ਹੋਈ ਹੈ ਜੋ ਸਿੱਖ ਸਾਹਿਤ ਵਿਚ ਬਹੁਤ ਪ੍ਰਸਿੱਧ ਹੈ। ਪੁਰਾਤਨ



ਕਵੀ ਨਿਹਾਲ ਸਿੰਘ ਦੇ ਲਿਖੇ ਕਬਿੱਤ ਦੀ ਤਰਜ਼ 'ਤੇ ਉਨ੍ਹਾਂ ਦਾ ਕਬਿੱਤ ਇੰਜ ਹੈ-

'ਸ਼੍ਰੋਮਣੀ ਹਮਾਰੀ ਰਹੈ ਸੇਵਾ ਚੰਦਾ ਜਾਰ੍ਹੀ ਰਹੈ,
ਸੰਘ ਨਾਲ ਯਾਰੀ ਥੱਲੇ ਆਰੀਆ ਸਮਾਜ ਕੇ।
ਸਿੱਖੀ ਕੀ ਨਾ ਬਾਤ ਚਲੇ ਪੰਥ ਕੀ ਨਾ ਗਾਥ ਚਲੇ,
ਲੂਟ ਦੋਨੋ ਹਾਥ ਚਲੇ ਸੰਗ ਸਾਜ-ਬਾਜ ਕੇ।
ਅਕਲ ਕੀ ਨਾ ਗੱਲ ਰਹੇ ਇੱਕੋ 'ਕਾਲੀ ਦਲ ਰਹੇ,
ਨਿੱਤ ਤਰਥੱਲੀ ਰਹੇ ਜ਼ਿੰਦਾਬਾਦ ਗਾਜ ਕੇ।
ਝੰਡੀ ਵਾਲ਼ੀ ਕਾਰ ਰਹੇ ਫੂਲਨ ਕੇ ਹਾਰ ਰਹੇਂ,
ਗੋਲ੍ਕੇਂ ਭਰਪੂਰ ਕਰੇਂ ਸਿੱਖ ਭਾਜ ਭਾਜ ਕੇ।
ਪੰਥ ਕੇ ਦਰਦ ਹਿਤ ਬੁੱਧੀ ਕੀ ਜੋ ਸੋਧ ਦੇਵੈ,
ਨਿਕਟ ਨਾ ਆਣੇ ਪਾਵੈ ਰਾਜ-ਭਾਗ ਕਾਜ ਕੇ।
'ਜਥੇਦਾਰ' ਕਹਿਤ ਬਿਰਾਜੋ ਮਤ ਭਾਜੋ ਸਿੱਖੋ,
ਝੂਲਤੇ ਨਿਸ਼ਾਨ ਰਹੈਂ ਪੰਥ ਮਹਾਰਾਜ ਕੇ !'

ਅਗਲੀ ਗੱਲ ਕਰੀਏ ਖੁਸ਼ਵੰਤ ਸਿੰਘ ਦੀ, ਜਿਨ੍ਹਾਂ ਨੂੰ ਤਿੰਨ ਸੌ ਸਾਲਾ ਖਾਲਸਾ ਸਾਜਨਾ ਦਿਵਸ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਏ ਵਿਸ਼ਾਲ ਸਮਾਗਮ ਵਿਚ 'ਨਿਸ਼ਾਨੇ ਖਾਲਸਾ' ਐਵਾਰਡ ਨਾਲ ਨਿਵਾਜਿਆ ਗਿਆ ਸੀ। ਉਹ ਆਪਣੇ ਇਕ ਲੇਖ ਵਿਚ ਲਿਖਦੇ ਹਨ ਕਿ ਉਹ ਕਿਤੇ ਦੱਖਣੀ ਭਾਰਤ ਦੇ ਕਿਸੇ ਵੱਡੇ ਹਿੰਦੂ ਮੰਦਰ ਵਿਚ ਗਏ। ਉੱਥੇ ਚੜ੍ਹਾਵੇ ਵਜੋਂ ਇਕੱਠੇ ਹੋਏ ਸੋਨੇ, ਚਾਂਦੀ ਅਤੇ ਮਾਇਆ ਆਦਿ ਦੇ ਭੰਡਾਰ ਦੇਖ ਕੇ ਉਨ੍ਹਾਂ ਮੰਦਰ ਦੇ ਪੁਜਾਰੀਆਂ ਨੂੰ ਪੁੱਛਿਆ ਕਿ ਉਹ ਇਸ ਚੜ੍ਹਾਵੇ ਨੂੰ ਕਿਵੇਂ ਵੰਡਦੇ ਹਨ ? ਪੁਜਾਰੀਆਂ ਨੇ ਦੱਸਿਆ ਕਿ ਇਕ ਨਿਸ਼ਚਿਤ ਦਿਨ ਅਤੇ ਸਮੇਂ ਉੱਤੇ ਅਸੀਂ ਭਗਵਾਨ ਜੀ ਕੀ ਮੂਰਤੀ ਅੱਗੇ ਇਕ ਗੋਲ ਚੱਕਰ ਲਗਾਤੇ ਹੈਂ। ਫਿਰ ਚੜ੍ਹਤ ਕੀ ਮਾਇਆ ਕੋ ਥੋੜਾ ਊਪਰ ਉਛਾਲਤੇ ਹੈਂ। ਜੋ ਮਾਇਆ ਚੱਕਰ ਮੇਂ ਪੜੇ ਵੋਹ ਹਮਾਰੀ, ਜੋ ਚੱਕਰ ਸੇ ਬਾਹਰ ਗਿਰੇ ਵੋਹ ਭਗਵਾਨ ਜੀ ਕੀ ਹੋਤੀ ਹੈ!

ਕਹਿੰਦੇ ਉਨ੍ਹਾਂ ਪੁਜਾਰੀਆਂ ਨੇ ਫਿਰ ਖੁਸ਼ਵੰਤ ਸਿੰਘ ਨੂੰ ਮੋੜਵਾਂ ਪੁੱਛ ਲਿਆ ਕਿ ਆਪ ਸਿੱਖ ਭਾਈਓਂ ਕੇ ਗੁਰਦਵਾਰੋਂ ਮੇਂ ਭੀ ਸੁਨਾ ਹੈ ਕਿ ਬਹੁਤ ਚੜ੍ਹਾਵਾ ਚੜ੍ਹਤਾ ਹੈ, ਵੋਹ ਲੋਕ ਉਸੇ ਕੈਸੇ ਬਾਂਟਤੇ ਹੈਂ? ਖੁੱਲ੍ਹ ਡੁੱਲ੍ਹੇ ਅਤੇ ਬੇਬਾਕ ਵਿਚਾਰਾਂ ਵਾਲ਼ੇ ਖੁਸ਼ਵੰਤ ਸਿੰਘ ਨੇ ਵਿਅੰਗਮਈ ਜਵਾਬ ਦਿੱਤਾ-

'ਪੰਡਤ ਜੀ ਹਮਾਰੇ ਯਹਾਂ ਐਸੇ ਕਰਤੇ ਹੈਂ ਕਿ ਇਕੱਤਰ ਹੁਈ ਮਾਇਆ ਊਪਰ ਕੋ ਉਛਾਲਤੇ ਹੈਂ। ਜੋ ਮਾਇਆ ਨੀਚੇ ਗਿਰੇ ਵੋਹ ਪੁਜਾਰੀਉਂ ਕੀ ਹੋਤੀ ਹੈ ਜੋ ਊਪਰ ਰਹਿ ਜਾਏ ਵੋਹ ਭਗਵਾਨ ਜੀ ਕੀ!'

ਤੀਸਰੀ ਗੱਲ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜੀ ਵੇਲੇ ਦੀ ਜਦ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ।

ਸੰਨ 2002 ਵਿਚ ਗੜ੍ਹਸ਼ੰਕਰ ਲਾਗਲੇ ਡੇਰੇਦਾਰ ਧਨਵੰਤ ਸਿੰਘ ਨਾਂ ਦੇ ਇਕ ਬਾਬੇ ਦੀ ਚਰਿੱਤ੍ਰਹੀਣ ਕਰਤੂਤ ਵਿਰੁੱਧ ਨਵਾਂ ਸ਼ਹਿਰ ਇਲਾਕੇ ਦੇ ਸਿੰਘ ਪੀੜਤ ਪਰਿਵਾਰ ਨਾਲ ਵੇਦਾਂਤੀ ਜੀ ਪਾਸ ਸ਼ਿਕਾਇਤ ਲੈ ਕੇ ਗਏ। ਵੇਦਾਂਤੀ ਜੀ ਨੇ ਸ਼ਿਕਾਇਤ ਕਰਨ ਵਾਲ਼ਿਆਂ ਨੂੰ ਸਜ਼ਾ ਲਾ ਦਿੱਤੀ ਅਤੇ ਇਖਲਾਕਹੀਣ ਧਨਵੰਤ ਸਿੰਘ ਨੂੰ ਦੋਸ਼-ਮੁਕਤ ਕਰਦਿਆਂ 'ਕਲੀਨ-ਚਿੱਟ' ਦੇ ਦਿੱਤੀ। ਦੁਖੀ ਪਰਿਵਾਰ ਉੱਘੇ ਸਿੱਖ ਵਕੀਲ ਸਰਦਾਰ ਨਵਕਿਰਨ ਸਿੰਘ ਦੀ ਮੱਦਦ ਨਾਲ ਅਦਾਲਤ ਵਿਚ ਚਲਾ ਗਿਆ। ਅਜੋਕੇ ਪ੍ਰਧਾਨ ਸ਼੍ਰੋਮਣੀ ਕਮੇਟੀ ਜਥੇਦਾਰ ਹਰਜਿੰਦਰ ਸਿੰਘ ਧਾਮੀ ਵੀ ਪੀੜਤ ਪਰਿਵਾਰ ਵਲੋਂ ਵਕੀਲ ਵਜੋਂ ਕੇਸ ਦੀ ਪੈਰਵੀ ਕਰਦੇ ਰਹੇ। ਸੈਸ਼ਨ ਕੋਰਟ ਹੁਸ਼ਿਆਰਪੁਰ ਨੇ 'ਬਾਬੇ' ਨੂੰ ਦਸ ਸਾਲ ਲਈ ਜੇਲ੍ਹ ਭੇਜ ਦਿੱਤਾ। ਉਦੋਂ ਨਾ ਤਾਂ ਵੇਦਾਂਤੀ ਜੀ ਨੇ ਪੀੜਤ ਪਰਿਵਾਰ ਨੂੰ ਅਦਾਲਤ ਵਿਚ ਜਾਣ ਤੋਂ ਵਰਜਿਆ ਅਤੇ ਨਾ ਹੀ ਧਾਮੀ ਜੀ ਅਤੇ ਸਰਦਾਰ ਨਵਕਿਰਨ ਸਿੰਘ ਨੂੰ ਰੋਕਿਆ ਕਿ ਧਨਵੰਤ ਸਿੰਘ ਵਾਲਾ ਮਸਲਾ ਤਾਂ ਸ੍ਰੀ ਅਕਾਲ ਤਖਤ ਸਾਹਿਬ ਨੇ ਨਿਬੇੜ ਦਿੱਤਾ ਹੈ, ਇਸ 'ਤੇ ਹੋਰ ਕੋਈ ਕਾਰਵਾਈ ਕਰਨੀ ਤਖਤ ਸਾਹਿਬ ਦੇ ਹੁਕਮ ਦੀ ਉਲੰਘਣਾ ਹੋਵੇਗੀ!

ਉਨ੍ਹੀਵੀਂ ਸਦੀ ਦੇ ਮਹਾਨ ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਆਪਣੇ ਪ੍ਰਸਿੱਧ ਗ੍ਰੰਥ 'ਪੰਥ ਪ੍ਰਕਾਸ਼' ਵਿੱਚ ਸਿੱਖ ਸਮਾਜ ਵਿਚਲੇ ਪੁਜਾਰੀ ਅਤੇ ਬਿਹੰਗਮ ਤਬਕੇ ਦੀ ਗਰੀਬ ਕਿਰਤੀ ਸਿੱਖਾਂ ਨਾਲ ਜੋ ਤੁਲਨਾ ਕਰ ਗਏ ਹਨ, ਉਹ ਸ਼ਬਦ ਅੱਜ ਵੀ ਸਾਡੇ ਉੱਤੇ ਪੂਰੇ ਪੂਰੇ ਢੁਕਦੇ ਹਨ-

'ਲੁੱਚ ਮੰਡਲੀ ਮੁੰਡੇ ਲੰਡੇ।
ਖਾਵੈਂ ਤਿਨ ਤੇ ਘ੍ਰਿਤ ਸੁ ਖੰਡੇ।
ਕਰਜਾਈ ਤਕ ਕੈਦ ਪੁਚੈ ਹੈਂ।
ਪੈ ਨ ਖਰਚ ਕਮ ਮੰਦ ਕਰੈ ਹੈਂ।੧੫।
ਐਸ ਜਮਾਨੇ ਕੇ ਸਿੰਘ ਸਾਰੇ।
ਹੈਂ ਐਸੇ ਹਮ ਜੈਸ ਉਚਾਰੇ।
ਸੌ ਮੈਂ ਸੇ ਹੈਂ ਪਾਂਚ ਹਛੇਰੇ।
ਨਿਜ ਨੈਨਨ ਹਮ ਫਿਰਿ ਸਭਿ ਹੇਰੇ।੧੬।
ਬਲਕੈ ਕਿਰਤੀ ਸਿੰਘ ਗਰੀਬੈਂ।
ਜੇਉ ਨੌਕਰੀ ਬਨਜ ਕਰੀਜੈਂ।
ਤਿਨ ਮੈਂ ਨੇਕ ਬਹੁਤ, ਮੰਦ ਥੋਰੈਂ।
ਹੈਂ, ਹਮ ਲਿਖੇ ਪਰਖਿ ਭਲ ਤੌਰੈਂ।੧੭।
ਅਰ ਬੇਹੰਗਮ ਸਿੰਘ ਪੁਜਾਰੀ।
ਇਨ ਸੌ ਮੈਂ ਸੇ ਭਲ ਦੋ ਚਾਰੀ।
ਬਾਕੀ ਸਭਿ ਨਰਕਨ ਕੇ ਅਧਿਕਾਰੀ।
ਪੂਜਾ ਖਾਇ ਗਈ ਮਤਿ ਮਾਰੀ।
ਭਏ ਮੰਗਤੇ ਔ ਦੁਰਚਾਰੀ।੧੮।'

ਸਨਿਮਰ ਅਰਜ਼ ਹੈ ਕਿ ਮੇਰੀਆਂ ਇਨ੍ਹਾਂ ਸਤਰਾਂ ਨੂੰ ਕਿਸੇ ਵਿਅਕਤੀ ਵਿਸ਼ੇਸ਼ ਦੀ 'ਵਕਾਲਤ' ਵਜੋਂ ਜਾਂ ਕਿਸੇ ਦੇ ਨਿਜੀ ਵਿਰੋਧ ਵਿਚ ਦੇਖਣ ਦੀ ਬਜਾਏ ਪੰਥਕ ਦਰਦ ਦੀ ਐਨਕ ਰਾਹੀਂ ਹੀ ਦੇਖਿਆ ਜਾਵੇ ! ਕਿਉਂਕਿ ਦਾਸ ਜਮਾਂਦਰੂ ਅਕਾਲੀ ਹੈ ਅਤੇ ਅਕਾਲੀ ਵਜੋਂ ਹੀ ਦੁਨੀਆਂ ਤੋਂ ਰੁਖਸਤ ਹੋਣ ਦਾ ਅਭਿਲਾਸ਼ੀ ਹੈ! ਸ਼੍ਰੋਮਣੀ ਕਮੇਟੀ ਦਾ ਇਕ ਅਦਨਾ ਜਿਹਾ ਸਾਬਕਾ ਮੈਂਬਰ ਹੋਣ ਨਾਤੇ ਆਪਣੇ ਧਰਮ ਅਸਥਾਨਾਂ ਵਿਚ ਸਿਆਸਤ ਦੀ ਕਾਲ਼ੀ ਬੋਲ਼ੀ ਹਨ੍ਹੇਰੀ ਚਲਦੀ ਦੇਖ ਕੇ ਖਲੀਲ ਜਿਬਰਾਨ ਵਾਂਗ ਆਪਣੇ ਸਤਿਗੁਰੂ ਸਾਹਿਬਾਨ ਅੱਗੇ ਅਜਿਹੀ ਅਰਜੋਦੜੀ ਕਰਦਾ ਹਾਂ-

"ਓ ਅਮਰ ਜੋਤ ਈਸਾ ਮਸੀਹ ! ਦੁਬਾਰਾ ਇਸ ਧਰਤੀ 'ਤੇ ਅਵਤਾਰ ਧਾਰੋ ਅਤੇ ਆਪਣੇ ਪਵਿੱਤਰ ਧਰਮ ਸਥਾਨਾਂ ਵਿੱਚੋਂ ਇਨ੍ਹਾਂ ਧਰਮ ਦੇ ਠੇਕੇਦਾਰਾਂ ਨੂੰ ਧੱਕੇ ਮਾਰ ਮਾਰ ਕੇ ਬਾਹਰ ਕੱਢ ਦਿਉ, ਉਨ੍ਹਾਂ ਨੇ ਇਨ੍ਹਾਂ ਸਥਾਨਾਂ ਨੂੰ ਵਪਾਰ ਦਾ ਅੱਡਾ ਬਣਾ ਰੱਖਿਆ ਹੈ, ਜਿੱਥੇ ਪਾਖੰਡ ਅਤੇ ਝੂਠ ਦੇ ਜ਼ਹਿਰੀਲੇ ਨਾਗ ਕੁਰਬਲ਼ ਕੁਰਬਲ਼ ਕਰਦੇ ਫਿਰਦੇ ਹਨ !"(ਖਲੀਲ ਜਿਬਰਾਨ ਦੀ ਕਿਤਾਬ 'ਦਿਲ ਦੇ ਭੇਦ' ਦਾ ਸਫਾ 90)

'ਦੀਵਾਰ ਕਯਾ ਗਿਰੀ ਮਿਰੇ ਖਸਤਾ ਮਕਾਨ ਕੀ
ਲੋਗੋਂ ਨੇ ਮੇਰੇ ਸਹਨ ਮੇਂ ਰਸਤੇ ਬਨਾ ਲਿਯੇ!'
(ਸਹਨ-ਵਿਹੜਾ)

-ਸਬਤ ਅਲੀ 'ਸਬਤ'

-0-

**ਸਫਾ 24 ਦਾ ਬਾਕੀ**

ਦੇ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ। ਕਿਸੇ ਬੇ- ਰੋਜ਼ਗਾਰ ਵਿਅਕਤੀ ਨੂੰ ਰੋਜ਼ਗਾਰ ਦਵਾ ਦੇਣਾ ਵੀ ਗੁਰੂ ਦੀ ਗੋਲਕ ਹੀ ਬਣ ਜਾਂਦਾ ਹੈ। ਇਥੇ ਸਮਝਣ ਵਾਲੀ ਗੱਲ ਇਹ ਹੈ ਕਿ ਇਹ ਸੇਵਾ , ਸਿਧਾਂਤ 'ਕਿਰਤ ਕਰੋ' ਦਾ ਹੀ ਹਿੱਸਾ ਹੈ ਨਾ ਕਿ ਵੰਡ ਛਕੋ ਦਾ। ਫਿਰ ' ਵੰਡ ਛਕੋ ' ਕੀ ਹੋਇਆ ? ਇਸ ਨੂੰ ਸਮਝਣ ਦੀ ਲੋੜ ਹੈ।

ਗੁਰਮਤਿ ਅਨੁਸਾਰ ਗੁਰਬਾਣੀ ਦੇ ਗਿਆਨ ਨੂੰ ਜਪਦਿਆਂ (ਸਮਝਦਿਆਂ) ਹੋਇਆ। " ਐਸਾ ਗਿਆਨੁ ਜਪਹੁ ਮਨ ਮੇਰੇ "॥ (ਪੰਨਾ 728) ਜਦੋਂ ਸਿੱਖ ਗੁਰਬਾਣੀ ਦੇ ਗਿਆਨ ਮੁਤਾਬਕ ਕਿਰਤ ਕਰਦਿਆਂ ਹੋਇਆਂ ਆਪਣਾ ਜੀਵਨ ਬਤੀਤ ਕਰਦਾ ਹੈ ਤਾਂ ਉਸ ਦੀਆਂ ਸਭ ਜਰੂਰੀ ਲੋੜਾਂ ਅਸਾਨੀ ਨਾਲ ਪੂਰੀਆਂ ਹੋਈ ਜਾਂਦੀਆਂ ਹਨ ਤੇ ਉਸਨੂੰ ਕੋਈ ਚਿੰਤਾ, ਤੌਖਲਾ ਆਦਿ ਨਹੀਂ ਰਹਿੰਦਾ ਜਿਸ ਕਰਕੇ ਉਸਦਾ ਮਨ ਵੀ ਹਮੇਸ਼ਾ ਖੁਸ਼ ਰਹਿੰਦਾ ਹੈ। ਇਹ ਸਭ ਤਾਂ ਹੀ ਹੋਇਆ ਕਿਉਂਕਿ ਸਿੱਖ ਨੇ ਆਪਣਾ ਜੀਵਨ ਗੁਰਬਾਣੀ ਦੇ ਸਿਧਾਂਤ (ਗਿਆਨ) ਮੁਤਾਬਕ ਬਤੀਤ ਕੀਤਾ, ਪਰ ਸਿੱਖ ਦੇ ਅਨੇਕਾਂ ਹੀ ਆਂਢੀ- ਗੁਆਂਢੀ, ਸੱਜਣ - ਮਿਤ੍ਰ ਆਦਿ ਦੁੱਖੀ ਹਨ ਕਿਉਂਕਿ ਉਨ੍ਹਾਂ ਦੀ ਜਰੂਰਤ ਹੈ ਸੁੱਖ, ਜੋ ਉਨ੍ਹਾਂ ਵਲੋਂ ਆਪਣੇ ਮਨ ਦੀ ਮੱਤ ਦੇ ਪਿੱਛੇ ਲੱਗਣ ਕਰਕੇ ਮਿਲ ਨਹੀਂ ਰਿਹਾ। ਹਾਰ ਕੇ ਜਦੋਂ ਉਹ ਲੋਕ ਗੁਰਬਾਣੀ ਦੀ ਸਿਖਿਆ ਤੇ ਚੱਲਣ ਵਾਲੇ ਉਸ ਸਿੱਖ ਕੋਲੋ ਉਸਦੀ ਖੁੱਸ਼ੀ ਦਾ ਕਾਰਣ ਪੁਛਦੇ ਹਨ ਤਾਂ ਸਿੱਖ ਉਨ੍ਹਾਂ ਨੂੰ ਵੀ ਗੁਰਮਤਿ ਦਾ ਸਿਧਾਂਤ ਸਮਝਾ ਦਿੰਦਾ ਹੈ, ਜਿਸ ਤੋਂ ਬਾਅਦ ਉਹ ਸਭ ਵੀ ਗੁਰਮਤਿ ਦੇ ਗਿਆਨ ਨੂੰ ਸਮਝ ਕੇ ਉਸ ਗਿਆਨ ਮੁਤਾਬਕ ਜੀਵਨ ਢਾਲ ਕੇ ਕਿਰਤ ਕਰਦੇ ਹਨ ਤਾਂ ਉਨ੍ਹਾਂ ਦੀਆਂ ਵੀ ਸਭ ਜਰੂਰੀ ਲੋੜਾਂ ਅਸਾਨੀ ਨਾਲ ਪੂਰੀਆਂ ਹੋਣ ਲੱਗ ਪੈਂਦੀਆਂ ਹਨ ਤੇ ਉਨ੍ਹਾਂ ਦੇ ਮਨ ਵੀ ਖੁਸ਼ ਹੋ ਜਾਂਦੇ ਹਨ।ਜੋ ਸਿੱਖ ਵੰਡ ਛਕੋ ਦੇ ਸਿਧਾਂਤ ਨੂੰ ਸਮਝ ਕੇ ਗੁਰਮਤਿ ਅਨੁਸਾਰ ਕਿਰਤ ਕਰਨੀ ਦੂਜਿਆਂ ਨੂੰ ਵੀ ਸਮਝਾ ਦਿੰਦੇ ਹਨ ਗੁਰੂ ਰਾਮਦਾਸ ਪਾਤਸ਼ਾਹ ਐਸੇ ਗੁਰਸਿੱਖਾਂ ਲਈ ਫ਼ੁਰਮਾਣ ਕਰਦੇ ਹਨ ਕਿ " ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ "॥ (ਪੰਨਾ 306) ਅਤੇ ਗੁਰੂ ਅਰਜਨ ਪਾਤਸ਼ਾਹ ਜੀ ਫ਼ੁਰਮਾਣ ਕਰਦੇ ਹਨ ਕਿ " ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ"॥ (ਪੰਨਾ 185)

ਸੋ ਇਨ੍ਹਾਂ ਤਿੰਨਾਂ ਸਿਧਾਂਤਾਂ ਨੂੰ ਸਮਝਣ ਲਈ ਲੋੜ ਹੈ ਅਕਲ ਦੀ ਵਰਤੋਂ ਕਰਨ ਦੀ ਜਿਸ ਬਾਰੇ ਗੁਰੂ ਨਾਨਕ ਪਾਤਸ਼ਾਹ ਸਮਝਾਉਂਦੇ ਹਨ ਕਿ "ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥ ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥ ਨਾਨਕੁ ਆਖੈ ਰਾਹੁ ਏਹੁ ਹੋਰ ਗਲਾਂ ਸੈਤਾਨੁ॥ " (ਪੰਨਾ 1245)

**ਨੋਟ :- ਗੁਰਮਤਿ ਦੀ ਰਹਿਣੀ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਪੜ੍ਹੋ 'ਸਿੱਖ ਰਹਿਤ ਮਰਿਯਾਦਾ' ਵਿੱਚੋਂ ਪ੍ਰਕਰਣ 'ਗੁਰਮਤਿ ਦੀ ਰਹਿਣੀ'।**

# ਅਤਿ ਗਰੀਬ ਕਿਸਾਨ ਦੇ ਪੁੱਤਰਾਂ ਨੇ ਇਮਾਨਦਾਰੀ ਤੇ ਸਖਤ ਮਿਹਨਤ ਨਾਲ ਖੜ੍ਹਾ ਕਰ ਦਿੱਤਾ

## 6000 ਕਰੋੜ ਦਾ ਕਾਰੋਬਾਰ

**ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ.) ਪੰਡੋਰੀ ਸਿੱਧਵਾਂ 9501100062**

ਇਹ ਕਹਾਣੀ 1970ਵਿਆਂ ਵਿੱਚ ਗੁਜਰਾਤ ਦੇ ਜਾਮਨਗਰ ਜਿਲ੍ਹੇ ਦੇ ਇੱਕ ਛੋਟੇ ਜਿਹੇ ਪਿੰਡ ਧੁੰਦੋਰਾਜੀ ਦੀ ਹੈ ਜਿੱਥੇ ਵਿਰਾਨੀ ਪਰਿਵਾਰ ਰਹਿੰਦਾ ਸੀ ਜੋ ਬਾਕੀ ਪਿੰਡ ਵਾਲਿਆਂ ਵਾਂਗ ਖੇਤੀਬਾੜੀ ਦਾ ਕੰਮ ਕਰਦਾ ਸੀ। ਪਰਿਵਾਰ ਵਿੱਚ ਪਿਤਾ ਪੋਪਟ ਵਿਰਾਨੀ, ਉਸ ਦੀ ਪਤਨੀ, ਚਾਰ ਪੁੱਤਰ ਤੇ ਦੋ ਧੀਆਂ ਸਨ। ਘਰ ਵਿੱਚ ਐਨੀ ਗਰੀਬੀ ਸੀ ਕਿ ਸਾਈਕਲ ਤੱਕ ਖਰੀਦਣ ਦੀ ਔਕਾਤ ਨਹੀਂ ਸੀ। ਉਸ ਸਮੇਂ ਇਸ ਪਛੜੇ ਇਲਾਕੇ ਵਿੱਚ ਬਿਜਲੀ ਨਹੀਂ ਸੀ ਆਈ ਤੇ ਖੇਤੀਬਾੜੀ ਸਿਰਫ ਮੌਸਮ 'ਤੇ ਅਧਾਰਿਤ ਸੀ। ਇੱਕ ਵਾਰ ਲਗਾਤਾਰ ਦੋ ਸਾਲ ਤੱਕ ਬਾਰਸ਼ ਨਾ ਹੋਈ ਤਾਂ ਇਲਾਕੇ ਵਿੱਚ ਕਾਲ ਵਰਗੀ ਸਥਿੱਤੀ ਪੈਦਾ ਹੋ ਗਈ। ਜਦੋਂ ਹੋਰ ਕੋਈ ਚਾਰਾ ਨਾ ਚੱਲਿਆ ਤਾਂ ਪੋਪਟ ਭਾਈ ਵਿਰਾਨੀ ਨੇ ਆਪਣੀ ਕੁੱਲ ਸੰਪਤੀ 3 ਏਕੜ ਜ਼ਮੀਨ ਵੇਚ ਕੇ ਹਾਸਲ ਹੋਈ 20000 ਰੁਪਏ ਦੀ ਰਾਸ਼ੀ ਆਪਣੇ ਵੱਡੇ ਤਿੰਨ ਪੁੱਤਰਾਂ ਨੂੰ ਦੇ ਕੇ ਕਿਹਾ ਕਿ ਪਿੰਡ ਵਿੱਚ ਹੁਣ ਕੁਝ ਹਾਸਲ ਨਹੀਂ ਹੋ ਸਕਦਾ, ਤੁਸੀਂ ਇਹ ਪੈਸੇ ਲੈ ਕੇ ਸ਼ਹਿਰ ਜਾਉ ਤੇ ਆਪਣੇ ਹਿਸਾਬ ਨਾਲ ਕੋਈ ਕੰਮ ਕਾਜ ਸ਼ੁਰੂ ਕਰ ਲਉ। ਸਭ ਤੋਂ ਛੋਟਾ ਭਰਾ ਕੰਨੂ ਭਾਈ ਤੇ ਦੋ ਭੈਣਾਂ ਆਪਣੇ ਮਾਂ ਬਾਪ ਕੋਲ ਰਹਿ ਗਈਆਂ ਤੇ 1972 ਵਿੱਚ ਵੱਡੇ ਤਿੰਨੇ ਵੱਡੇ ਭਰਾ ਚੰਦੂ ਭਾਈ, ਭੀਕੂ ਭਾਈ ਤੇ ਮੇਘ ਜੀ ਭਾਈ ਰਾਜਕੋਟ ਸ਼ਹਿਰ ਲਈ ਚੱਲ ਪਏ। ਸਭ ਤੋਂ ਵੱਡੇ ਭਰਾ ਚੰਦੂ ਭਾਈ ਨੇ ਸੋਚਿਆ ਕਿ ਜੇ ਪਿਤਾ ਜੀ ਨੇ ਉਨ੍ਹਾਂ 'ਤੇ ਐਨਾ ਵਿਸ਼ਵਾਸ਼ ਕੀਤਾ ਹੈ ਤਾਂ ਕੁਝ ਕਰ ਕੇ ਵਿਖਾਉਣਾ ਪਏਗਾ।



ਚੰਦੂਭਾਈ ਵਿਰਾਨੀ

ਕਿਉਂਕਿ ਵਿਰਾਨੀ ਭਰਾ ਕਿਸਾਨ ਪਰਿਵਾਰ ਨਾਲ ਸਬੰਧ ਰੱਖਦੇ ਸਨ, ਇਸ ਲਈ ਉਨ੍ਹਾਂ ਦੇ ਦਿਮਾਗ ਵਿੱਚ ਆਇਆ ਕਿ ਉਸ ਸਬੰਧੀ ਹੀ ਕੋਈ ਕੰਮ ਕੀਤਾ ਜਾਵੇ। ਉਨ੍ਹਾਂ ਨੇ ਖੇਤੀਬਾੜੀ ਨਾਲ ਸਬੰਧਿਤ ਸੰਦਾਂ ਅਤੇ ਖਾਦ ਦਾ ਧੰਦਾ ਸ਼ੁਰੂ ਕੀਤਾ ਪਰ ਧੋਖਾ ਹੋ ਗਿਆ ਕਿਉਂਕਿ ਕਿਸੇ ਧੋਖੇਬਾਜ਼ ਵਪਾਰੀ ਨੇ ਉਨ੍ਹਾਂ ਨੂੰ ਘਟੀਆ ਸਮਾਨ ਵੇਚ ਦਿੱਤਾ ਸੀ। ਇਸ ਕਾਰਨ ਉਨ੍ਹਾਂ ਦਾ ਕਾਰੋਬਾਰ ਠੱਪ ਹੋ ਗਿਆ ਤੇ ਸਾਰਾ ਪੈਸਾ ਡੁੱਬ ਗਿਆ। ਉਨ੍ਹਾਂ ਨੂੰ ਬਹੁਤ ਸ਼ਰਮ ਆਈ ਕਿ ਹੁਣ ਪਿੰਡ ਜਾ ਕੇ ਪਿਤਾ ਜੀ ਨੂੰ ਕੀ ਮੂੰਹ ਵਿਖਾਵਾਂਗੇ। ਪਰ ਫੌਲਾਦ ਵਰਗੇ ਇਰਾਦਿਆਂ ਵਾਲੇ ਉਨ੍ਹਾਂ ਭਰਾਵਾਂ ਨੇ ਪ੍ਰਣ ਕੀਤਾ ਕਿ ਜੇ ਹੁਣ ਭੁੱਖੇ ਵੀ ਮਰ ਗਏ ਤਾਂ ਵੀ ਪਿੰਡ ਵਾਪਸ ਨਹੀਂ ਜਾਣਾ। ਉਨ੍ਹਾਂ ਕੋਲ ਰਹਿਣ ਦਾ ਕੋਈ ਟਿਕਾਣਾ ਨਹੀਂ ਸੀ ਪਰ ਉਨ੍ਹਾਂ ਨੇ ਹਿੰਮਤ ਨਾ ਹਾਰੀ ਤੇ ਛੋਟੇ ਮੋਟੇ ਕੰਮ ਕਰਦੇ ਹੋਏ ਕਿਸੇ ਚੰਗੇ ਕੰਮ ਦੀ ਖੋਜ ਕਰਦੇ ਰਹੇ। ਅਖੀਰ ਉਨ੍ਹਾਂ ਨੂੰ ਰਾਜਕੋਟ ਦੇ ਐਸਟਰਨ ਸਿਨੇਮਾ ਦੀ ਕੈਨਟੀਨ ਵਿੱਚ ਬਤੌਰ ਵੇਟਰ ਕੰਮ ਮਿਲ ਗਿਆ।

ਇਸ ਕੰਮ ਤੋਂ ਇਲਾਵਾ ਉਹ ਫਿਲਮਾਂ ਦੇ ਪੋਸਟਰ ਚਿਪਕਾਉਂਦੇ, ਲੋਕਾਂ ਦੀਆਂ ਟਿਕਟਾਂ ਚੈੱਕ ਕਰ ਕੇ ਐਂਟਰੀ ਵੀ ਕਰਵਾਉਂਦੇ ਤੇ ਰਾਤ ਨੂੰ ਸਿਨੇਮਾ ਦੀਆਂ ਪਾਟੀਆਂ ਹੋਈਆਂ ਸੀਟਾਂ ਸਿਉਂ ਦਿੰਦੇ ਸਨ। ਪਰ ਉਨ੍ਹਾਂ ਨੇ ਮਾਲਕ ਨੂੰ ਕਦੇ ਵੀ ਨਹੀਂ ਸੀ ਕਿਹਾ ਕਿ ਸਾਨੂੰ ਇਸ ਕੰਮ ਦੇ ਅਲੱਗ ਤੋਂ ਪੈਸੇ ਚਾਹੀਦੇ ਹਨ। ਉਨ੍ਹਾਂ ਦੀ ਕੁੱਲ ਤਨਖਾਹ 240 ਰੁਪਏ ਸੀ ਤੇ ਮਕਾਨ ਦਾ ਕਿਰਾਇਆ ਦੇ ਕੇ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਹੁੰਦਾ ਸੀ। ਉਨ੍ਹਾਂ ਦੀ ਹਾਲਤ 'ਤੇ ਤਰਸ ਖਾ ਕੇ ਠੇਕੇਦਾਰ ਨੇ ਉਨ੍ਹਾਂ ਨੂੰ ਕੈਨਟੀਨ ਵਿੱਚੋਂ ਖਾਣਾ ਖਾਣ ਦੀ ਆਗਿਆ ਦੇ ਦਿੱਤੀ। ਇੱਕ ਵਾਰ ਤਾਂ 50 ਰੁਪਏ ਘੱਟ ਹੋਣ ਕਾਰਨ ਉਨ੍ਹਾਂ ਨੂੰ ਕਿਰਾਏ ਦੇ ਮਕਾਨ ਵਿੱਚੋਂ ਰਾਤੋ ਰਾਤ ਭੱਜਣਾ ਪਿਆ ਸੀ ਜੋ ਉਨ੍ਹਾਂ ਨੇ ਹੱਥ ਸੁਖਾਲਾ ਹੋਣ ਤੋਂ ਬਾਅਦ ਮਕਾਨ ਮਾਲਕ ਨੂੰ ਦੇ ਦਿੱਤੇ। ਫਿਰ ਉਹ ਤਰਲਾ ਮਿੰਨਤ ਕਰ ਕੇ ਕਿਸੇ ਰਿਸ਼ਤੇਦਾਰ ਦੇ ਘਰ ਰਹਿਣ ਲੱਗ ਪਏ। ਆਖਰ ਕਿਸਮਤ ਦੀ ਦੇਵੀ ਉਨ੍ਹਾਂ 'ਤੇ ਮਿਹਰਬਾਨ ਹੋਣ ਲੱਗ ਪਈ। ਉਨ੍ਹਾਂ ਦੀ ਸਖਤ ਮਿਹਨਤ ਨੂੰ ਵੇਖ ਕੇ ਕੈਨਟੀਨ ਦੇ ਠੇਕੇਦਾਰ ਗੋਵਿੰਦ ਭਾਈ ਨੇ 1000 ਰੁਪਏ ਮਹੀਨਾ ਦੇ ਹਿਸਾਬ ਨਾਲ ਕੈਨਟੀਨ ਉਨ੍ਹਾਂ ਦੇ ਹਵਾਲੇ ਕਰ ਦਿੱਤੀ।

1976 ਦੌਰਾਨ ਐਸਟਰਨ ਸਿਨੇਮਾ ਵਿੱਚ ਅਮਿਤਾਭ ਬੱਚਨ ਦੀ ਸੁਪਰਹਿੱਟ ਫਿਲਮ ਕਭੀ ਕਭੀ ਲੱਗੀ ਸੀ ਜਿਸ ਕਾਰਨ ਦਰਸ਼ਕਾਂ ਦਾ ਹੜ੍ਹ ਆ ਗਿਆ ਤੇ ਵਿਰਾਨੀ ਭਰਾਵਾਂ ਨੇ ਰੱਜ ਕੇ ਪੈਸੇ ਕਮਾਏ। ਸਿਨੇਮਾ ਵਿੱਚ ਸਿਰਫ ਦਸ ਮਿੰਟ ਦਾ ਇੰਟਰਵਲ ਹੁੰਦਾ ਸੀ ਜਿਸ ਦੌਰਾਨ ਹੀ ਉਨ੍ਹਾਂ ਨੂੰ ਬਿਜਲੀ ਦੀ ਗਤੀ ਨਾਲ ਗਾਹਕਾਂ ਦੇ ਆਰਡਰ ਭੁਗਤਾਉਣੇ ਹੁੰਦੇ ਸਨ। ਜਿਹੜਾ ਆਰਡਰ ਨਾ ਭੁਗਤਦਾ ਤਾਂ ਉਹ ਚਲਦੀ ਫਿਲਮ ਵਿੱਚ ਹਨੇਰੇ ਵਿੱਚ ਵੀ ਗਾਹਕ ਨੂੰ ਲੱਭ ਕੇ ਆਰਡਰ ਦੇ ਕੇ ਆਉਂਦੇ। ਉਹ ਐਨੇ ਇਮਾਨਦਾਰ ਸਨ ਕਿ ਇੱਕ ਵੀ ਅਜਿਹੀ ਸ਼ਿਕਾਇਤ ਨਹੀਂ ਸੀ ਆਈ ਕਿ ਵਿਰਾਨੀ ਭਰਾਵਾਂ ਨੇ ਪੈਸੇ ਲੈ ਲਏ ਪਰ ਆਰਡਰ ਨਹੀਂ ਭੁਗਤਾਇਆ। ਗਾਹਕਾਂ ਵਿੱਚ ਸਭ ਤੋਂ ਵੱਡੀ ਮੰਗ ਵੇਫਰਸ ਦੀ ਸੀ ਜਿਸ ਨੂੰ ਹੁਣ ਪੋਟੈਟੋ ਚਿਪਸ ਕਿਹਾ ਜਾਂਦਾ ਹੈ। ਪਰ

**ਉਹ ਫਿਲਮਾਂ ਦੇ ਪੋਸਟਰ ਚਿਪਕਾਉਂਦੇ, ਲੋਕਾਂ ਦੀਆਂ ਟਿਕਟਾਂ ਚੈੱਕ ਕਰ ਕੇ ਐਂਟਰੀ ਵੀ ਕਰਵਾਉਂਦੇ ਤੇ ਰਾਤ ਨੂੰ ਸਿਨੇਮਾ ਦੀਆਂ ਪਾਟੀਆਂ ਹੋਈਆਂ ਸੀਟਾਂ ਸਿਉਂ ਦਿੰਦੇ ਸਨ। ਪਰ ਉਨ੍ਹਾਂ ਨੇ ਮਾਲਕ ਨੂੰ ਕਦੇ ਵੀ ਨਹੀਂ ਸੀ ਕਿਹਾ ਕਿ ਸਾਨੂੰ ਇਸ ਕੰਮ ਦੇ ਅਲੱਗ ਤੋਂ ਪੈਸੇ ਚਾਹੀਦੇ ਹਨ। ਉਨ੍ਹਾਂ ਦੀ ਕੁੱਲ ਤਨਖਾਹ 240 ਰੁਪਏ ਸੀ ਤੇ ਮਕਾਨ ਦਾ ਕਿਰਾਇਆ ਦੇ ਕੇ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਹੁੰਦਾ ਸੀ। ਉਨ੍ਹਾਂ ਦੀ ਹਾਲਤ 'ਤੇ ਤਰਸ ਖਾ ਕੇ ਠੇਕੇਦਾਰ ਨੇ ਉਨ੍ਹਾਂ ਨੂੰ ਕੈਨਟੀਨ ਵਿੱਚੋਂ ਖਾਣਾ ਖਾਣ ਦੀ ਆਗਿਆ ਦੇ ਦਿੱਤੀ। ਇੱਕ ਵਾਰ ਤਾਂ 50 ਰੁਪਏ ਘੱਟ ਹੋਣ ਕਾਰਨ ਉਨ੍ਹਾਂ ਨੂੰ ਕਿਰਾਏ ਦੇ ਮਕਾਨ ਵਿੱਚੋਂ ਰਾਤੋ ਰਾਤ ਭੱਜਣਾ ਪਿਆ ਸੀ ਜੋ ਉਨ੍ਹਾਂ ਨੇ ਹੱਥ ਸੁਖਾਲਾ ਹੋਣ ਤੋਂ ਬਾਅਦ ਮਕਾਨ ਮਾਲਕ ਨੂੰ ਦੇ ਦਿੱਤੇ। ਫਿਰ ਉਹ ਤਰਲਾ ਮਿੰਨਤ ਕਰ ਕੇ ਕਿਸੇ ਰਿਸ਼ਤੇਦਾਰ ਦੇ ਘਰ ਰਹਿਣ ਲੱਗ ਪਏ। ਆਖਰ ਕਿਸਮਤ ਦੀ ਦੇਵੀ ਉਨ੍ਹਾਂ 'ਤੇ ਮਿਹਰਬਾਨ ਹੋਣ ਲੱਗ ਪਈ। ਉਨ੍ਹਾਂ ਦੀ ਸਖਤ ਮਿਹਨਤ ਨੂੰ ਵੇਖ ਕੇ ਕੈਨਟੀਨ ਦੇ ਠੇਕੇਦਾਰ ਗੋਵਿੰਦ ਭਾਈ ਨੇ 1000 ਰੁਪਏ ਮਹੀਨਾ ਦੇ ਹਿਸਾਬ ਨਾਲ ਕੈਨਟੀਨ ਉਨ੍ਹਾਂ ਦੇ ਹਵਾਲੇ ਕਰ ਦਿੱਤੀ।**

---

ਮੁਸ਼ਕਿਲ ਇਹ ਆ ਗਈ ਕਿ ਚਿਪਸ ਸਪਲਾਈ ਕਰਨ ਵਾਲਾ ਬੰਦਾ ਸਮੇਂ 'ਤੇ ਸਪਲਾਈ ਨਹੀਂ ਸੀ ਕਰਦਾ ਤੇ ਕਵਾਲਟੀ ਵੀ ਘਟੀਆ ਹੁੰਦੀ ਸੀ। ਉਨ੍ਹਾਂ ਨੇ ਕਈ ਹੋਰ ਸਪਲਾਇਰਾਂ ਨਾਲ ਵੀ ਗੱਲ ਕੀਤੀ ਪਰ ਜਦੋਂ ਮਸਲਾ ਹੱਲ ਨਾ ਹੋਇਆ ਤਾਂ ਉਨ੍ਹਾਂ ਦੇ ਦਿਮਾਗ ਵਿੱਚ ਇਹ ਵਿਚਾਰ ਆਇਆ ਕਿ ਕਿਉਂ ਨਾ ਅਸੀਂ ਖੁਦ ਹੀ ਚਿਪਸ ਤਿਆਰ ਕਰੀਏ। 1982 ਤੱਕ ਉਨ੍ਹਾਂ ਕੋਲ ਵੱਖ ਵੱਖ ਥਾਵਾਂ 'ਤੇ ਤਿੰਨ ਕੰਨਟੀਨਾਂ ਹੋ ਚੁੱਕੀਆਂ ਸਨ ਤੇ ਕਾਫੀ ਪੈਸਾ ਵੀ ਜਮ੍ਹਾ ਹੋ ਗਿਆ ਸੀ। ਉਨ੍ਹਾਂ ਨੇ ਆਪਣਾ ਘਰ ਖਰੀਦ ਲਿਆ ਤੇ ਬਾਕੀ ਪਰਿਵਾਰ ਨੂੰ ਪਿੰਡ ਤੋਂ ਆਪਣੇ ਕੋਲ ਬੁਲਾ ਲਿਆ।



ਚੰਦੂਭਾਈ ਵਿਰਾਨੀ ਆਪਣੇ ਦੋਵਾਂ ਭਰਾਵਾਂ ਨਾਲ ਰਾਜਕੋਟ ਦੀ ਚਿਪਸ ਫੈਕਟਰੀ ਵਿਖੇ

ਚੰਦੂ ਭਾਈ ਨੇ ਆਪਣੇ ਘਰ ਦੇ ਵਿਹੜੇ ਵਿੱਚ ਇੱਕ ਸ਼ੈੱਡ ਬਣਵਾ ਲਿਆ ਤੇ ਕੜ੍ਹਾਹੀ ਚੜ੍ਹਾ ਦਿੱਤੀ। ਆਲੂ ਛਿੱਲਣ ਤੇ ਕੱਟਣ ਵਾਲੀ ਮਸ਼ੀਨ ਸਮੇਤ ਕੁੱਲ 10000 ਰੁਪਏ ਦਾ ਖਰਚ ਆਇਆ। ਚੰਦੂ ਭਾਈ ਨੇ ਰਾਤ ਰਾਤ ਭਰ ਬੈਠ ਕੇ ਚਿਪਸ ਤਲਣੇ ਸ਼ੁਰੂ ਕਰ ਦਿੱਤੇ। ਇਸ ਕੰਮ ਦਾ ਕੋਈ ਅਨੁਭਵ ਨਾ ਹੋਣ ਕਾਰਨ ਆਲੂ ਕਦੇ ਸੜ ਜਾਂਦੇ ਤੇ ਕਦੇ ਕੱਚੇ ਰਹਿ ਜਾਂਦੇ, ਪਰ ਕੁਝ ਹਫਤਿਆ ਬਾਅਦ ਹੀ ਉਸ ਨੇ ਆਪਣਾ ਪਰਫੈਕਟ ਪਟੈਟੋ ਚਿਪਸ ਤਿਆਰ ਕਰ ਲਿਆ। ਇਹ ਚਿਪਸ ਕੈਨਟੀਨਾਂ ਦੇ ਗਾਹਕਾਂ ਨੂੰ ਐਨੇ ਪਸੰਦ ਆਏ ਕਿ ਹੋਰ ਮਸ਼ੀਨਾਂ ਤੇ ਤਲਣ ਵਾਸਤੇ ਮਜ਼ਦੂਰ ਲਗਾਉਣੇ ਪਏ। ਜਦੋਂ ਉਤਪਾਦਨ ਵਧ ਗਿਆ ਤਾਂ ਉਨ੍ਹਾਂ ਨੇ ਸ਼ਹਿਰ ਦੇ ਦੁਕਾਨਦਾਰਾਂ ਨੂੰ ਚਿਪਸ ਦੇ ਪੈਕੇਟ ਸਪਲਾਈ ਕਰਨੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨੇ ਆਪਣੇ ਚਿਪਸ ਬਰਾਂਡ ਦਾ ਨਾਮ ਹਨੂੰਮਾਨ ਜੀ ਦੇ ਨਾਮ 'ਤੇ ਬਾਲਾ ਜੀ ਵੇਫਰਜ਼ ਰੱਖ ਦਿੱਤਾ। ਪਰ ਦੁਕਾਨਦਾਰਾਂ ਨੇ ਉਨ੍ਹਾਂ ਨੂੰ ਧੋਖਾ ਦੇਣਾ ਸ਼ੁਰੂ ਕਰ ਦਿੱਤਾ। ਕੋਈ ਅੱਧ ਪਚੱਧ ਖਾਧੇ ਪੈਕਟ ਬਾਸੀ ਹੋਣ ਦਾ ਇਲਜ਼ਾਮ ਲਗਾ ਕੇ ਵਾਪਸ ਕਰ ਦਿੰਦਾ ਤੇ ਕੋਈ ਪੈਸੇ ਦੇਣ ਤੋਂ ਹੀ ਮੁੱਕਰ ਜਾਂਦਾ। ਚੰਦੂ ਭਾਈ ਨੇ ਇਸ ਨੂੰ ਇੱਕ ਚਨੌਤੀ ਵਜੋਂ ਲਿਆ ਤੇ ਆਪਣੇ ਭਰਾਵਾਂ ਨਾਲ ਮੋਟਰ ਸਾਈਕਲਾਂ ਮਗਰ ਚਿਪਸ ਦੇ ਥੈਲੇ ਬੰਨ੍ਹ ਕੇ ਰਾਜਕੋਟ ਦੇ ਕੋਨੇ ਕੋਨੇ ਵਿੱਚ ਸਿੱਧੇ ਗਾਹਕਾਂ ਕੋਲ ਪਹੁੰਚਾਉਣੇ ਸ਼ੁਰੂ ਕਰ ਦਿੱਤੇ।

ਇਸ ਕਾਰਨ ਘਰ ਘਰ ਵਿੱਚ ਉਨ੍ਹਾਂ ਦਾ ਬਰਾਂਡ ਪ੍ਰਸਿੱਧ ਹੋ ਗਿਆ ਤੇ ਉਹ ਹਰ ਮਹੀਨੇ 50000 ਰੁਪਏ ਤੋਂ ਵੱਧ ਸ਼ੁੱਧ ਮੁਨਾਫਾ ਕਮਾਉਣ ਲੱਗ ਪਏ। ਇਸ ਕਾਰਨ ਉਨ੍ਹਾਂ ਦਾ ਹੌਂਸਲਾ ਵਧ ਗਿਆ ਤੇ 1989 ਵਿੱਚ 50 ਲੱਖ ਦਾ ਕਰਜ਼ਾ ਲੈ ਕੇ ਰਾਜਕੋਟ ਦੇ ਏ.ਜੀ.ਆਈ. ਇੰਡਸਟਰੀਅਲ ਕੰਪਲੈਕਸ ਵਿੱਚ ਪਲਾਟ ਖਰੀਦ ਕੇ ਆਪਣਾ ਪਹਿਲਾ ਪਲਾਂਟ ਲਗਾ ਲਿਆ। ਇਹ ਉਸ ਸਮੇਂ ਗੁਜਰਾਤ ਦਾ ਸਭ ਤੋਂ ਵੱਡਾ ਪਟੈਟੋ ਚਿਪਸ ਪਲਾਂਟ ਸੀ। ਕੁਝ ਸਾਲਾਂ ਬਾਅਦ ਉਨ੍ਹਾਂ ਨੇ ਆਪਣੀ ਕੰਪਨੀ ਬਾਲਾ ਜੀ ਵੇਫਰਜ਼ ਦੇ ਨਾਮ 'ਤੇ ਰਜਿਸਟਰਡ ਕਰਵਾ ਲਈ ਤੇ ਚੰਦੂ ਭਾਈ, ਭੀਕੂ ਭਾਈ, ਮੇਘ ਜੀ ਭਾਈ ਤੇ ਕੰਨੂ ਭਾਈ ਇਸ ਦੇ ਡਾਇਰੈਕਟਰ ਬਣ ਗਏ। ਥੋੜ੍ਹੇ ਹੀ ਸਮੇਂ ਵਿੱਚ ਇਹ ਕੰਪਨੀ ਐਨੀ ਪ੍ਰਸਿੱਧ ਹੋ ਗਈ ਕਿ ਉਹ ਦੇਸ਼ ਵਿਦੇਸ਼ ਵਿੱਚ ਆਪਣਾ ਮਾਲ ਭੇਜਣ ਲੱਗ ਪਏ। ਗੁਜਰਾਤ ਵਿੱਚ ਤਾਂ ਇਨ੍ਹਾਂ ਦਾ ਏਕਾਧਿਕਾਰ ਹੈ, ਅੰਕਲ ਚਿਪਸ ਅਤੇ ਲੇਅਜ਼ ਵਰਗੇਬਰਾਂਡ ਇਨ੍ਹਾਂ ਅੱਗੇ ਫੇਲ੍ਹ ਸਾਬਤ ਹੋਏ ਹਨ। ਅੱਜ ਵੀ ਉਨ੍ਹਾਂ ਦਾ ਦਿਲ ਵਿੱਚ ਆਪਣੀ ਕਿਸਾਨ ਬਰਾਦਰੀ ਲਈ ਧੜਕਦਾ ਹੈ। ਉਨ੍ਹਾਂ ਦੇ 2000 ਆਲੂ ਸਪਲਾਇਰਾਂ ਵਿੱਚੋਂ 80% ਕਿਸਾਨ ਹਨ ਜਿਨ੍ਹਾਂ ਤੋਂ ਉਹ ਸਿੱਧਾ ਆਲੂ ਖਰੀਦਦੇ ਹਨ।

ਇਸ ਵੇਲੇ ਭਾਰਤ ਵਿੱਚ ਉਨ੍ਹਾਂ ਦੀਆਂ ਚਾਰ ਫੈਕਟਰੀਆਂ ਹਨ, ਗੁਜਰਾਤ ਵਿੱਚ ਰਾਜਕੋਟ ਅਤੇ ਵਾਲਸਾਡ, ਮੱਧ ਪ੍ਰਦੇਸ਼ ਵਿੱਚ ਇੰਦੌਰ ਅਤੇ ਉੱਤਰ ਪ੍ਰਦੇਸ਼ ਵਿੱਚ ਲਖਨਊ। ਇਨ੍ਹਾਂ ਫੈਕਟਰੀਆਂ ਵਿੱਚ 8000 ਦੇ ਕਰੀਬ ਮਜ਼ਦੂਰ ਅਤੇ ਅਧਿਕਾਰੀ ਕੰਮ ਕਰ ਰਹੇ ਹਨ ਜਿਨ੍ਹਾਂ ਨੂੰ ਉਹ ਬਾਕੀ ਕੰਪਨੀਆਂ ਨਾਲੋਂ ਵੱਧ ਤਨਖਾਹ ਦਿੰਦੇ ਹਨ।ਅੱਜ ਉਹ ਚਿਪਸ ਤੋਂ ਇਲਾਵਾ ਨਾਚੋਜ਼, ਆਲੂ ਸੇਵ, ਸੇਵ ਮੁਰਮੁਰਾ, ਖੱਟਾ ਮੀਠਾ, ਪੰਜਾਬੀ ਤੜਕਾ, ਮੂੰਗ ਦਾਲ, ਮਿਕਸ ਨਮਕੀਨ, ਨਮਕੀਨ ਪੀਨਟਸ ਅਤੇ ਚਨਾ ਜ਼ੋਰ ਗਰਮ ਆਦਿ ਵਰਗੇ 50 ਤੋਂ ਵੱਧ ਕਿਸਮ ਦੇ ਸਨੈਕਸ ਵੇਚਦੇ ਹਨ। ਭਾਰਤ ਤੋਂ ਇਲਾਵਾ ਯੂਰਪ, ਅਮਰੀਕਾ, ਕੈਨੇਡਾ ਅਤੇ ਆਸਟਰੇਲੀਆ ਆਦਿ ਦੇਸ਼ਾਂ ਨੂੰ ਇਹ ਸਨੈਕਸ ਨਿਰਯਾਤ ਕੀਤੇ ਜਾਂਦੇ ਹਨ। ਭਾਰਤ ਵਿੱਚ ਬਾਲਾ ਜੀ ਵੇਫਰਜ਼ ਪੈਪਸੀਕੋ ਅਤੇ ਹਲਦੀ ਰਾਮ ਤੋਂ ਬਾਅਦ ਤੀਸਰੇ ਨੰਬਰ ਦੀ ਕੰਪਨੀ ਹੈ। ਇਹ ਇੱਕ ਪਰਿਵਾਰਿਕ ਕੰਪਨੀ ਹੈ ਜਿਸ ਨੂੰ ਚਾਰੇ ਭਰਾ ਤੇ ਉਨ੍ਹਾਂ ਦੇ ਬੱਚੇ ਚਲਾ ਰਹੇ ਹਨ। ਅੱਜ ਵੀ ਰਾਤ ਦਾ ਖਾਣਾ ਇਹ ਪਰਿਵਾਰ ਇਕੱਠਾ ਖਾਂਦਾ ਹੈ।

–0–

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ 6

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਛਪਾਈ ਬਾਰੇ ਪੰਥ ਦੇ ਵਿਚਾਰਨਯੋਗ ਮਸਲੇ ਅਤੇ ਸਮਾਧਾਨ

**ਅਠਵਾਂ ਮਸਲਾ ਹੈ ਕਾਤਿਬਾਂ ਦੀ ਅਣਗਹਿਲੀ ਕਾਰਣ ਛੁੱਟੀਆਂ ਤੁਕਾਂ, ਤੁਕਾਂਸ਼ਾਂ ਤੇ ਪਦਿਆਂ ਦੀ ਪੂਰਤੀ ਦਾ :** ਸੂਚੀ ਮੁਤਾਬਿਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੩੩੯ ਦੇ ੫੭ ਨੰ. ਸ਼ਬਦ ਦੀਆਂ ਰਹਾਉ ਦੀਆਂ ਪਹਿਲੀਆਂ ਦੋ ਤੁਕਾਂ ਨੂੰ ਛੱਡ ਕੇ ਬਾਕੀ ਦਾ ਸ਼ਬਦ 'ਕਬੀਰ ਬੀਜਕ' ਵਿੱਚ 'ਚਾਚਰ' ਸਿਰਲੇਖ ਹੇਠ ਮਿਲਦਾ ਹੈ। ਇਸ ਦਾ ਪਹਿਲਾ ਪਦਾ ਹੈ:

ਕਾਲਬੂਤ ਕੀ ਹਸਤਨੀ ਮਨ ਬਉਰਾ ਰੇ ਚਲਿਤੁ ਰਚਿਓ ਜਗਦੀਸ ॥
ਕਾਮ ਸੁਆਇ **ਗਜੁ** ਬਸਿ ਪਰੇ ਮਨ ਬਉਰਾ ਰੇ ਅੰਕਸੁ ਸਹਿਓ **ਸੀਸ** ॥੧॥

ਇਸ ਸ਼ਬਦ ਦੇ ਚਾਰੇ ਪਦੇ ਪਹਿਲੇ ਪਦੇ ਵਾਂਗ ਪੂਰੇ ਦੋ ਦੋ ਤੁਕਾਂ ਦੇ ਹਨ। ਪਰ 'ਰਹਾਉ' ਦੀ ਪਹਿਲੀ ਤੁਕ ਅੱਧੀ ਹੈ। ਜਿਵੇਂ, "ਬਿਖੈ ਬਾਚੁ ਹਰਿ ਰਾਚੁ ਸਮਝੁ ਮਨ ਬਉਰਾ ਰੇ... ? ॥" ਕਿਉਂਕਿ ਚਾਰੇ ਪਦਿਆਂ ਦੀ ਹਰੇਕ ਤੁਕ ਦੇ ਪਹਿਲੇ ਅੱਧ ਦੀਆਂ ਮਾਤਰਾਂ ੨੧, ੨੧ ਹਨ ਅਤੇ ਪਿਛਲੇ ਅੱਧ ਦੀਆਂ ੧੧, ੧੨ ਹਨ। ਪਰ, 'ਰਹਾਉ' ਦੀ ਉਪਰੋਕਤ ਤੁਕ ਦੇ ਪਹਿਲੇ ਅੱਧ ਦੀਆਂ ੨੧ ਮਾਤ੍ਰਾਵਾਂ ਪੂਰੀਆਂ ਹਨ, ਪਰ ਰਹਾਉ ਦੀ ਦੂਜੀ ਤੁਕ ਦੇ ਬਰਾਬਰ ਪਹਿਲੀ ਤੁਕ ਦੀਆਂ ਪਿਛਲੀਆਂ ੧੨ ਦੀ ਘਾਟ ਰੜਕਦੀ ਹੈ।

ਸੂਚੀ ਮੁਤਾਬਿਕ ਸੰਤ ਟਹਿਲ ਸਿੰਘ ਨਿਹੰਗ ਤੇ ਸੰਤ ਇੰਦਰ ਸਿੰਘ ਚਕ੍ਰਵਤੀ ਨੇ ਕਿਸੇ ਬੀੜ ਵਿਚੋਂ ਉਪਰੋਕਤ ਅੱਧਾ ਪਦਾ 'ਦੁਰਲਭ ਦੇਹ ਕੈ ਕਾਜਿ ॥' ਪੜ੍ਹਿਆ ਸੀ, ਜੋ ਸਮੁੱਚੇ ਸ਼ਬਦ ਦੇ ਪ੍ਰਕਰਣ ਤੇ ਤੁਕ ਦੇ ਅਰਥ-ਭਾਵ ਪੱਖੋਂ ਬੜਾ ਢੁਕਵਾਂ ਹੈ। ਜਥੇਦਾਰ ਵੇਦਾਂਤੀ ਜੀ ਤੇ ਗਿ. ਭਰਪੂਰ ਸਿੰਘ ਜੀ ਵਰਗੇ ਪੁਰਾਤਨ ਬੀੜਾਂ ਦੇ ਖੋਜੀ ਅਤੇ ਕਾਵਿਕ ਦ੍ਰਿਸ਼ਟੀ ਤੋਂ ਪਿੰਗਲ ਦੀ ਸੋਝੀ ਰੱਖਣ ਵਾਲੇ ਵਿਦਵਾਨਾਂ ਮੁਤਾਬਿਕ ਲੋੜੀਂਦਾ ਹੈ। ਇਸ ਲਈ ਹੁਣ ਚਾਹੀਦਾ ਹੈ ਕਿ ਰਹਾਉ ਦੇ ਪਦੇ ਨੂੰ ਇੰਝ ਲਿਖਿਆ ਜਾਏ:



ਗਿਆਨੀ ਜਗਤਾਰ ਸਿੰਘ ਜਾਚਕ

ਬਿਖੈ ਬਾਚੁ ਹਰਿ ਰਾਚੁ ਸਮਝੁ ਮਨ ਬਉਰਾ ਰੇ **ਦੁਰਲਭ ਦੇਹ ਕੈ ਕਾਜਿ** ॥
ਨਿਰਭੈ ਹੋਇ ਨ ਹਰਿ ਭਜੇ ਮਨ ਬਉਰਾ ਰੇ ਗਹਿਓ ਨ ਰਾਮ ਜਹਾਜੁ ॥੧॥ ਰਹਾਉ ॥ {ਪੰ.੩੩੯}

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਪੰਨਾ ੫੫੭, ੫੮ 'ਤੇ "ਵਡਹੰਸੁ ਮਹਲਾ ੧ ਘਰੁ ੨ ॥ ਮੋਰੀ ਰੁਣ ਝੁਣ ਲਾਇਆ ਭੈਣੇ... ॥" ੨੧ ਤੁਕਾਂ ਦਾ ਇੱਕ ਵਿਸ਼ੇਸ਼ ਕਿਸਮ ਦਾ ਸ਼ਬਦ ਹੈ। ਇਸ ਸ਼ਬਦ ਤੋਂ ਪਹਿਲਾਂ ਅਤੇ ਪਿੱਛੋਂ ਵੀ ਦੋ ਦੋ ਤੁਕਾਂ ਦੇ ਚਉਪਦੇ ਹਨ। ਇਸ ਸ਼ਬਦ ਦੇ ਵੱਖ ਵੱਖ ਦੋ ਤੁਕੀ ਪਦੇ ਤਾਂ ਭਾਵੇਂ ਅੰਕਤ ਨਹੀਂ, ਪ੍ਰੰਤੂ ਸ਼ਬਦ ਦੇ ਅਖ਼ੀਰ ਵਾਲੀ ੨੧ਵੀਂ ਤੁਕ ਨੂੰ ਛੱਡ ਕੇ ਪਹਿਲੀਆਂ ਦੋ ਦੋ ਤੁਕਾਂ ਦੇ ਮਿਲਵੇਂ ਕਾਫ਼ੀਏ ਸਦਕਾ ੧੦ ਦੁਪਦੇ ਬਣ ਜਾਂਦੇ ਹਨ। ਜਿਵੇਂ ਹੇਠਾਂ ੧੯ ਤੇ ੨੦ ਨੰਬਰ ਤੁਕਾਂ ਦਾ ਜੋੜਾ :

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥

ਇਸ ਪ੍ਰਕਾਰ ਕੇਵਲ ੨੧ਵੀਂ ਤੁਕ ਬਚਦੀ ਹੈ, ਜਿਸ ਦੇ ਮਿਲਵੇਂ ਕਾਫ਼ੀਏ ਵਾਲੀ ਦੂਜੀ ਤੁਕ ਦੀ ਘਾਟ ਹੈ। ਪਾਠ-ਭੇਦ ਸੂਚੀ ਮੁਤਾਬਿਕ ਮੀਣੇ ਗੁਰੂ ਮਿਹਰਵਾਨ ਦੇ ਸੇਵਕ ਸੋਢੀ ਮਨੋਹਰ ਦਾਸ ਦੀ ਲਿਖੀ ਪੋਥੀ ਸਚਖੰਡ ਦੀ ੪੨੦ ਨੰਬਰ ਸਾਖੀ ਵਿੱਚ ਉਪਰੋਕਤ ਸ਼ਬਦ ਦੀ ੨੧ਵੀਂ ਤੁਕ "ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥" ਦੇ ਨਾਲ ਦੀ ਹੇਠ ਲਿਖੀ ੨੨ਵੀਂ ਤੁਕ ਮਿਲਦੀ ਹੈ :

ਆਪਣੇ ਪਿਰ ਭਾਣੀ ਮਹਲਿ ਬੁਲਾਈ ਨਾਨਕ ਸੰਗਿ ਸਮਾਣਾ ॥ {ਸੂਚੀ ਪੰਨਾ ੧੭੦}

ਇਸ ਪ੍ਰਕਾਰ ਕਾਵਿਕ ਦ੍ਰਿਸ਼ਟੀ ਤੋਂ ੨੧ ਤੇ ੨੨ ਨੰਬਰ ਤੁਕਾਂ ਦਾ ਜੋੜਾ ਇਉਂ ਸ਼ੋਭਨੀਕ ਹੁੰਦਾ ਹੈ :

ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥
ਆਪਣੇ ਪਿਰ ਭਾਣੀ ਮਹਲਿ ਬੁਲਾਈ ਨਾਨਕ ਸੰਗਿ ਸਮਾਣਾ ॥੧॥੩॥ {ਪੰ. ੫੫੮}

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਖੇ ਪੰਨਾ ੬੫੩ 'ਤੇ ਸੋਰਠਿ ਦੀ ਵਾਰ ਦੀ ੨੯ਵੀਂ ਪਉੜੀ ਨਾਲ ਦੋ ਸਲੋਕ ਹਨ। ਪਹਿਲਾ "ਸਲੋਕ ਮਃ ੩ ॥ ਏ ਮਨ ਹਰਿ ਜੀ ਧਿਆਇ ਤੂ...... ॥" ਪੂਰੀਆਂ ੪ ਤੁਕਾਂ ਦਾ ਅਤੇ ਹੇਠ ਲਿਖਿਆ ਦੂਜਾ ਸਲੋਕ ਕੇਵਲ ੩ ਤੁਕਾਂ ਦਾ ਹੈ :

ਮਃ ੩ ॥ ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥
ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ॥
ਨਾਨਕ ਨਾਮੁ ਧਿਆਇਨਿ ਤਿਨ ਨਿਜ ਘਰਿ ਵਾਸੁ ਹੈ ਜੁਗਿ ਜੁਗਿ ਸੋਭਾ ਹੋਇ ॥੨॥

ਪਾਠ-ਭੇਦ ਸੂਚੀ ਮੁਤਾਬਿਕ ਦੂਜੇ ਸਲੋਕ ਦੀ ਦੂਜੀ ਤੁਕ ਕਿਸੇ ਲਿਖਾਰੀ ਤੋਂ ਛੁੱਟ ਗਈ ਹੈ ਅਤੇ ਅੱਗੋਂ ਛਪਾਈ ਵਿੱਚ ਓਹੀ ਭੁੱਲ ਦੁਹਰਾਈ ਜਾ ਰਹੀ ਹੈ, ਕਿਉਂਕਿ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦੀ ਸਭ ਤੋਂ ਸ਼ੁਧ ਮੰਨੀ ਜਾਂਦੀ 'ਸਾਰਨ ਕੇ ਵਾਲੀ' ਬੀੜ ਨੰ. ੫ ਦੇ ਸਮੇਤ ਹੇਠ ਲਿਖੀਆਂ ੭ ਬੀੜਾਂ ਵਿੱਚ ਉਹ ਤੁਕ ਇੰਝ ਮਿਲੀ ਹੈ : ਆਪੇ ਦੇਇ ਵਡਿਆਈਆ ਆਪੇ ਨਦਰਿ ਕਰੇਇ ॥ {ਸੂਚੀ ਪੰਨਾ ੨੦੬} :

ਬੀੜ ਨੰ. ੫, ੧੧/੪੯੯੬, ੨੬/੫੫, ੨੬/੫੫, ੩੨/੬੨ਖ਼੧, ੩੬/੧੧੭, ੩੮/੧੭੩ ਅਤੇ ੩੯/੧੯੨ ਆਦਿ ॥


ਸੂਚੀ ਦੇ ਉਪਰੋਕਤ ਵੇਰਵੇ ਮੁਤਾਬਿਕ ੨੯ਵੀਂ ਪਉੜੀ ਦਾ ਦੂਜਾ ਸਲੋਕ ਹੁਣ ਇੰਝ ਛਪਣਾ ਚਾਹੀਦਾ ਹੈ :

ਮਃ ੩ ॥ ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥
ਆਪੇ ਦੇਇ ਵਡਿਆਈਆ ਆਪੇ ਨਦਰਿ ਕਰੇਇ ? ॥
ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ॥
ਨਾਨਕ ਨਾਮੁ ਧਿਆਇਨਿ ਤਿਨ ਨਿਜ ਘਰਿ ਵਾਸੁ ਹੈ ਜੁਗਿ ਜੁਗਿ ਸੋਭਾ

ਹੋਇ ॥੨੯ ॥ {ਪੰ. ੬੫੩}

ਸੂਚੀ ਮੁਤਾਬਿਕ ਪ੍ਰਮਾਣਿਕ ਬੀੜ ਨੰ. ੫ ਅਨੁਸਾਰ "ਮਹਾ ਮੰਗਲੁ ਰਹਸੁ ਥੀਆ ...... ਪਿਰੁ ਦਇਆਲੁ ਸਦ ਨਵਰੰਗੀਆ ॥ {ਗੁਰੂ ਗ੍ਰੰਥ-ਪੰ. ੭੦੪} ਤੁਕ ਵਿੱਚੋਂ 'ਅੰਮ੍ਰਿਤੁ ਪੀਆ' ਪਦ ਛੁੱਟਿਆ ਜਾਪਦਾ ਹੈ, ਕਿਉਂਕਿ ਇਸ ਕਾਫ਼ੀਏ ਦੇ ਸਮਾਨਤਾ ਵਾਲੀ ਦੂਜੀ ਤੁਕ ਦੀ ਕਾਵਿਕ ਬਣਤਰ ਤੋਂ ਉਪਰੋਕਤ ਤੱਥ ਦੀ ਪੁਸ਼ਟੀ ਹੁੰਦੀ ਹੈ । ਅਰਥਾਂ ਦੀ ਦ੍ਰਿਸ਼ਟੀ ਤੋਂ ਜੇ ਤੁਕ ਦਾ ਅਨਵੈ ਕੀਤਾ ਜਾਏ, ਜਿਵੇਂ : 'ਸਦ ਨਵਰੰਗੀਆ ਪਿਰੁ ਦਇਆਲੁ (ਹੋਇਆ ਤਾਂ ) ਮਹਾ ਮੰਗਲੁ ਰਹਸੁ ਥੀਆ, ਪਰ ਕਿਉਂ ? ਕਿਉਂਕਿ 'ਅੰਮ੍ਰਿਤੁ ਪੀਆ' । ਇਸ ਪ੍ਰਕਾਰ ਦੋਹਾਂ ਤੁਕਾਂ ਦੇ ਸਹੀ ਪਾਠ ਦਾ ਜੁੱਟ ਇਉ ਬਣੇਗਾ :

ਮਹਾ ਮੰਗਲੁ ਰਹਸੁ ਥੀਆ ਅੰਮ੍ਰਿਤੁ ਪੀਆ ਪਿਰੁ ਦਇਆਲੁ ਸਦ ਨਵਰੰਗੀਆ ॥ {੭੦੪}?




ਵਡਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤਿਸੰਗੀਆ ॥

ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਸਾਬਕਾ ਅਰਦਾਸੀਏ ਗਿ. ਭਰਪੂਰ ਸਿੰਘ ਜੀ ਮੁਤਾਬਿਕ ਸਿੱਖ ਰੈਫਰੈਂਸ ਲਾਇਬ੍ਰੇਰੀ ਦੀ ਬੀੜ ਵਿੱਚੋਂ "ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥" ॥ {ਪੰ.੧੪੧੧} ਤੁਕ ਨਾਲ "ਨਾਨਕ ਨਦਰੀ ਪਾਈਐ ਗੁਰ ਕੈ ਸਬਦਿ ਵੀਚਾਰਿ ॥" ਨਵੀਂ ਤੁਕ ਪਾ ਕੇ 'ਵਾਰਾਂ ਤੇ ਵਧੀਕ' ੧੨ਵਾਂ ਸਲੋਕ ਪੂਰਾ ਕੀਤਾ ਹੋਇਆ ਸੀ । ਇਹ ਪਾਠ ਉਨ੍ਹਾਂ ਨੇ ਜਨਵਰੀ ੧੯੮੪ ਵਿੱਚ ਨੋਟ ਕੀਤਾ, ਜੋ ਸ਼ਬਦਾਵਲੀ, ਕਾਵਿਕ ਮਾਤ੍ਰਾਵਾਂ ਤੇ ਅਰਥਾਂ ਪੱਖੋਂ ਬੜਾ ਢੁਕਵਾਂ ਹੈ । ਉਸ ਵੇਲੇ ਉਹ ਸ਼੍ਰੋਮਣੀ ਕਮੇਟੀ ਦੇ ਅਧੀਨ ਪਾਠੀ ਦੀ ਸੇਵਾ ਨਿਭਾਉਂਦੇ ਸਨ, ਪਰ ਪੁਰਾਤਨ ਬੀੜਾਂ ਦੇ ਦਰਸ਼ਨ ਕਰਨੇ ਉਨ੍ਹਾਂ ਦਾ ਸ਼ੌਕ ਸੀ, ਜੋ ਪ੍ਰੋ. ਸਾਹਿਬ ਸਿੰਘ ਦੀ 'ਗੁਰਬਾਣੀ ਵਿਆਕਰਣ' ਐਡੀਸ਼ਨ ਸੰਨ ੧੯੮੨ ਪੜ੍ਹ ਕੇ ਸਹਿਜੇ ਸਹਿਜੇ ਖੋਜ ਵਿੱਚ ਬਦਲ ਗਿਆ । ਇਸ ਲਈ ਗਿਆਨੀ ਜੀ ਨੇ ਅਰਦਾਸੀਏ ਦੀ ਸੇਵਾ ਛੱਡ ਕੇ ਜਥੇਦਾਰ ਵੇਦਾਂਤੀ ਤੇ ਤਲਵਾੜਾ ਜੀ ਦੇ ਨਾਲ ਲਾਇਬ੍ਰੇਰੀ ਵਾਲੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਵਿੱਚ ਸ਼ਾਮਲ ਹੋਣ ਨੂੰ ਤਰਜੀਹ ਦਿੱਤੀ । ਭਾਵੇਂ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਉਨ੍ਹਾਂ ਦੇ 'ਸਿੰਘ ਸਾਹਿਬ ਗ੍ਰੰਥੀ' ਬਣਨ ਦੀ ਪੱਕੀ ਸੰਭਾਵਨਾ ਸੀ । ਖੋਜ ਚੋਂ ਪ੍ਰਾਪਤ ਹੋਈ ਉਪਰੋਕਤ ਤੁਕ ਪਾਵਨ ਬੀੜ ਵਿੱਚ ਛਾਪਣ ਨਾਲ ਪੂਰਾ ਸਲੋਕ ਇਉਂ ਦਰਸ਼ਨ ਦੇਵੇਗਾ :

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥" ॥

ਨਾਨਕ ਨਦਰੀ ਪਾਈਐ ਗੁਰ ਕੈ ਸਬਦਿ ਵੀਚਾਰਿ ॥੧੨ ॥ {ਪੰ.੧੪੧੧}

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਕਾਸ਼ਤ ਹੋ ਰਹੀ ਮਜੂਦਾ ਬੀੜ ਵਿਖੇ 'ਸਲੋਕ ਵਾਰਾਂ ਤੇ ਵਧੀਕ' ਸੰਗ੍ਰਹਿ ਵਿੱਚ ਸਲੋਕ ਮਹਲਾ ੩ ਦੇ ਸਿਰਲੇਖ ਹੇਠ ੫੦ ਨੰਬਰ ਸਲੋਕ ਇਉਂ ਛਪ ਰਿਹਾ ਹੈ :

ਹਰਿ ਹਰਿ ਨਾਮੁ ਧਿਆਇ ਮਨ ਹਰਿ ਦਰਗਹ ਪਾਵਹਿ ਮਾਨੁ ॥

ਕਿਲਵਿਖ ਪਾਪ ਸਭਿ ਕਟੀਅਹਿ ਹਉਮੈ ਚੁਕੈ ਗੁਮਾਨੁ ॥

ਗੁਰਮੁਖਿ ਕਮਲੁ ਵਿਗਸਿਆ ਸਭੁ ਆਤਮ ਬ੍ਰਹਮੁ ਪਛਾਨੁ ॥

ਹਰਿ ਹਰਿ ਕਿਰਪਾ ਧਾਰਿ ਪ੍ਰਭ ਜਨ ਨਾਨਕ ਜਪਿ ਹਰਿ ਨਾਮੁ ॥ ੫੦ ॥ {ਪੰਨਾ ੧੪੧੯}

ਪਰ ਇਹੀ ਸਲੋਕ ਕਾਨ੍ਹੜੇ ਦੀ ਵਾਰ ਵਿੱਚ ਤੀਜੀ ਪਉੜੀ ਦੇ ਪਹਿਲੇ ਸਲੋਕ ਵਜੋਂ 'ਸਲੋਕ ਮਃ ੪ ॥' ਦੇ ਸਿਰਲੇਖ ਹੇਠ ਇੰਝ ਛਪਿਆ ਮਿਲਦਾ ਹੈ :

ਸਲੋਕ ਮਃ ੪ ॥ ਹਰਿ ਹਰਿ ਨਾਮੁ ਧਿਆਇ ਮਨ ਹਰਿ ਦਰਗਹ ਪਾਵਹਿ ਮਾਨੁ ॥

ਜੋ ਇਛਹਿ ਸੋ ਫਲੁ ਪਾਇਸੀ ਗੁਰ ਸਬਦੀ ਲਗੈ ਧਿਆਨੁ ॥

ਕਿਲਵਿਖ ਪਾਪ ਸਭਿ ਕਟੀਅਹਿ ਹਉਮੈ ਚੁਕੈ ਗੁਮਾਨੁ ॥

ਗੁਰਮੁਖਿ ਕਮਲੁ ਵਿਗਸਿਆ ਸਭੁ ਆਤਮਬ੍ਰਹਮੁ ਪਛਾਨੁ ॥

ਹਰਿ ਹਰਿ ਕਿਰਪਾ ਧਾਰਿ ਪ੍ਰਭ ਜਨ ਨਾਨਕ ਜਪਿ ਹਰਿ ਨਾਮੁ ॥੧ ॥

ਇਸ ਕਾਰਣ ਸੂਰਜ ਵਤ ਰੌਸ਼ਨ ਹੈ ਕਿ 'ਸਲੋਕ ਵਾਰਾਂ ਤੇ ਵਧੀਕ' ਵਾਲੇ ਸੰਗ੍ਰਹਿ ਵਿੱਚ ਉਪਰੋਕਤ ਸਲੋਕ ਹੀ 'ਮਹਲਾ ੩' ਸਿਰਲੇਖ ਹੇਠ ਅੰਕਤ ਹੈ ਅਤੇ ਉਸ ਵਿੱਚੋਂ ਦੂਜੀ ਤੁਕ "ਜੋ ਇਛਹਿ ਸੋ ਫਲੁ ਪਾਇਸੀ ਗੁਰ ਸਬਦੀ ਲਗੈ ਧਿਆਨੁ ॥" ਛੁੱਟੀ ਹੋਈ ਹੈ । ਇਸ ਸਬੰਧੀ ਪਾਠ-ਭੇਦ ਸੂਚੀ ਦਾ ਵਿਸ਼ੇਸ਼ ਨੋਟ ਇਸ ਤਰ੍ਹਾਂ ਹੈ :

**ਨੋਟ** :- ੫੦ਵਾਂ ਸਲੋਕ ਅਨੇਕ ਪ੍ਰਾਚੀਨ ਬੀੜਾਂ ਵਿੱਚ ਹੈ ਨਹੀਂ । ਪਰ ਕਿਸੇ ੨ ਵਿੱਚ ਮਗਰੋਂ ਪ੍ਰੇਮੀਆਂ ਨੇ ਹਾਸ਼ੀਏ ਪੁਰ ਲਿਖ ਕੇ ਵਧਾਇਆ ਹੈ । ਜਿਵੇਂ ਕਿ ਬੀੜ ਨੰ: ੧, ੨੯/੭੯ ਤੇ ੩੨/੬੨੯੧ ਆਦਿ । ਲੇਕਿਨ ਇਹ ਪਿੱਛੇ ਕਾਨ੍ਹੜੇ ਦੀ ਵਾਰ ਮਃ ੪ ਵਿੱਚ ਤੀਜੀ ਪਉੜੀ ਨਾਲ 'ਸਲੋਕ ਮਃ ੪' ਸਿਰਲੇਖ ਸਹਿਤ ਆ ਭੀ ਚੁੱਕਾ ਹੈ । ਸਗੋਂ ਉਥੇ ਦੂਜੀ ਤੁਕ "ਜੋ ਇਛਹਿ ਸੋ ਫਲੁ ਪਾਇਸੀ ਗੁਰ ਸਬਦੀ ਲਗੈ ਧਿਆਨੁ ॥" ਵੱਧ ਹੈ । ਸੋ, ਇਹ ਸਲੋਕ ਏਥੇ ਅਨਜਾਣ ਲਿਖਾਰੀਆਂ ਬਿਨਾਂ ਵਿਚਾਰੇ ਹੀ ਵਧਾ ਦਿੱਤਾ ਹੈ ।

'ਸਲੋਕ ਵਾਰਾਂ ਤੇ ਵਧੀਕ' ਵਿੱਚ ਸਲੋਕ ਮਹਲਾ ੪ ਦੇ ਸਿਰਲੇਖ ਹੇਠ ੩੦ਵਾਂ ਸਲੋਕ ਹੈ :

ਗੁਰਮਤੀ ਹਰਿ ਹਰਿ ਬੋਲੇ ॥ ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗਿ ਚੋਲੇ ॥ ਹਰਿ ਜੈਸਾ ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ ॥ **ਗੁਰਿ** ਸਤਿਗੁਰਿ ਨਾਮੁ ਦ੍ਰਿੜਾਇਆ ਮਨੁ ਅਨਤ ਨ ਕਾਹੂ ਡੋਲੇ ॥ ਜਨ ਨਾਨਕੁ ਹਰਿ ਕਾ ਦਾਸੁ ਹੈ ਗੁਰ ਸਤਿਗੁਰ ਕੇ ਗੁਲ ਗੋਲੇ ॥{ਪੰ. ੧੪੨੪}

ਇਹੀ ਸਲੋਕ ਸੋਰਠਿ ਕੀ ਵਾਰ ਮਃ ੪ ਦੀ ਪਹਿਲੀ ਪਉੜੀ ਨਾਲ ਹੇਠ ਲਿਖੇ ਆਪਣੇ ਸੰਪੂਰਨ ਰੂਪ ਵਿੱਚ ਇਉਂ ਅੰਕਤ ਹੈ :

ਮਃ ੪ ॥ ਸੋਰਠਿ ਤਾਮਿ ਸੁਹਾਵਣੀ ਜਾ ਹਰਿ ਹਰਿ ਨਾਮੁ ਢੰਢੋਲੇ ॥ ਗੁਰੁ ਪੁਰਖੁ ਮਨਾਵੈ ਆਪਣਾ ਗੁਰਮਤੀ ਹਰਿ ਹਰਿ ਬੋਲੇ ॥ ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗਿ ਚੋਲੇ ॥ ਹਰਿ ਜੈਸਾ ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ ॥ ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਮਨੁ ਅਨਤ ਨ ਕਾਹੂ ਡੋਲੇ ॥ ਜਨੁ ਨਾਨਕੁ ਹਰਿ ਕਾ ਦਾਸੁ ਹੈ ਗੁਰ ਸਤਿਗੁਰ ਕੇ ਗੋਲ ਗੋਲੇ ॥ {ਪੰ. ੬੪੨}

ਸਪੱਸ਼ਟ ਹੈ ਕਿ 'ਸਲੋਕ ਵਾਰਾਂ ਤੇ ਵਧੀਕ' ਸੰਗ੍ਰਹਿ ਵਿਖੇ ਉਪਰੋਕਤ ਸਲੋਕ

ਦੀ ਪਹਿਲੀ ਪੂਰੀ ਅਤੇ ਦੂਜੀ ਤੁਕ ਦਾ ਪਹਿਲਾ ਅੱਧਾ ਹਿੱਸਾ ਕਿਸੇ ਤਰ੍ਹਾਂ ਛੁੱਟ ਚੁੱਕਾ ਹੈ, ਜੋ ਉਸੇ ਤਰ੍ਹਾਂ ਹੀ ਛਪਦਾ ਆ ਰਿਹਾ ਹੈ । ਭਾਵ, "ਸੋਰਠਿ ਤਾਮਿ ਸੁਹਾਵਣੀ ਜਾ ਹਰਿ ਹਰਿ ਨਾਮੁ ਢੰਢੋਲੇ ॥ ਗੁਰੁ ਪੁਰਖੁ ਮਨਾਵੈ ਆਪਣਾ ਗੁਰਮਤੀ ਹਰਿ ਹਰਿ ਬੋਲੇ ॥" ਤੁਕਾਂ ਦੀ ਥਾਂ ਦੂਜੀ ਤੁਕ ਦਾ ਕੇਵਲ ਪਿਛਲਾ ਅੱਧਾ ਹਿੱਸਾ "**ਗੁਰਮਤੀ ਹਰਿ ਹਰਿ ਬੋਲੇ ॥**" ਹੀ ਛਪ ਰਿਹਾ ਹੈ । ਇਸ ਪ੍ਰਤੀ 'ਪਾਠ-ਭੇਦ ਸੂਚੀ' ਦਾ ਵਿਸ਼ੇਸ਼ ਨੋਟ ਇਵ ਹੈ :

"ਇਹ ਸਲੋਕ ਵੀ 'ਸੋਰਠਿ ਕੀ ਵਾਰ ਮਹਲਾ ੪ ਵਿੱਚ ਪਹਿਲੀ ਪਉੜੀ ਨਾਲ ਦੂਜੇ ਨੰਬਰ ਤੇ ਆ ਚੁੱਕਾ ਹੈ । (ਦੇਖੋ ਪੰਨਾ ੬੪੨, ਸਤ੍ਰ ੨੦ ਤੋਂ ੨੪) ਪਰ ਇਥੇ ਲਿਖਾਰੀ ਨੇ ਭੁੱਲ ਕੇ ਪਹਿਲਾ ਭਾਗ ਛਡ ਹੀ ਦਿੱਤਾ ਹੈ । ਅਗਾੜੀ ਦੱਸੇ ਪ੍ਰਚੀਨ ਗ੍ਰੰਥਾਂ ਵਿੱਚ ਇਹ ਹੈ ਹੀ ਨਹੀਂ ਯਾ ਮਗਰੋਂ ਕਿਸੇ ਵਧਾਇਆ ਹੈ ।"

ਸੂਚੀ ਮੁਤਾਬਿਕ ਬੀੜ ਨੰ. ੧ ਤੇ ੭ ਦੇ ਹਾਸ਼ੀਏ ਪੁਰ ਹੈ ਅਤੇ ਬੀੜ ਨੰ. ੨੯/੭੯ ਤੇ ੪੦/੨੩੬ ਵਿੱਚ ਹੈ ਹੀ ਨਹੀਂ । ਸਤਾਰਵੀਂ ਸਦੀ ਦੇ ਗੁਰੂ-ਕਾਲ ਦੀ 'ਬੂੜੇ ਸੰਧੂ ਵਾਲੀ ਬੀੜ' ਵਿੱਚ ਵੀ ਇਹ ਸਲੋਕ ਨਹੀਂ, ਜਿਸ ਦੀ ਇੱਕ ਵੀਡੀਓ ਕਾਪੀ ਦਾਸ ਦੀ ਲਾਇਬ੍ਰੇਰੀ ਵਿੱਚ ਮਜੂਦ ਹੈ । ਜਥੇਦਾਰ ਵੇਦਾਂਤੀ ਤੇ ਉਨ੍ਹਾਂ ਦੇ ਸਾਥੀ ਇਸ ਹੱਕ ਵਿੱਚ ਵੀ ਨਹੀਂ ਸਨ ਕਿ 'ਸਲੋਕ ਵਾਰਾਂ ਤੇ ਵਧੀਕ' ਸੰਗ੍ਰਹਿ ਵਿਖੇ ਉਹ ਸਲੋਕ ਸਥਾਪਤ ਰਹਿਣ, ਜਿਹੜੇ ਪਹਿਲਾਂ ਹੀ ਵੱਖ ਵੱਖ ਵਾਰਾਂ ਵਿੱਚ ਮੌਜੂਦ ਹਨ । ਕਿਉਂਕਿ ਇਨ੍ਹਾਂ ਸਲੋਕਾਂ ਦਾ ਗੁਰੂ ਬਖ਼ਸ਼ਿਆ ਸਾਂਝਾ ਸਿਰਲੇਖ, ਪਾਠ-ਭੇਦ ਸੂਚੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਸ਼ੋਭਨੀਕ ਬੀੜਾਂ ਅਜਿਹੀ ਆਗਿਆ ਨਹੀਂ ਦਿੰਦੀਆਂ । 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਹੱਥ-ਲਿਖਤ ਬੀੜਾਂ ਦੇ ਦਰਸ਼ਨ' ਨਾਂ ਦੀ ਪੁਸਤਕ ਵਿੱਚ ਡਾ. ਅਮਰ ਸਿੰਘ ਹੁਰਾਂ ਨੇ ਯੂਨੀਵਰਸਿਟੀ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ' ਦੀਆਂ ਬੀੜਾਂ (ਬੀੜ ਨੰ. ੬੮, ੭੩, ੭੯ ਤੇ ੮੨) ਦੇ ਹਵਾਲੇ ਨਾਲ ਅੰਕਿਤ ਕੀਤਾ ਹੈ ਕਿ ਇਨ੍ਹਾਂ ਬੀੜਾਂ ਵਿੱਚ 'ਸਲੋਕ ਮਹਲਾ ੪' ਦੇ ੩੦ ਦੀ ਥਾਂ ੨੭ ਸਲੋਕ ਹਨ । ਭਾਵ, ਪਿੱਛਲੇ ੩ ਸਲੋਕ ਉਪਰੋਕਤ ਬੀੜਾਂ ਦਾ ਭਾਗ ਨਹੀਂ, ਕਿਉਂਕਿ ਉਹ ਵੱਖ ਵੱਖ ਵਾਰਾਂ ਵਿੱਚ ਪਹਿਲਾਂ ਦੀ ਸ਼ਾਮਲ ਹਨ । ਪਰ, ਅਜਿਹੀ ਪੁਖਤਾ ਜਾਣਕਾਰੀ ਦੇ ਬਾਵਜੂਦ ਵੀ 'ਸਿੱਖ ਬੁੱਕ ਕਲੱਬ' ਵਾਲੇ ਵੇਦਾਂਤੀ ਜੀ ਦੁਆਰਾ ਸੋਧੇ ਖਰੜੇ ਵਿੱਚ ਉਪਰੋਕਤ ਸਲੋਕ ਪ੍ਰਚਲਿਤ ਤਰਤੀਬ ਅਨੁਸਾਰ ਹੀ ਮੌਜੂਦ ਹਨ, ਕਿਉਂਕਿ ਉਹ ਅੰਤ ਤਕ ਯਤਨਸ਼ੀਲ ਰਹੇ ਕਿ ਖ਼ਾਲਸਾ ਪੰਥ ਗੁਰਬਾਣੀ ਨਾਲ ਸਬੰਧਤ ਐਸੇ ਸਾਰੇ ਪੱਖਾਂ ਨੂੰ ਗੰਭੀਰਤਾ ਸਹਿਤ ਵਿਚਾਰੇ ।

**ਅਠਵਾਂ ਮਸਲਾ ਹੈ ਖੋਜਣ ਤੇ ਵਿਚਾਰਨਯੋਗ ਲੋੜੀਂਦੀਆਂ ਤੁਕਾਂ ਤੇ ਤੁਕਾਂਸ਼ਾ ਦਾ** ।ਪਾਵਨ ਬੀੜ ਵਿੱਚ ਕੁਝ ਪਦਿਆਂ ਦੀਆਂ ਤੁਕਾਂ ਤੇ ਤੁਕਾਂਸ਼ ਐਸੇ ਹਨ , ਜੋ ਕਾਵਿ-ਤੋਲ ਦੀ ਦ੍ਰਿਸ਼ਟੀ ਤੋਂ ਖੋਜਣੇ ਤੇ ਵਿਚਾਰਨੇ ਅਤਿ ਲੋੜੀਂਦੇ ਹਨ । ਜਿਵੇਂ ਛਾਪੇ ਦੀ ਪਾਵਨ ਬੀੜ ਵਿਖੇ ਤੁਕ ਛਪ ਰਹੀ ਹੈ : "ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤਕੁਮਾਰ ਤਿਨ੍ ਕਉ ਮਹਲੁ ਦੁਲਭਾਵਉ ॥" {ਪੰਨਾ ੪੦੧}

ਜਥੇਦਾਰ ਗਿ. ਜੋਗਿੰਦਰ ਸਿੰਘ ਵੇਦਾਂਤੀ ਤੇ ਗਿ. ਭਰਪੂਰ ਸਿੰਘ ਜੀ ਮੁਤਾਬਿਕ ਉਨ੍ਹਾਂ ਨੇ 'ਸਿੱਖ ਰੈਫ਼ਰੈਂਸ ਲਾਇਬ੍ਰੇਰੀ ਸ੍ਰੀ ਅੰਮ੍ਰਿਤਸਰ' ਵਿਖੇ ਭਾਈ ਗੁਰਦਾਸ ਜੀ ਦੀ ਸ਼ਾਖਾ ਵਾਲੀ ਕਿਸੇ ਹੱਥ ਲਿਖਤੀ ਬੀੜ ਦੇ ਹਾਸ਼ੀਏ ਵਿੱਚ ਉਪਰੋਕਤ ਤੁਕ ਅੰਦਰਲੇ ਸੰਧੀਜਨਕ ਲਫ਼ਜ਼ 'ਸਨਕਾਦਿਕ' (ਸਨਕ+ਆਦਿਕ) ਪਦ ਦੀ ਵਿਆਖਿਆ ਵਜੋਂ ਕਿਸੇ ਵਖਰੀ ਕਲਮ ਨਾਲ ਲਿਖੇ ਹੋਏ ਚਾਰ ਨਾਂ (ਸਨਕ, ਸਨੰਦਨ, ਸਨਾਤਨ ਤੇ ਸਨਤਕੁਮਾਰ) ਪੜ੍ਹੇ ਸਨ, ਜੋ ਪੌਰਾਣਿਕ ਮਤਾਂ ਮੁਤਾਬਿਕ ਬ੍ਰਹਮਾ ਦੇ ਚਾਰ ਪੁਤਰ (ਸਨਕਾਦਿਕ) ਦੱਸੇ ਜਾਂਦੇ ਹਨ । ਪਰ, ਲਿਖਾਰੀਆਂ ਜਾਂ ਪ੍ਰੈਸ ਦੀ ਭੁੱਲ ਕਾਰਣ ਹਾਸ਼ੀਏ ਵਿੱਚ ਲਿਖੇ ਇਹ ਚਾਰੇ ਨਾਂ, ਸਹਿਜੇ ਸਹਿਜੇ ਉਵੇਂ ਹੀ ਬਾਣੀ ਦਾ ਪੱਕਾ ਭਾਗ ਬਣ ਗਏ ਹਨ, ਜਿਵੇਂ ਵਾਰਾਂ ਦੀਆਂ ਅੰਤਕ 'ਸੁਧੁ' ਤੇ 'ਸੁਧੁ ਕੀਚੈ' ਆਦਿਕ ਸੂਚਨਾਵਾਂ, ਜੋ ਪਾਠ-ਭੇਦ ਸੂਚੀ ਮੁਤਾਬਿਕ ਹੁਣ ਲੋੜੀਂਦੀਆਂ ਨਹੀਂ । ਭਾਵ, ਉਪਰੋਕਤ ਤੁਕ ਦਾ ਅਸਲੀ ਪਾਠ ਸੀ :

"ਬ੍ਰਹਮਾਦਿਕ ਸਨਕਾਦਿਕ, ਤਿਨ੍ ਕਉ ਮਹਲੁ ਦੁਲਭਾਵਉ ॥"

ਪ੍ਰੰਤੂ, ਹੁਣ ਪੰਨਾ ੪੦੧ ਉੱਤੇ ਇਉਂ ਛਪ ਰਹੀ ਹੈ, "ਬ੍ਰਹਮਾਦਿਕ ਸਨਕਾਦਿਕ ਸਨਕਸਨੰਦਨ ਸਨਾਤਨ ਸਨਤਕੁਮਾਰ ਤਿਨ੍ ਕਉ ਮਹਲੁ ਦੁਲਭਾਵਉ ॥" ਜੋ ਕਾਵਿਕ ਦ੍ਰਿਸ਼ਟੀਕੋਨ ਤੋਂ ਸਹੀ ਨਹੀਂ, ਕਿਉਂਕਿ ਅਜਿਹੀ ਭੁੱਲ ਦੁਆਰਾ ਸ਼ਬਦ ਦੀਆਂ ਬਾਕੀ ਤੁਕਾਂ ਨਾਲੋਂ ਇਸ ਦੀਆਂ ਮਾਤ੍ਰਾਵਾਂ ਵਧ ਜਾਂਦੀਆਂ ਹਨ । ਵੈਸੇ ਵੀ 'ਸਨਕਾਦਿਕ' ਪਦ ਲਿਖਣ ਉਪਰੰਤ ('੧. ਸਨਕ, ੨. ਸਨੰਦਨ, ੩. ਸਨਾਤਨ, ੪. ਸਨਤਕੁਮਾਰ ) ਨਾਵਾਂ ਦਾ ਵੇਰਵਾ ਦੇਣਾ ਵੀ ਕਾਵਿਕ ਤੇ ਵਾਰਤਕ ਨਿਯਮਾਵਲੀ ਦੇ ਅਨੁਕੂਲ ਨਹੀਂ ਜਾਪਦਾ ।

ਛਾਪੇ ਦੀ ਪਾਵਨ ਬੀੜ ਵਿਖੇ ਹੇਠ ਲਿਖੇ ਸ਼ਬਦਾਂ ਵਿੱਚ, ਜਿਨ੍ਹਾਂ ਦਾ ਲਿਖਤੀ ਰੂਪ ਓਹੀ ਹੈ, ਜੋ ਬੀੜ ਵਿੱਚ ਮੌਜੂਦ ਹੈ ।ਇਨ੍ਹਾਂ ਵਿੱਚ ਕਿਸੇ ਥਾਂ ਅੱਧੀ ਤੁਕ ਅਤੇ ਕਿਸੇ ਥਾਂ ਪੂਰੀ ਤੁਕ ਛੁੱਟੀ ਜਾਪਦੀ ਹੈ । ਪਾਠਕਾਂ ਦੀ ਜਾਣਕਾਰੀ ਅਤੇ ਇਸ ਭੁੱਲ ਦੇ ਪ੍ਰਗਟਾਵੇ ਲਈ ਜਿਥੇ ਕਿਸੇ ਤੁਕਾਂਸ਼ (ਤੁਕ ਦੇ ਹਿੱਸੇ) ਅੱਗੇ ਇਉਂ (…?) ਪੈਰੀਂ ੩ ਬਿੰਦੀਆਂ ਤੇ ਸੁਆਲੀਆ ਚਿੰਨ ਪਾਇਆ ਗਿਆ ਹੋਵੇ ਤਾਂ ਸਮਝੋ ਕਿ ਉਥੇ ਅੱਧੀ ਤੁਕ ਛੁੱਟੀ ਹੈ ਅਤੇ ਜਿਥੇ ਇਉਂ (… …?) ਵਿੱਥ ਸਹਿਤ ਪੈਰੀਂ ੬ ਬਿੰਦੀਆਂ ਪਾਈਆਂ ਹੋਣ ਤਾਂ ਸਮਝੋ ਕਿ ਉਥੇ ਪੂਰੀ ਤੁਕ ਛੁੱਟੀ ਹੈ, ਜੋ ਖੋਜਣ ਦੀ ਲੋੜ ਹੈ । ਜਿਵੇਂ ਬਿਹਾਗੜੇ ਦੀ ਵਾਰ ਵਿੱਚ ੧੨ਵੀਂ ਪਉੜੀ ਦਾ ਅੰਤਕ ਤੇ 'ਮਃ ੧' ਦੇ ਸਿਰਲੇਖ ਤੋਂ ਰਹਿਤ ਤਿੰਨ ਤੁਕਾ ਸਲੋਕ ਇਉਂ ਛਪ ਰਿਹਾ ਹੈ :

**(੧) ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ ॥**

ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ ॥੩ ॥ {ਪੰ. ੫੫੩}

ਇਸ ਪ੍ਰਥਾਇ ਪਾਠ-ਭੇਦ ਸੂਚੀ ਦਾ ਵਿਸ਼ੇਸ਼ ਨੋਟ ਹੈ :"ਸਤਸੰਗਤਿ ਸਿਉ ਮੇਲਾਪੁ ਹੋਇ …? ॥' ਇਸ ਤੋਂ ਅਗਲਾ ਪਾਠ ਛੁੱਟਿਆ ਹੋਇਆ ਪ੍ਰਤੀਤ ਹੁੰਦਾ ਇ । ਐਪਰ ਹਾਲਾਂ ਤਕ ਲੱਭਾ ਕਿਤੋਂ ਨਹੀਂ । ਅਗਾੜੀ ਤੁਕ- 'ਲਿਵ ਕਟੋਰੀ ਅੰਮ੍ਰਿਤ ਭਰੀ… ॥" ਭਾਵ, "ਸਤਸੰਗਤਿ ਸਿਉ ਮੇਲਾਪੁ ਹੋਇ …? ਤੁਕਦੇ ਪਿਛਲਾ ਅੱਧ ਖੋਜਣ ਦੀ ਲੋੜ ਹੈ ।

**(੨) ਮਾਰੂ ਵਾਰ ਮ: ੩ ਦੀ ੧੪ਵੀਂ ਪਉੜੀ ਦਾ ਚਾਰ ਤੁਕਾ ਤੀਜਾ ਸਲੋਕ ਇਉਂ ਛਪ ਰਿਹਾ ਹੈ :**

ਮਃ ੧ ॥ ਸਾਗਰੁ ਗੁਣੀ ਅਥਾਹੁ ਕਿਨਿ ਹਾਥਾਲਾ ਦੇਖੀਐ ॥ ਵਡਾ ਵੇਪਰਵਾਹੁ ਸਤਿਗੁਰੁ ਮਿਲੈ ਤ ਪਾਰਿ ਪਵਾ ॥ …? ਮਝ ਭਰਿ ਦੁਖ ਬਦੁਖ ॥ ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ ॥੩ ॥ {ਪੰ. ੧੦੯੧}

ਇਥੇ ਵੀ ਸਲੋਕ ਦੀ ਤੀਜੀ ਤੁਕ "…? ਮਝ ਭਰਿ ਦੁਖ ਬਦੁਖ ॥" ਦਾ ਪਹਿਲਾ ਅੱਧ ਨਹੀਂ ਛਪ ਰਿਹਾ ।ਵੈਸੇ, ਮਲਾਰ ਕੀ ਵਾਰ ਦੀ ੨੧ਵੀਂ ਪਉੜੀ ਨਾਲ ਮ: ੧ ਦੇ ਸਿਰਲੇਖ ਹੇਠ ਉਪਰੋਕਤ ਸਲੋਕ ਨਾਲ ਮਿਲਦਾ ਜੁਲਦਾ ਸਲੋਕ ਇਉਂ ਵੀ ਮਿਲਦਾ ਹੈ :

ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ ॥
ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ ॥{੧੨੮੭}

**(੩) ਛਾਪੇ ਦੀ ਪਾਵਨ ਬੀੜ ਵਿਖੇ ਸ਼ਬਦ ਹੈ :**

ਕੇਦਾਰਾ ਮਹਲਾ ੫ ਘਰੁ ੨ ॥ ੴ ਸਤਿਗੁਰ ਪ੍ਰਸਾਦਿ ॥ ਮਾਈ ਸੰਤਸੰਗਿ ਜਾਗੀ ॥ ਪ੍ਰਿਅ ਰੰਗ ਦੇਖੈ ਜਪਤੀ ਨਾਮੁ ਨਿਧਾਨੀ ॥ ਰਹਾਉ ॥ ਦਰਸਨ ਪਿਆਸ ਲੋਚਨ ਤਾਰ ਲਾਗੀ ॥ ਬਿਸਰੀ ਤਿਆਸ ਬਿਡਾਨੀ ॥੧ ॥ ਅਬ ਗੁਰੁ ਪਾਇਓ ਹੈ

ਸਹਜ ਸੁਖਦਾਇਕ ਦਰਸਨੁ ਪੇਖਤ ਮਨੁ ਲਪਟਾਨੀ ॥ ਦੇਖਿ ਦਮੋਦਰ ਰਹਸੁ ਮਨਿ ਉਪਜਿਓ ਨਾਨਕ ਪ੍ਰਿਅ ਅੰਮ੍ਰਿਤ ਬਾਨੀ ॥੨ ॥੧ ॥ {ਪੰ. ੧੧੧੯}

ਪਾਠ-ਭੇਦ ਸੂਚੀ ਦਾ ਵਿਸ਼ੇਸ਼ ਨੋਟ ਹੈ : ਇਸ ਸ਼ਬਦ ਵਿੱਚ ਪਹਿਲੇ ਪਦੇ ਦੀ ਇੱਕੋ ਤੁਕ ਹੈ ; ਪਰ ਦੂਜੇ ਦੀਆਂ ਦੋ । ਇਸ ਤੋਂ ਸ਼ੱਕ ਪੈਂਦਾ ਹੈ ਕਿ ਪਹਿਲੇ ਦੀ ਇਕ ਤੁਕ ਛੁੱਟੀ ਹੋਈ ਹੈ । ਢੂੰਢਣੀ ਚਾਹੀਏ ॥" {ਸੂਚੀ ਪੰ. ੫੦੯} ਭਾਵ, ਪਹਿਲੇ ਪਦੇ "ਦਰਸਨ ਪਿਆਸ ਲੋਚਨ ਤਾਰ ਲਾਗੀ, ਬਿਸਰੀ ਤਿਆਸ ਬਿਡਾਨੀ ॥"… …? ॥੧ ॥ ਦੀ ਦੂਜੀ ਤੁਕ ਪੁਰਾਤਨ ਹੱਥ ਲਿਖਤੀ ਬੀੜਾਂ 'ਚੋਂ ਖੋਜਣ ਦੀ ਲੋੜ ਹੈ । ਜੇ ਇਹ ਸ਼ਬਦ ਧਿਆਨ ਪੂਰਵਕ ਪੜ੍ਹਿਆ ਜਾਵੇ, ਤਾਂ ਤੁਸੀਂ ਵੇਖੋਗੇ ਕਿ ਰਹਾਉ ਦੇ ਪਦੇ ਵਾਲਾ ॥੧ ॥ ਅੰਕ ਵੀ ਨਹੀਂ ਹੈ । ਸ਼ੁਕਰ ਹੈ ਕਿ 'ਸਿੱਖ ਬੁਕ ਕਲੱਬ' ਵਾਲੀ ਬੀੜ ਵਿੱਚ ॥੧ ॥ ਅੰਕ ਵਾਲੀ ਘਾਟ ਕਿਤੇ ਵੀ ਨਹੀਂ ਰੜਕਦੀ ।

**(੪) ਛਾਪੇ ਦੀ ਬੀੜ ਦਾ ਸ਼ਬਦ ਹੈ :**

ਕੇਦਾਰਾ ਮਹਲਾ ੫ ਘਰੁ ੩ ॥ ੧ੴ ਸਤਿਗੁਰਪ੍ਰਸਾਦਿ ॥ ਦੀਨ ਬਿਨਉ ਸੁਨੁ ਦਇਆਲ ॥ ਪੰਚ ਦਾਸ ਤੀਨਿ ਦੋਖੀ ਏਕ ਮਨੁ ਅਨਾਥ ਨਾਥ ॥ ਰਾਖੁ ਹੋ ਕਿਰਪਾਲ ॥ਰਹਾਉ ॥ ਅਨਿਕ ਜਤਨ ਗਵਨੁ ਕਰਉ ॥ ਖਟੁ ਕਰਮ ਜੁਗਤਿ ਧਿਆਨੁ ਧਰਉ ॥ ਉਪਾਵ ਸਗਲ ਕਰਿ ਹਾਰਿਓ ਨਹ ਨਹ ਹੁਟਹਿ ਬਿਕਰਾਲ ॥੧ ॥ ਸਰਣਿ ਬੰਦਨ ਕਰੁਣਾਪਤੇ ॥ ਭਵਹਰਣ ਹਰਿ ਹਰਿ ਹਰਿ ਹਰੇ ॥ ਏਕ ਤੂਹੀ ਦੀਨਦਇਆਲ ॥ ਪ੍ਰਭ ਚਰਨ ਨਾਨਕ ਆਸਰੋ ॥ ਉਧਰੇ ਭ੍ਰਮ ਮੋਹ ਸਾਗਰ ॥ ਲਗਿ ਸੰਤਨਾ ਪਗ ਪਾਲ ॥੨ ॥੧ ॥੨ ॥ {ਪੰ. ੧੧੧੯}

'ਪਾਠ-ਭੇਦ ਸੂਚੀ'ਦਾ ਨੋਟ : ਇਸ ਸ਼ਬਦ ਵਿੱਚ ਹਰ ਤੁਕ ਵਿੱਚ ਜਿਥੇ ਬਿਸਰਾਮ ਆਏ ਹਨ; ਡੰਡੀਆਂ ਵਰਤੀਆਂ ਹਨ । ਪਰ ਅਗਾੜੀ ਦਿੱਤੇ ਗ੍ਰੰਥਾਂ ਵਿੱਚ ਨਹੀਂ । (ਜਿਵੇਂ ਬੀੜ ਨੰ. ੫, ੮/੮, ੩੨/੬੨੯੧, ੩੬/੧੧੭, ੩੭/੧੭੦, ੩੯/੧੮੨, ੪੦/੨੩੬, ੫੪) । ਇਸ ਲਈ ਕੱਢ ਦਿੱਤੀਆਂ ਗਈਆਂ ।{ਸੂਚੀ ਪੰ. ੫੧੦}

(੨) ਪਹਿਲੇ (ਪਦੇ) ਦੀ ਇਕ ਤੁਕ ਦੀ ਘਾਟ ਇਸ ਸ਼ਬਦ ਵਿੱਚ ਵੀ ਜਾਪਦੀ ਹੈ ।

ਭਾਵ, ਕਾਵਿਕ ਤੋਲ ਦੀ ਦ੍ਰਿਸ਼ਟੀ ਤੋਂ "ਉਪਾਵ ਸਗਲ ਕਰਿ ਹਾਰਿਓ ਨਹ ਨਹ ਹੁਟਹਿ ਬਿਕਰਾਲ ॥ … … ? ॥੧ ॥" ਤੁਕ ਦੇ ਅੱਗੇ ਜਾਂ ਪਿੱਛੇ ਇੱਕ ਤੁਕ ਲੋੜੀਂਦੀ ਹੈ, ਜੋ ਖੋਜਣ ਦੀ ਲੋੜ ਹੈ ।ਇਸ ਸ਼ਬਦ ਵਿੱਚ ਵੀ 'ਰਹਾਉ' ਦੇ ਪਦੇ ਦਾ ॥੧ ॥ ਅੰਕ ਵੀ ਨਹੀਂ ।ਮੰਗਲ ਵੀ ਟਿਕਾਣੇ ਨਹੀਂ । ਜਥੇਦਾਰ ਵੇਦਾਂਤੀ ਜੀ ਅਨੁਸਾਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਨੇ ਰਹਾਉ ਵਾਲੇ ॥੧ ॥ ਦੀ ਘਾਟ ਹਰੇਕ ਥਾਂ ਪੂਰੀ ਕਰਨ ਅਤੇ ਸਾਰੇ ਮੰਗਲ ਸੱਜੇ ਪਾਸੇ ਰੱਖਣ ਦਾ ਫੈਸਲਾ ਕੀਤਾ ਸੀ । ਪ੍ਰੰਤੂ,ਸਭ ਥਾਵਾਂ ਤੋਂ ਬਿਸਰਾਮਾਂ ਲਈ ਲਗੀਆਂ ਡੰਡੀਆਂ ਹਟਾਈਆਂ ਜਾਣ, ਇਸ ਪੱਖੋਂ ਸਥਿਤੀ ਦੁਬਿਧਾ-ਜਨਕ ਬਣੀ ਰਹੀ, ਕਿਉਂਕਿ ਅਕਾਦਮਿਕ ਖੇਤਰ ਦੇ ਵਿਦਵਾਨਾਂ ਮੁਤਾਬਿਕ ਤੁਕਾਂ ਅੰਦਰਲੀਆਂ ਡੰਡੀਆਂ ਇਸ ਹਕੀਕਤ ਦਾ ਪ੍ਰਮਾਣ ਹਨ ਕਿ ਗੁਰੂ ਕਾਲ ਵਿੱਚ ਹਰੇਕ ਕਿਸਮ ਦੇ ਬਿਸਰਾਮਾਂ ਲਈ ( ॥) ਡੰਡੀਆਂ ਹੀ ਵਰਤੀਆਂ ਜਾਂਦੀਆਂ ਸਨ । ਅ੍ਰਥਾਤ, ਉਸ ਵੇਲੇ ਦੀ ਗੁਰਮੁਖੀ ਲਿਪੀ ਵਿੱਚ ਡੰਡੀ ( ॥) ਤੋਂ ਸਿਵਾ ਹੋਰ ਕੋਈ ਬਿਸਰਾਮ ਚਿੰਨ ਨਹੀਂ ਸੀ । ਇਸ ਲਈ ਲਿਖਾਰੀ ਆਪਣੀ ਤੇ ਪਾਠਕਾਂ ਦੀ ਸਹੂਲਤ ਲਈ ਕਈ ਥਾਈਂ ਅਜਿਹਾ ਢੰਗ ਵਰਤ ਲੈਂਦੇ ਰਹੇ ਹਨ । ਵਿਚਾਰਨ ਦੀ ਲੋੜ ਹੈ, ਭਾਵੇਂ ਕਿ ਸ਼੍ਰੋਮਣੀ ਕਮੇਟੀ ਵਾਲੀ ਪਾਵਨ ਬੀੜ ਦੇ ਕਈ ਸ਼ਬਦਾਂ ਦੀਆਂ ਤੁਕਾਂ ਵਿੱਚੋਂ ਅਜਿਹੀਆਂ ਬਿਸਰਾਮਕ ਤੇ ਮੰਝਲੀਆਂ ਡੰਡੀਆਂ ਦੇ ਹੁਣ ਦਰਸ਼ਨ ਨਹੀਂ ਹੁੰਦੇ । ਧੰਨਵਾਦੀ ਹਾਂ ਗਿ. ਗੁਰਬਚਨ ਸਿੰਘ 'ਖ਼ਾਲਸਾ' ਭਿੰਡਰਾਂਵਾਲਿਆਂ ਦੇ, ਜਿਨ੍ਹਾਂ ਨੇ 'ਗੁਰਬਾਣੀ ਪਾਠ ਦਰਸ਼ਨ' ਵਿਖੇ ਗੁਰਬਾਣੀ ਦੀਆਂ ਬਿਖਮ ਤੁਕਾਂ ਦੇ ਬਿਸਰਾਮ ਸਮਝਾਉਣ ਲਈ ਅੰਗਰੇਜ਼ੀ ਦੇ ਸਾਰੇ ਬਿਸਰਾਮ ਚਿੰਨ ਵਰਤਣ ਦੀ ਹਿੰਮਤ ਭਰੀ ਪਹਿਲ ਕੀਤੀ ਹੈ ।

**(੫) ਛਾਪੇ ਦੀ ਬੀੜ ਵਿੱਚ 'ਭੈਰਉ' ਰਾਗ ਦੇ ਸਿਰਲੇਖ ਤੋਂ ਰਹਿਤ ਭਗਤ ਨਾਮਦੇਵ ਜੀ ਦਾ ਸ਼ਬਦ ਹੈ :**

ਕਬਹੂ ਖੀਰਿ ਖਾਡ ਘੀਉ ਨ ਭਾਵੈ ॥ **ਕਬਹੂ ਘਰ ਘਰ ਟੂਕ ਮਗਾਵੈ** ॥ ਕਬਹੂ ਕੂਰਨੁ ਚਨੇ ਬਿਨਾਵੈ ॥੧ ॥ ਜਿਉ ਰਾਮੁ ਰਾਖੈ ਤਿਉ ਰਹੀਐ ਰੇ ਭਾਈ ॥ ਹਰਿ ਕੀ ਮਹਿਮਾ ਕਿਛੁ ਕਥਨੁ ਨ ਜਾਈ ॥੧ ॥ ਰਹਾਉ ॥ ਕਬਹੂ ਤੁਰੇ ਤੁਰੰਗ ਨਚਾਵੈ ॥ ਕਬਹੂ ਪਾਇ ਪਨਹੀਓ ਨ ਪਾਵੈ ॥੨ ॥ ਕਬਹੂ ਖਾਟ ਸੁਪੇਦੀ ਸੁਵਾਵੈ ॥ ਕਬਹੂ ਭੂਮਿ ਪੈਆਰੁ ਨ ਪਾਵੈ ॥੩ ॥ ਭਨਤਿ ਨਾਮਦੇਉ ਇਕੁ ਨਾਮੁ ਨਿਸਤਾਰੈ ॥ ਜਿਹ ਗੁਰੁ ਮਿਲੈ ਤਿਹ ਪਾਰਿ ਉਤਾਰੈ ॥੪ ॥੫ ॥ {ਪੰ. ੧੧੬੪}

ਇਸ ਸ਼ਬਦ ਬਾਰੇ ਪਾਠ-ਭੇਦ ਸੂਚੀ ਦੇ ਪੰਨਾ ੫੫੨ ਦਾ ਵਿਸ਼ੇਸ਼ ਨੋਟ ਹੈ : ਇਹ ਤੁਕ (ਕਬ ਹੂ ਘਰ ਘਰ ਟੂਕ ਮਗਾਵੈ ॥) ਅਗਾੜੀ ਦੱਸੇ ਗ੍ਰੰਥਾਂ (੧, ੫, ੮/੮, ੨੯/੭੯, ੩੨/੬੨੯੧, ੫੫) ਵਿੱਚ ਨਹੀਂ । ਨੰਬਰ ੧ ਵਿੱਚ ਮਗਰੋਂ ਕਿਸੇ ਵਧਾਈ ਹੈ । ਲੇਕਿੰਨ ਨੰਬਰ ੫੬ ਵਿੱਚ (ਪੰ. ੫੪੦/੨ ਦੀ ਸਤਰ ਨੰ. ੧੪,੧੫ ਅਨੁਸਾਰ) ਇਕ ਹੋਰ ਤੁਕ (ਕਬ ਹੂ ਸੂਕੇ ਚਨੇ ਚਬਾਵੈ ॥)ਵਧਾ ਕੇ ਚਾਰ ਤੁਕਾਂ ਦਾ ਪਦਾ (ਚਉਪਦਾ) ਬਣਾ ਧਰਿਆ ਹੈ :-

ਕਬਹੂ ਘਰ ਘਰ ਟੂਕ ਮਗਾਵੈ ॥ ਕਬ ਹੂ ਸੂਕੇ ਚਨੇ ਚਬਾਵੈ ॥ ਕਬਹੂ ਕੂਰਨੁ ਚਨੇ ਬਿਨਾਵੈ ॥੧ ॥ {ਪੰ. ੫੪੦/੨}

{ਸ. ੧੪,੧੫}

ਭਾਵ, ਛਾਪੇ ਦੀ ਬੀੜ ਵਿੱਚ "ਕਬਹੂ ਘਰ ਘਰ ਟੂਕ ਮਗਾਵੈ ॥" ਤੁਕ ਵਾਧੂ ਹੈ । ਕਾਰਣ ਹੈ ਕਿ ਇਸ ਚਉਪਦੇ ਦੀਆਂ ਬਾਕੀ ਸਾਰੀਆਂ ਤੁਕਾਂ ਦੋ ਦੋ ਹਨ । ਗੁਰਬਾਣੀ ਦੀ ਭਾਸ਼ਾ ਵਿੱਚ ਇਉਂ ਵੀ ਕਹਿ ਸਕਦੇ ਹਾਂ ਇਹ ਚਉਪਦਾ ਦੋ-ਤੁਕਾ ਹੈ । ਇਸ ਲਈ ਸੁਆਲ ਪੈਦਾ ਹੁੰਦਾ ਹੈ ਕਿ ਕੇਵਲ ਪਹਿਲੇ ਪਦੇ ਦੀਆਂ ਹੀ ਤਿੰਨ ਕਿਉਂ ਛਪ ਰਹੀਆਂ ਹਨ ? ਇਸ ਨੋਟ ਤੋਂ ਇਹ ਜਾਣਕਾਰੀ ਵੀ ਮਿਲਦੀ ਹੈ ਕਿ ਲਿਖਾਰੀ ਸੱਜਣ ਬੀੜਾਂ ਦੀ ਲਿਖਤ ਵਿੱਚ ਮਨਮਰਜ਼ੀ ਕਰਦੇ ਰਹੇ ਹਨ ? ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਤ 'ਅਹੀਆਪੁਰ ਵਾਲੀਆਂ ਪੋਥੀਆਂ' (ਬਾਬਾ ਮੋਹਣ ਵਾਲੀਆਂ) ਵਿਚ ਵੀ ਉਪਰੋਕਤ ਤੁਕ ਦਾ ਅਭਾਵ ਹੈ ।'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਹੱਥ ਲਿਖਤ ਬੀੜਾਂ ਦੇ ਦਰਸ਼ਨ' ਪੁਸਤਕ ਦੇ ਪੰਨਾ ੨੫੯ 'ਤੇ ਪ੍ਰਕਾਸ਼ਤ ਚਿਤ੍ਰ ਨੰ. ੨੧ ਅਨੁਸਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਵਿੱਚ 'ਭੈਰਉ' ਸਿਰਲੇਖ ਹੈ, ਪਰ ਉਪਰੋਕਤ ਵਾਧੂ ਤੁਕ ਨਹੀਂ । ਇਸ ਲਈ ਪੰਥ ਨੂੰ ਬੀੜ ਦੀ ਸ਼ੁਧ ਛਪਾਈ ਸਬੰਧੀ ਬਹੁਤ ਹੀ ਗੰਭੀਰਤਾ ਨਾਲ ਸਰਬਪੱਖੀ ਵਿਚਾਰ ਦੀ ਲੋੜ ਹੈ ।

(੬) ਛਾਪੇ ਦੀ ਪਾਵਨ ਬੀੜ ਦੇ ਪੰਨਾ ੧੩੨੧ ਉੱਤੇ ਹੇਠ ਲਿਖੇ ਦੁਪਦੇ ਸ਼ਬਦ ਦੇ ਪਹਿਲੇ ਪਦੇ ਦੀ ਇੱਕੋ ਤੁਕ ਹੈ "ਕੇਤੀ ਕੇਤੀ ਮਾਂਗਨਿ ਮਾਗੈ ਭਾਵਨੀਆ ਸੋ ਪਾਈਐ ॥… …? ॥੧ ॥ ਇਸ ਲਈ ਦੂਜੀ ਖੋਜਣ ਦੀ ਲੋੜ ਹੈ, ਕਿਉਂਕਿ ਇਸ ਤੋਂ ਦੂਜੇ ਪਦੇ ਦੀਆਂ ਦੋ ਤੁਕਾਂ ਸੰਪੂਰਨ ਹਨ । 'ਪਾਠ-ਭੇਦ ਸੂਚੀ' ਵਾਲੀਆਂ ਸੰਥਾ ਪੋਥੀਆਂ ਵਿੱਚ ਰਾਗ ਦਾ ਸਿਰਲੇਖ ਸੀ 'ਕਲ੍ਯਾਨ', ਉਹ ਤਾਂ ਸ਼੍ਰੋਮਣੀ ਕਮੇਟੀ ਨੇ ਸੂਚੀ ਦੀ ਅੰਤ੍ਰਿਮ ਰੀਪੋਰਟ ਮੁਤਾਬਿਕ ਬੀੜ ਅਤੇ ਨਵੀਨ ਸੰਥਾ ਸੈਂਚੀਆਂ ਵਿੱਚ 'ਕਲਿਆਨ' ਕਰ ਦਿੱਤਾ । ਪਰ, ਪੁਰਾਤਨ ਬੀੜਾਂ ਤੇ ਗੁਰਬਾਣੀ ਕੋਸ਼ਾਂ ਮੁਤਾਬਿਕ ਸੰਸਕ੍ਰਿਤ ਵਾਲੇ 'ਯਾਚਕ' ਨਾਂਵ ਦੇ ਗੁਰਮੁਖੀ ਰੂਪ 'ਜਾਚਕੁ' ਨੂੰ ਸ਼ੁਧ ਨਹੀਂ ਕੀਤਾ । ਗੁਰੂ ਗ੍ਰੰਥ ਸਾਹਿਬ ਵਿੱਚ 'ਤਤੁ' ਨਾਂਵ ੧੯੭ ਵਾਰ ਇਕ ਵਚਨ ਪੁਲਿੰਗ ਦੇ ਰੂਪ ਵਿਚ ਅੰਤਕ ਔਂਕੜ ਨਾਲ ਵਰਤਿਆ ਮਿਲਦਾ ਹੈ । ਗੁਰਬਾਣੀ ਦੀ ਲਿਖਣ ਸ਼ੈਲੀ

ਅਨੁਸਾਰ ਜਦੋਂ ਇਸ ਨਾਲ ਕੋਈ ਸਬੰਧਕੀ ਪਦ 'ਸਿਉ' ਆਦਿਕ ਸਬੰਧਤ ਹੁੰਦਾ ਹੈ ਤਾਂ ਇਹ ਔਂਕੜ ਰਹਿਤ ਹੋ ਜਾਂਦਾ ਹੈ । ਜਿਵੇਂ : ਨਾਨਕ ! ਤਤੁ, ਤਤ ਸਿਉ ਮਿਲਿਆ; ਪੁਨਰਪਿ ਜਨਮਿ ਨ ਆਹੀ ॥ {ਪੰ. ੧੬੨} ਪਰ ਸੁਆਲ ਖੜਾ ਹੁੰਦਾ ਹੈ ਕਿ ਹੇਠ ਲਿਖੇ ਸ਼ਬਦ ਦੀ ਅੰਤਮ ਤੁਕ ਦਾ ਪਹਿਲਾ ਅੱਧ "ਨਾਨਕ ਤਤ ਤਤ ਸਿਉ ਮਿਲਿਆ... ॥" ਬਿਲਕੁਲ ਓਹੀ ਹੈ, ਪਰ ਇਥੇ ਦੋਵੇਂ 'ਤਤ' ਲਫ਼ਜ਼ ਔਂਕੜ ਰਹਿਤ ਕਿਉਂ ? ਇਸ ਦਾ ਸ਼ੁਧ ਰੂਪ ਹੈ : ਨਾਨਕ **ਤਤੁ** ਤਤ ਸਿਉ ਮਿਲਿਆ... ॥ ਗੁਰਬਾਣੀ ਕੋਸ਼ਾਂ ਮੁਤਾਬਿਕ 'ਸਰਬਧਾਰ' ਤੇ 'ਸਰਬਧਾਰਨ' ਦੋਵੇਂ ਪਦ ਸੰਬੋਧਨ-ਕਾਰਕ ਅਤੇ ਸਮਾਨ-ਅਰਥਕ ਰੱਬੀ ਨਾਂਵ ਹਨ । ਅਰਥ ਹੈ : ਹੇ ਸਾਰਿਆਂ ਨੂੰ ਧਾਰਨ ਵਾਲੇ । ਸਾਰਿਆ ਦੇ ਆਸਰੇ । ਪਰ, ਛਾਪੇ ਦੀ ਪਾਵਨ ਬੀੜ ਵਿੱਚ ਹੇਠਲੇ ਸ਼ਬਦ ਵਾਂਗ ਸਭ ਥਾਈਂ ਇਸ ਦਾ ਪਦ-ਛੇਦ ਰੂਪ 'ਸਰਬ ਧਾਰ' ਜਾਂ 'ਸਰਬ ਧਾਰਨ' ਹੀ ਮਿਲਦਾ ਹੈ । ਸੋਧਣ ਦੀ ਲੋੜ ਹੈ :

ਕਲਿਆਨ ਮਹਲਾ ੫ ॥ **ਜਾਚਿਕੁ** ਨਾਮੁ ਜਾਚੈ ਜਾਚੈ ॥ **ਸਰਬਧਾਰ** ਸਰਬ ਕੇ ਨਾਇਕ ਸੁਖ ਸਮੂਹ ਕੇ ਦਾਤੇ ॥੧ ॥ ਰਹਾਉ ॥ ਕੇਤੀ ਕੇਤੀ ਮਾਂਗਨਿ ਮਾਗੈ ਭਾਵਨੀਆ ਸੋ ਪਾਈਐ ॥੧ ॥ ਸਫਲ ਸਫਲ ਸਫਲ ਦਰਸੁ ਰੇ ਪਰਸਿ ਪਰਸਿ ਗੁਨ ਗਾਈਐ ॥ ਨਾਨਕ **ਤਤ** ਤਤ ਸਿਉ ਮਿਲੀਐ ਹੀਰੈ ਹੀਰੁ ਬਿਧਾਈਐ ॥੨ ॥ {ਪੰਨਾ ੧੩੨੧}

(੭) ਛਾਪੇ ਦੀ ਪਾਵਨ ਬੀੜ ਦੇ ਪੰਨਾ ੧੩੨੨ ਉੱਤੇ ਹੇਠ ਲਿਖਿਆ ਦੁਪਦਾ ਸ਼ਬਦ ਹੈ, ਜੋ ਕੀਰਤਨੀਆਂ ਵੱਲੋਂ ਵੀ ਆਮ ਗਾਇਆ ਜਾਂਦਾ ਹੈ । ਜੇ ਪਾਠਕ ਸੱਜਣ ਧਿਆਨ ਪੂਰਵਕ ਦਰਸ਼ਨ ਕਰਨਗੇ ਤਾਂ ਉਹ ਸਹਿਜੇ ਹੀ ਪਛਾਣ ਲੈਣਗੇ ਕਿ ਇਸ ਸ਼ਬਦ ਦੇ ਪਹਿਲੇ ਪਦੇ ਦੀ ਵੀ ਇੱਕੋ ਤੁਕ ਹੈ, ਦੂਜੀ ਨਹੀਂ । ਜਿਵੇਂ "ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਭਗਤਿ ਦਾਨੁ ਜਸੁ ਮੰਗੀ ॥... ...? ॥੧ ॥ਕਾਰਣ ਹੈ ਕਿ ਉਪਰੋਕਤ ਸ਼ਬਦ ਵਾਂਗ ਇਹ ਵੀ ਦੋ-ਤੁਕਾ ਦੁਪਦਾ ਹੈ, ਇਸ ਲਈ ਪਹਿਲੇ ਪਦੇ ਦੀ ਦੂਜੀ ਤੁਕ ਖੋਜਣ ਦੀ ਲੋੜ ਹੈ ?

ਦੂਜੇ ਪਦੇ ਦੀ ਪਹਿਲੀ ਤੁਕ "ਜੋਗ ਗਿਆਨ ਧਿਆਨ **ਸੇਖਨਾਗੈ** ਸਗਲ ਜਪਹਿ ਤਰੰਗੀ ॥" ਵਿੱਚ ਗੁਰਬਾਣੀ ਦੀ ਲਿਖਣ ਸ਼ੈਲੀ ਮੁਤਾਬਿਕ 'ਜੋਗ', 'ਗਿਆਨ' ਤੇ 'ਧਿਆਨ'ਬਹੁਵਚਨੀ ਨਾਂਵਾਂ ਵਾਂਗ ਹੀ 'ਸੇਖਨਾਗੈ' ਦਾ ਬਹੁਵਚਨੀ ਰੂਪ 'ਸੇਖਨਾਗੇ' ਲੋੜੀਂਦਾ ਹੈ :

ਕਲਿਆਨ ਮਹਲਾ ੫ ॥ ਮੇਰੇ ਲਾਲਨ ਕੀ ਸੋਭਾ ॥ ਸਦ ਨਵਤਨ ਮਨ ਰੰਗੀ ਸੋਭਾ ॥੧ ॥ ਰਹਾਉ ॥ ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਭਗਤਿ ਦਾਨੁ ਜਸੁ ਮੰਗੀ ॥੧ ॥ ਜੋਗ ਗਿਆਨ ਧਿਆਨ **ਸੇਖਨਾਗੈ** ਸਗਲ ਜਪਹਿ ਤਰੰਗੀ ॥ ਕਹੁ ਨਾਨਕ ਸੰਤਨ ਬਲਿਹਾਰੈ ਜੋ ਪ੍ਰਭ ਕੇ ਸਦ ਸੰਗੀ ॥੨ ॥੩ ॥ {ਪੰ. ੧੩੨੨}

(੮) ਛਾਪੇ ਦੀ ਪਾਵਨ ਬੀੜ ਦੇ ਪੰਨਾ ੧੩੨੨ ਉਪਰਲੇ ਦੂਜੇ ਘਰੁ ਦੇ ਹੇਠ ਲਿਖੇ ਸ਼ਬਦ ਦਾ ਸੂਚੀ ਮੁਤਾਬਿਕ ਸਿਰਲੇਖ ਹੈ : ਕਲਿਆਨ ਮਹਲਾ ੫ ਦੁਪਦੇ ਘਰੁ ੨ ॥ ਪਰ ਇਸ ਦੇ ਵੀ ਪਹਿਲੇ ਪਦੇ ਦੀ ਇੱਕੋ ਤੁਕ ਹੈ, ਦੂਜੀ ਨਹੀਂ । ਦੂਜੇ ਪਦੇ ਦੀਆਂ ਤੁਕਾਂ ਦੋ ਹਨ । ਇਸ ਲਈ ਪਹਿਲੇ ਪਦੇ 'ਇਤ ਉਤ ਦਹਦਿਸਿ ਰਵਿਓ **ਮੇਰ** ਤਿਨਹਿ ਸਮਾਨਿ ॥... ...? ॥੧ ॥ ਦੀ ਦੂਜੀ ਤੁਕ ਭਾਲਣ ਦੀ ਲੋੜ ਹੈ । ਗੁਰਬਾਣੀ ਦੀ ਲਿਖਤ ਸ਼ੈਲੀ, ਪਾਠ-ਭੇਦ ਸੂਚੀ ਤੇ ਅਰਥਾਂ ਮੁਤਾਬਿਕ ਸ਼ਬਦ ਵਿਚਲੇ 'ਅੰਗ' 'ਮੇਰ', 'ਤਿਨਹਿ' ਤੇ 'ਪਰਧਾਨ' ਪਦ ਵੀ ਸੁਧਾਈ ਮੰਗਦੇ ਹਨ । ਕੋਸ਼ ਮੁਤਾਬਿਕ 'ਪੁਰਖਪਤਿ' ਨਾਂਵ ਵੀ ਇਕੋ ਜੁੜਤ ਪਦ ਹੈ । 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਅਨੁਸਾਰ 'ਬ੍ਰਹਮ ਗਿਆਨ' ਨੂੰ ਪਦ-ਛੇਦ ਕਰਨ ਦੀ ਲੋੜ ਨਹੀਂ :

ਕਲਿਆਨ ਮਹਲਾ ੫ ਘਰੁ ੨ ॥ ਤੇਰੈ ਮਾਨਿ ਹਰਿ ਹਰਿ ਮਾਨਿ ॥ ਨੈਨ ਬੈਨ ਸ੍ਰਵਨ ਸੁਨੀਐ ਅੰਗ ਅੰਗੇ ਸੁਖ ਪ੍ਰਾਨਿ ॥੧ ॥ ਰਹਾਉ ॥ ਇਤ ਉਤ ਦਹਦਿਸਿ ਰਵਿਓ **ਮੇਰ ਤਿਨਹਿ** ਸਮਾਨਿ ॥੧ ॥ ਜਤ ਕਤਾ ਤਤ ਪੇਖੀਐ ਹਰਿ ਪੁਰਖਪਤਿ **ਪਰਧਾਨ** ॥ ਸਾਧਸੰਗਿ ਭ੍ਰਮ ਭੈ ਮਿਟੇ ਕਥੇ ਨਾਨਕ ਬ੍ਰਹਮ**ਗਿਆਨ** ॥੨ ॥੧ ॥੪ ॥ {ਪੰ. ੧੩੨੨}

ਇਸੇ ਤਰ੍ਹਾਂ ਹੇਠ ਲਿਖੇ ਉਪਰੋਕਤ ਦੁਪਦੇ ਸੰਗ੍ਰਹਿ ਦੇ ਪਵੇਂ ਤੇ ੬ਵੇਂ ਸ਼ਬਦਾਂ ਅੰਦਰਲੇ ਪਹਿਲੇ ਪਦੇ ਦੀ ਇੱਕ ਇੱਕ ਤੁਕ ਘਟ ਹੈ । ਜਿਵੇਂ "ਗਿਆਨ ਧਿਆਨ ਮਾਨ ਦਾਨ ਮਨ ਰਸਿਕ ਰਸਨ ਨਾਮੁ ਜਪਤ ਤਹ ਪਾਪਖੰਡਲੀ ॥... ...? ॥੧ ॥" ਅਤੇ "ਬਿਸਨ ਮਹੇਸ ਸਿਧ ਮੁਨਿ ਇੰਦ੍ਰਾ ਕੈ ਦਰਿ ਸਰਨਿ ਪਰਉ ॥... ...? ॥੧ ॥" ਖੋਜਣਾ ਲੋੜੀਂਦਾ ਹੈ । ੬ਵੇਂ ਸ਼ਬਦ ਦੇ ਰਹਾਉ ਵਾਲੇ ਪਦੇ ਦੀ ਪਹਿਲੀ ਤੁਕ ਦੇ ਪਹਿਲੇ ਤੁਕਾਂਸ਼ 'ਕਉਨੁ ਬਿਧਿ' ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਦੇ ਪਦ-ਅਰਥਾਂ ਵਿੱਚ 'ਕਉਨ ਬਿਧਿ' ਲਿਖਿਆ ਹੈ, ਜਿਸ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਨੇ ਵੀ ਬੀੜਾਂ ਦੀ ਲਿਖਤ ਤੇ ਵਿਆਕਰਣ ਦੇ ਚਾਨਣ ਵਿੱਚ ਸਹੀ ਮੰਨਿਆ ਹੈ । ਕਾਰਣ ਹੈ ਕਿ 'ਬਿਧਿ' ਇਸਤ੍ਰੀ-ਲਿੰਗ ਨਾਂਵ ਹੈ । ਪਾਠ-ਭੇਦ ਸੂਚੀ ਨੇ ਪੁਰਾਤਨ ਹਥ-ਲਿਖਤਾਂ ਮੁਤਾਬਿਕ ਇਸ ਪਦੇ ਦੀ ਦੂਜੀ ਤੁਕ ਅੰਦਰਲੇ 'ਸਸਤ੍ਰਗਿਆ' ਪਾਠ ਦਾ ਸ਼ੁਧ ਰੂਪ 'ਸਾਸਤ੍ਰਗਿਆ' ਮੰਨਿਆ ਹੈ । 'ਦਰਪਣ' ਦੇ ਪਦ-ਅਰਥ ਵੀ 'ਸ਼ਾਸਤ੍ਰ+ਗਿਆ' = ਸ਼ਾਸਤ੍ਰਾਂ ਦਾ ਗਿਆਤਾ ਕੀਤੇ ਹਨ, ਜੋ ਬਿਲਕੁਲ ਸਹੀ ਹਨ । ਸੋ ਇਸ ਲਈ ਉਪਰੋਕਤ ਤੇ ਹੇਠਲੇ ਦੋਵੇਂ ਸ਼ਬਦਾਂ ਦੇ ਇਹ ਸਾਰੇ ਪੱਖ ਵਿਚਾਰਨੇ ਜ਼ਰੂਰੀ ਹਨ :

ਕਲਿਆਨ ਮਹਲਾ ੫ ॥ ਗੁਨ ਨਾਦ ਧੁਨਿ ਅਨੰਦ ਬੇਦ ॥ ਕਥਤ ਸੁਨਤ ਮੁਨਿਜਨਾ ਮਿਲਿ ਸੰਤਮੰਡਲੀ ॥੧ ॥ ਰਹਾਉ ॥ ਗਿਆਨ ਧਿਆਨ ਮਾਨ ਦਾਨ ਮਨ ਰਸਿਕ ਰਸਨ ਨਾਮੁ ਜਪਤ ਤਹ ਪਾਪਖੰਡਲੀ ॥੧ ॥ ਜੋਗ ਜੁਗਤਿ ਗਿਆਨ ਭੁਗਤਿ ਸੁਰਤਿ ਸਬਦ ਤਤ ਬੇਤੇ ਜਪੁ ਤਪੁ ਅਖੰਡਲੀ ॥ ਓਤਿ ਪੋਤਿ ਮਿਲਿ ਜੋਤਿ ਨਾਨਕ ਕਛੂ ਦੁਖੁ ਨ ਡੰਡਲੀ ॥੨ ॥੨ ॥੫ ॥ {ਪੰ. ੧੩੨੨}

ਕਲਿਆਨੁ ਮਹਲਾ ੫ ॥ **ਕਉਨ** ਬਿਧਿ ਤਾ ਕੀ ਕਹਾ ਕਰਉ ॥ ਧਰਤ ਧਿਆਨੁ ਗਿਆਨੁ ਸਾਸਤ੍ਰਗਿਆ ਅਜਰਪਦੁ ਕੈਸੇ ਜਰਉ ॥੧ ॥ ਰਹਾਉ ॥ ਬਿਸਨ ਮਹੇਸ ਸਿਧ ਮੁਨਿ ਇੰਦ੍ਰਾ ਕੈ ਦਰਿ ਸਰਨਿ ਪਰਉ ॥੧ ॥ ਕਾਹੂ ਪਹਿ ਰਾਜੁ ਕਾਹੂ ਪਹਿ ਸੁਰਗਾ ਕੋਟਿ ਮਧੇ ਮੁਕਤਿ ਕਹਉ ॥ ਕਹੁ ਨਾਨਕ ਨਾਮ ਰਸੁ ਪਾਈਐ ਸਾਧੂ ਚਰਨ ਗਹਉ ॥੨ ॥੩ ॥੬ ॥ {ਪੰ. ੧੩੨੨}

(...ਚੱਲਦਾ)


# ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
**ਗੁਰਮਤਿ ਵਿਰਸਾ**
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M:** 79733-70542
**Email:** gurmatvirsa@gmail.com

**ਕਾਵਿ ਕਿਆਰੀ**

# ਅਣਖੀ ਬਾਬਾ ਦੀਪ ਸਿੰਘ

**ਚਰਨ ਸਿੰਘ ਸਫ਼ਰੀ**

ਦੀਪ ਸਿੰਘ ਬਾਬੇ ਖੰਡਾ ਹੱਥ ਫੜਕੇ
ਅਣਖੀ ਸਿੰਘਾਂ ਨੂੰ ਇਕ ਲਲਕਾਰ ਦਿੱਤੀ।
ਹਰਿਮੰਦਰ ਕੀ ਘੇਰਿਆ ਪਾਪੀਆਂ ਨੇ
ਖੰਜਰ ਸਾਡੇ ਕਲੇਜੇ 'ਚ ਮਾਰ ਦਿੱਤਾ।
ਸਿੰਘੋ ਨਸ਼ਾ ਚੜ੍ਹਾ ਲਿਆ ਬੁਜ਼ਦਿਲੀ ਦਾ
ਕਿਦਾਂ ਖੰਡੇ ਦੀ ਪਾਹੁਲ ਉਤਾਰ ਦਿੱਤੀ।
ਜੀਵਨ ਓਸ ਗੁਰ ਸਿੱਖ ਦਾ ਕੀ ਜਿਸਨੇ
ਹੋਵੇ ਗੁਰਾਂ ਦੀ ਬਾਣੀ ਵਿਸਾਰ ਦਿੱਤੀ।
ਲੀਕ ਭੁਇੰ 'ਤੇ ਮਾਰ ਕੇ ਕਿਹਾ ਬਾਬੇ
ਸੱਚਾ ਸਿੱਖ ਉਲਾਰ ਕੇ ਬਾਂਹ ਆ ਜਾਏ।
ਜਿਹਨੂੰ ਜਿੰਦ ਪਿਆਰੀ ਪਿਛਾਂਹ ਮੁੜ ਜਾਏ
ਜਿਹਨੂੰ ਸਿੱਖੀ ਪਿਆਰੀ ਅਗਾਂਹ ਆ ਜਾਏ।
ਅਣਖੀ ਬਚਨ ਸੁਣ ਕੇ ਬਾਬਾ ਦੀਪ ਸਿੰਘ ਦੇ
ਝੁੰਡ ਸਿੱਖਾਂ ਦਾ ਟੱਪ ਲਕੀਰ ਆਇਆ।
ਮਾਨੋਂ ਇਉਂ ਮੈਦਾਨ ਵਿਚ ਜਾਪਦਾ ਸੀ
ਕੋਈ ਅਜੀਤ ਕੋਈ ਜੁਝਾਰ ਵੀਰ ਆਇਆ।
ਹੈਸਨ ਸਿੰਘ ਸਵਾਏ ਮੈਦਾਨ ਅੰਦਰ
ਦਲ ਦੁਸ਼ਮਣਾਂ ਦਾ ਬੇ-ਸ਼ੁਮਾਰ ਆਇਆ।

ਛਾਂ ਕਰਨ ਸ਼ਹੀਦਾਂ ਦੇ ਸਿਰਾਂ ਉਤੇ
ਬਾਜ਼ ਗੁਰਾਂ ਦਾ ਖੰਭ ਖਿਲਾਰ ਆਇਆ।
ਦੀਪ ਸਿੰਘ ਬਾਬੇ ਇਹ ਅਰਦਾਸ ਕੀਤੀ
ਕਿਸ਼ਤੀ ਲੱਗ ਜਾਏ ਮੇਰੀ ਕਿਨਾਰੇ ਉੱਤੇ।
ਮੇਰਾ ਧੜ ਤੋਂ ਸੀਸ ਬੇ-ਸ਼ਕ ਲਹਿ ਜਾਏ
ਡਿੱਗੇ ਗੁਰਾ ਦੇ ਐਪਰ ਦੁਆਰੇ ਉੱਤੇ।
ਤਾੜ ਤਾੜ ਮੈਦਾਨ ਵਿਚ ਹੋਣ ਲੱਗੀ
ਹਰ ਜ਼ਿੰਦਗੀ ਦਾ ਭਾਂਡਾ ਤਿੜਕਦਾ ਗਿਆ।
ਖ਼ੂਨੀ ਖੰਡਾ ਮੈਦਾਨ ਵਿਚ ਵੈਰੀਆਂ ਦੀ
ਰੱਤ ਵਾਂਗ ਮਧਾਣੀ ਦੇ ਰਿੜਕਦਾ ਗਿਆ।
ਛਿੜਿਆ ਜੇਹਾ ਕਿ ਮੌਤ ਨੂੰ ਛੇੜ ਪੈ ਗਈ
ਰਣ ਵਿਚ ਲਹੂ ਕਾਹਦਾ ਕੇਸਰ ਛਿੜਕਦਾ ਗਿਆ।
ਸਿੰਘ ਬੁੱਕਦੇ ਗਏ ਵੈਰੀ ਕੰਬਦਾ ਗਿਆ
ਸਿੰਘ ਗੜਕਦੇ ਗਏ ਵੈਰੀ ਥਿੜਕਦਾ ਗਿਆ।

ਬਾਬੇ ਜੌਹਰ ਦਿਖਾਏ ਉਹ ਬੀਰਤਾ ਦੇ
ਹਰ ਵੈਰੀ ਨੂੰ ਭੁਇੰ ਤੇ ਪਟਕਦਾ ਗਿਆ।

ਖੰਡਾ ਸਾਰ ਦਾ ਬੱਕਰੇ ਖਾਣਿਆ ਨੂੰ
ਫੜਕੇ ਬੱਕਰੇ ਵਾਂਗਰਾਂ ਝਟਕਦਾ ਗਿਆ।
ਦੀਪ ਸਿੰਘ ਜੀ ਦਾ ਹਰ ਇਕ ਸਾਥੀ
ਆਪਣੇ ਸਾਥੀ ਦਾ ਸਾਥ ਨਿਭਾਈ ਜਾਵੇ।
ਮੌਤ ਖਾਣ ਨੂੰ ਪਇੰਦੀ ਸੀ ਖ਼ਾਲਸੇ ਨੂੰ
ਐਪਰ ਖ਼ਾਲਸਾ ਮੌਤ ਨੂੰ ਖਾਈ ਜਾਵੇ।
ਪੁੱਤਰ ਕਾਲ ਦਾ ਖੰਡਾ ਸੀ ਦੀਪ ਸਿੰਘ ਦਾ
ਹਰ ਵੈਰੀ ਨੂੰ ਅੰਦਰ ਲੰਘਾਈ ਜਾਵੇ।

ਸਿਦਕੀ ਸਿੰਘ ਅਣਖੀਲੜਾ ਬੀਰ ਯੋਧਾ
ਇਕ ਜਾਦੂ ਹੀ ਨਵਾਂ ਦਿਖਾਈ ਜਾਵੇ।
ਉਹਦੇ ਖੰਡੇ ਨੂੰ ਲਗੇ ਪਿਆਸ ਜਿਉਂ ਜਿਉਂ
ਤਿਉਂ ਤਿਉਂ ਵੈਰੀ ਦੀ ਰੱਤ ਪਿਲਾਈ ਜਾਵੇ।
ਰੱਤ ਸਾਰੇ ਸ਼ਹੀਦਾਂ ਦੀ ਨੁੱਚੜ ਚੁੱਕੀ
ਮੁੜ੍ਹਕਾ ਫੇਰ ਵੀ ਸ਼ੇਰ ਨੂੰ ਆਈ ਜਾਵੇ।
ਹਰ ਵੈਰੀ ਨੂੰ ਪਿਛਾਂਹ ਹਟਾਈ ਜਾਵੇ।
ਅੰਮ੍ਰਿਤਸਰ ਵੱਲ ਕਦਮ ਵਧਾਈ ਜਾਵੇ।

-0-

# ਇਕ ਚਿੱਤ ਰੱਬ ਨੂੰ ਧਿਆਓ

**ਡਾ: ਦਲਵਿੰਦਰ ਸਿੰਘ ਗ੍ਰੇਵਾਲ**

ਇੱਕ ਚਿੱਤ ਰੱਬ ਨੂੰ ਧਿਆਕੇ ਦੇਖ ਸੱਜਣਾਂ।
ਜਾਣੇ ਤੇਰੇ ਬਦਲ ਨੇ ਸਾਰੇ ਲੇਖ ਸੱਜਣਾਂ।
ਉਹਦੇ ਨਾਲ ਜੁੜੇਂਗਾ, ਜੇ ਜੱਗ ਨਾਲੋਂ ਟੁਟੇਂਗਾ,
ਮਾਇਆ ਨੇ ਫਸਾਈ ਮੇਖ ਤੇਰੀ ਰੇਖ ਸੱਜਣਾਂ।
ਉਹਦੇ ਨਾਲ ਜੁੜਿਆਂ ਤੇ ਦੁੱਖ ਟੁੱਟ ਜਾਂਦੇ ਨੇ।
ਹੋਵੇ ਜੇ ਮਿਹਰ, ਪੁਆੜੇ ਮੁੱਕ ਜਾਂਦੇ ਨੇ।
ਓਸ ਦੇ ਧਿਆਨ ਵਿੱਚ ਬੁਰਾ ਨਹੀਓਂ ਸੁੱਝਦਾ,
ਦਿਲ ਹੁੰਦਾ ਸੁੱਚਾ ਸਾਰੇ ਪਾਪ ਲੁੱਕ ਜਾਂਦੇ ਨੇ।
ਪੋਟਾ ਪੋਟਾ ਜਾਣਦਾ ਜੋ ਹਰ ਦਿਲ ਵਸਦਾ,
ਜੋ ਵੀ ਓਹ ਕਰਾਓਣਾ ਚਾਹੇ ਆਪ ਹੀ ਏ ਦਸਦਾ।
ਓਸ ਦੇ ਹੁਕਮ ਬਿਨ ਪੱਤਾ ਵੀ ਨਾ ਹਿਲਦਾ।
ਚਾਹੇ ਓਹ ਤਾਂ ਬੰਦਾ ਗੋਲੀ ਵਾਂਗੂ ਨਸਦਾ।
ਆਪੇ ਹੀ ਓਹ ਸਿਰਜਦਾ ਤੇ ਆਪੇ ਹੀ ਓਹ ਪਾਲਦਾ।
ਆਪੇ ਹੀ ਕਰਾਉਂਦਾ, ਹੋਵੇ ਜਿਵੇਂ ਉਹਦੀ ਮਰਜ਼ੀ
ਆਪੇ ਹੀ ਹਰੇਕ ਮਨ ਜੀਣ-ਜੋਤ ਢਾਲਦਾ
ਓਹਦੇ ਸਾਰੇ ਜੀਵ ਨੇ, ਪਿਆਰੇ ਓਹਨੂੰ ਸਾਰੇ ਨੇ।
ਜਿਹੜੇ ਕੰਮ ਲੈਣਾ ਓਸੇ ਖੇਤਰ ਉਤਾਰੇ ਨੇ।
ਚੰਗਾ ਨਾ ਕੋਈ ਮੰਦਾ, ਦਿੱਤਾ ਓਸ ਨੇ ਜੋ ਧੰਦਾ ਹੈ,
ਭਟਕਦੇ ਨੇ, ਸਮਝਦੇ ਨਾ ਭੇਦ, ਜੋ ਵਿਚਾਰੇ ਨੇ।
ਤੂੰ ਏਂ ਜਦੋਂ ਨਾਲ ਓਦੋਂ ਹੋਣ ਮਿਹਰਾਂ ਤੇਰੀਆਂ।
ਹੋਣੀਆਂ ਨੇ ਹੱਲ ਆਪੇ, ਮੁਸ਼ਕਲਾਂ ਜੋ ਮੇਰੀਆਂ,
ਤੇਰੇ ਤੇ ਭਰੋਸਾ ਹੈ ਧਿਆਵਾਂ ਤੇਰੇ ਨਾਮ ਨੂੰ,
ਚਿੱਤ ਰੱਖਾਂ ਜੋੜ ਭੁੱਲ ਜੱਗ ਦੀਆਂ ਘੇਰੀਆਂ।

-0-

# ਚੁੱਪ ਦੀ ਕਥਾ

**ਬਾਬਾ ਨਜ਼ਮੀ**

ਸ਼ੀਸ਼ੇ ਉਤੇ ਧੂੜਾਂ ਜੰਮੀਆਂ ਕੰਧਾਂ ਝਾੜੀ ਜਾਂਦੇ ਨੇ।
ਜ਼ਿਲਦਾਂ ਸਾਂਭ ਰਹੇ ਨੇ ਝੱਲੇ ਵਰਕੇ ਪਾੜੀ ਜਾਂਦੇ ਨੇ ।
ਉਹਨਾਂ ਦਾ ਵੀ ਤੂੰਹੀਉਂ ਰੱਬ ਏਂ ਇਹਦਾ ਅੱਜ ਜਵਾਬ ਤੇ ਦੇ,
ਈਦਾਂ ਵਾਲੇ ਦਿਨ ਵੀ ਜਿਹੜੇ ਕਰਨ ਦਿਹਾੜੀ ਜਾਂਦੇ ਨੇ ।
ਜਿਹਨਾਂ ਦੇ ਗਲ ਲੀਰਾਂ ਪਈਆਂ ਉਹਨਾਂ ਵੱਲੇ ਤੱਕਦੇ ਨਈਂ,
ਕੱਬਰਾਂ ਉਤੇ ਤਿੱਲੇ ਜੜੀਆਂ ਚੱਦਰਾਂ ਚਾੜ੍ਹੀ ਜਾਂਦੇ ਨੇ ।
ਰੱਸੀ ਕਿੱਥੋਂ ਤੀਕ ਕਰੇਂਗਾ ਢਿੱਲੀ ਉਹਨਾਂ ਲੋਕਾਂ ਦੀ,
ਜਿਹੜੇ ਇੱਕ ਹਵੇਲੀ ਬਦਲੇ ਝੁੱਗੀਆਂ ਸਾੜੀ ਜਾਂਦੇ ਨੇ ।
ਸ਼ੀਸ਼ੇ ਉਤੇ ਮਲੇ ਸਿਆਹੀਆਂ ਹੱਕ ਏ ਮੇਰੇ ਦੁਸ਼ਮਣ ਦਾ,
ਸੱਜਣਾਂ ਨੂੰ ਕੀ ਬਣੀਆਂ ਮੇਰੇ ਫੁੱਲ ਲਿਤਾੜੀ ਜਾਂਦੇ ਨੇ ।
ਚਲ ਉਏ 'ਬਾਬਾ ਨਜਮੀ' ਆਪਣੇ ਪਿੰਡਾਂ ਨੂੰ ਮੂੰਹ ਮੋੜ ਲਈਏ,
ਸ਼ਹਿਰਾਂ ਦੇ ਵਸਨੀਕ ਤਾਂ ਆਪਣੇ ਸ਼ਹਿਰ ਉਜਾੜੀ ਜਾਂਦੇ ਨੇ ।

-0-

# साका ननकाना साहिब

—गुरप्रीत सिंघ (गुरमति ज्ञान मिशनरी कालेज)

अन्य तवारिखी गुरद्वारों की तरह प्रकाश स्थान ननकाना साहिब की दशा भी बहुत खराब थी। गुरू नानक साहिब के प्रकाश स्थान का प्रबंध उदासी साधूयों के हाथ में था। शताब्दी तक प्रबंध ठीक चलता रहा, परन्तु महंतों की आचरण हीणता तथा दुराचारी स्वभाव के कारन सिख संगतें बार बार गुरद्वारा सुधार लहर के मुख्य नेताओं तक, इन सूचनायों का आदान प्रदान करती रहती थी। गुरूद्वारे के पुराने प्रबंधक साधू राम की गुप्त रोग की बिमारी के कारण उसकी मृत्यु हो जाती है तथा उसका एक चेला (शिष्य), किशन दास भी उसी के नकशे कदमों पर चलता है तथा उसी रोग से ही, वह भी मर जाता है, परन्तु जब किशन दास की दशा खराब होती है, तो नरायण दास (नरैणु) लाहौर जा कर, मृत्यु के बिस्तर पर पड़े किशन दास की जेब में से गुरूद्वारे की चाबियां निकाल कर ले आता है तथा संगतों में अच्छे आचरण तथा गलतियां ना करने की सौगंध खा कर प्रबंध पर काबिज हो जाता है। गुरूद्वारे की गोलक के पैसों का दुरूपयोग करना तथा एक मिरासन मुसलमानी से दुरव्यवहार के करने तथा 1918 में एक सिंधी परिवार से बदसलूकी तथा उसकी 13 वर्ष की बच्ची के साथ ज्यादती करने के कारन सिख पंथ के अंदर रोष पैदा होता है। जिस के लिए 1,2,3 अक्तूबर 1920 को गांव धारोवाली में एक बड़ा इक्टठ किया जाता है। जिस में डा. किचलू, आगा सफदर तथा अन्य गैरसिख नेता मौजूद थे। दीवान में स. मोता सिंघ, स. सुंदर सिंघ लायलपुरी, स. दान सिंघ वछोहा, स. जसवंत सिंघ झबाल तथा अन्यों ने भाषण दिये और ननकाना साहिब के गुरूद्वारे के सुधार के प्रति मता (प्रस्ताव) पास किया। इसी दीवान में भाई लछमण सिंघ जी धारोवाल ने शहीदी जत्था बनाने का ऐलान किया था। जब यह समाचार महंत नरायण दास (नरैणू) को मिला, तो उसने स्वयं को सुधारने के बजाये नवंबर 1920 में 400 गुंडे, जिनमें उस समय के खूंखार गुंडे, रांझा, रिहाना इत्यादि को साथ लेकर महंत नरैणु ने एक इक्टठ अकालियों के विरोध के तौर पर बुलाया, जिस में (खेम सिंघ बेदी, महंत गोबिंद दास (जशमेर) तथा अन्य 53 महंत। शामिल हुये तथा अखाड़ा संगल वाला (निक्ट दरबार साहिब, अमृतसर) में अकालियों का मुकाबला जोर शोर से करने का निर्णय लिया गया। यह इक्टठ 12 नवंबर 1920 को बुलाया गया था। महंत नरैणू ने पैसे खर्च करके संत सेवक समाचार पत्र प्रारम्भ किया तथा मुफत बांटा और अपनी एक अलग कमेटी बना ली।

25-26 नवंबर 1920 को महंत के गुंडों ने, महंत के कहने पर, गुरू नानक साहिब जी के प्रकाश पर्व के समय, किसी सिख को हथियार अंदर नहीं लेकर जाने दिया तथा गुरूद्वारे के अंदर पहुँचे अकालियों को जो दर्शनों के लिए आये थे, घेर लिया परन्तु पुलिस कमिश्नर के मौजूद होने के कारन 26 नवंबर 1920 के दिन, यह साका होने से टल गया। इस दिन के पश्चात महंत ने किलेबंदी प्रारम्भ कर दी तथा उसने अपनी हिफाज़त के लिये 28 पठान पक्के तौर पर (वितन) पर रख लिये। इस तरफ ध्यान दिलाते हुये स. करतार सिंघ जी झब्बर ने जनवरी 1921 में एक पत्र लिखा, जिस में नानकाना साहिब के हालातों के बारे गहरी चिंता प्रकट की गयी थी तथा शीघ्र कार्यवाही की मांग भी की गयी। यह पत्र शिरोमणि गुरूद्वारा प्रबंधक कमेटी के सचिव को लिखा गया था। इस पत्र को 21 जनवरी को शिरोमणि गुरूद्वारा प्रबंधक कमेटी की मीटिंग के एजंडे में रखा गया तथा इस पर विचार विमर्श किया गया तथा महंत को एक मीटिंग में बुला कर समझाने के बारे में मता (प्रस्ताव) पास किया, जिस में 7,8,9 फरवरी को महंत को पेंशन लेकर कब्जा (नियंत्रण) छोड़ने की शर्त सामने रखी, परन्तु महंत ने इस पर सहमति ना दिखायी तथा फिर अपनी तरफ से 7 फरवरी 1921 के दिन महंत ने अपने हमायतियों का इक्टठ गुरूद्वारे की हदूद में बुलाया, जिस में सभी गुंडे, कातिल, भट्टी मुसलमान, बेदी करतार सिंघ, कूका मंगल सिंघ (कूका/नामधारी) इत्यादि भी शामिल हुये तथा अकालियों से मुकाबले पर निर्णय लिया गया महंत का साथ देना कबूल किया गया। महंत नरैणू ने 14 फरवरी को अकालियों की एक मीटिंग बुलायी जिस में 5 मार्च के अकालियों के इक्टठ में सिख नेताओं को कत्ल करने का प्रोग्राम बनाया, परन्तु इस बात का सुराग अकाली नेताओं को मिलने के कारन, सभी नेताओं ने जाने से इनकार कर दिया। सभी ने 17 फरवरी को मिलकर निर्णय किया कि महंत की इस नापाक साजिश को फेल करने के लिये 19-20 फरवरी की रात, गुरूद्वारा ननकाना साहिब पहुँच कर 20 फरवरी को गुरूद्वारे पर कब्जा (नियंत्रण) करने का प्रस्ताव पास किया जाये क्योंकि उनको पता था कि महंत उस समय एक कॉनफ्रेंस (सम्मेलन) जो लाहौर में होनी थी (सनातनी सिख कॉनफ्रेंस) में भाग लेने जा रहा है। इस कॉनफ्रेंस में सभी बेदी, सोढी, भल्ले, उदासी, निर्मले, नामधारी, निहंग, अडडण साहीए, गहर गंभीरीये, निरंकारी, चरनदासीए, सनातनी, महंत, पुजारी तथा साध बुलाये गये थे। इस मीटिंग की प्रधानगी करतार सिंघ बेदी ने करनी थी। इसमें अकालियों का मुकाबला करने के लिये संयुक्त एक्श्न प्लान तैयार किया जाना था। हरचंद सिंघ, तेजा सिंघ तथा मास्टर तारा सिंघ ने आपस में मश्वरा करके निर्णय किया कि ननकाना साहिब पर इस तरह कब्जा ना किया जाये। उन्होनें अन्य नेताओं से बातचीत करने के लिए लाहौर मीटिंग बुला ली। इस मीटिंग में सरदूल सिंघ कवीशर, सुंदर सिंघ लायलपुरी, जसवंत सिंघ झबाल तथा दलीप सिंघ सांगला जी हाजिर थे। इस मुलाकात में निर्णय लिया गया कि शिरोमणि कमेटी द्वारा रखे दीवान से पहले, कोई जत्था ननकाना साहिब पर कब्जा ना करे। इस के लिये भाई दलीप सिंघ, तथा जसवंत सिंघ के साथ, भाई वरियाम सिंघ की जिम्मेवारी (ड्यूटी) लगायी तांकि वह जत्थों को रोकें। इन्होंने करतार सिंघ झब्बर को तो रोक लिया परन्तु लछमण सिंघ धारोवाली तक नहीं पहुँच सके, जिस कारन दलीप सिंघ तथा वरियाम सिंघ ननकाने पहुंच कर उत्तम सिंघ कारखानेदार के घर चले गये तांकि लछमण सिंघ को यहां पहुंचने तथा कब्जा लेने से रोक सकें परन्तु उधर लछमण सिंघ अपने साथ 150 सिंघों का जत्था लेकर ननकाना साहिब शहर के भटठे के बाहर पहुंच गये। वरियाम सिंघ ने दलीप सिंघ का संदेश दिया था। लछमण सिंघ

शेष पन्ना 42 पर

# The Chabian Da Morcha

## -A Decisive Battle For Sikh Autonomy

-AMRIT PAUL BANSAL, LUDHIANA

The Chabian Da Morcha was an important event in the history of the Gurdwara Movement.During the early 20th century, many historical Gurdwaraswere under the control of Mahants (Priests), who had been appointed during British Rule. These Mahants often lived luxurious lives, ignored Sikh values and misused the offerings and property of the Gurdwaras.This caused great pain among the sikh Community, who wanted their holy places to be managed according to the teachings of Sri Guru Granth Sahib Ji and Sikhs principles.

In 1920,The Shiromani Guurdwara Parbandhak Committee (SGPC) was formed to take charge of Sikh Shrines and manage them properly. However, the British government was not pleased with this growing unity and independence of the sikhs."The Chabian da Morcha" also known as "Keys Morcha" was a compaign for the recovery of the Keys of Golden Temple Treasury named as TOSHAKHANA, where the offerings and property were kept safely.The Keys of this Toshakhana were in the possession of British Commissioner.



On October 20,1921,the SGPC resolved to ask Sunder Singh Ramgarhia (the existing Sarbrah-Core Taker) to handover the Keys of Toshakhana to be President of SGPC. But before, they could implement the decision, the news reached the Deputy Commissioner of Amritsar, was stopped to implement their decision. On November, 1921 Amar Nath,the additional assistant Commissioner raided the house of Sunder Singh Ramgarhia,with the help of Police force and took away the keys from him.On November 11,1921, the Government replaced Sunder Singh Ramgarhiaand appointed Captain Bahadur Singh in his place.

The SGPC refused to recognize the new Sarbrah. On November 12,1921, a protest meeting was convered in BaghAkalian in Amritsar,which was addressed by Baba Kharak Singh and other leaders.Captain Bahadur Singh resigned but the Government remained adamant.The SGPC and Sri Akal Takhat Sahib decided to protest peacefully, under the leadership of BabaKharak Singh and Sikhs started "The Chabian Da Morcha" to demand the return of the keys.Thousands of Sikhs gathered peacefully, did Ardas (Prayers) and demonstrated without violence.Baba Kharak Singh and other leaders were arrested by the British authorities,but the Sikhs continued their protest with great discipline and patience.

On November 17,1921, the SGPC condemned the Government action and called upon all Sikhs to observe December 4, as a Protest Day. The Sikhs were also advised not to join any function in honor of Prince of Wales, who was liked to visit India in early 1922- The Government failed to control the protest and this movement gained massive support. So the Government observing as how it might affect sikh soldiers and peasants, during the visit of Prince of Wales, the Government announcedon January 3, 1922, the decision to return the keys to the Executive Committee of SGPC. But the Executive Committee of SGPC refused to accept the keys, until the Sikhs under detention were, released unconditionally. On January 11,1922, Sir Johan Maynard, the Home Minister announced in the Punjab LegislatureCouncil to release the sikhs, who were under detention. Since the sikhs refused to fetch the keys of Toshakhana from the Deputy Commissioner, as a point of principal,a Government official was eventually sent to deliver the Keys,wrapped in a piece of red silk to SGPC President Baba Kharak Singh, at the Divan being held on January 19,1922 at Akal Takhat Sahib.

The Sikh's victory was hailed throughout the country. The Morchawas a

**Continued on page 38**

ਸਿਹਤ ਸੰਭਾਲ

# ਤੇਜ਼ ਬੁਖਾਰ ਨਾਲ ਬੱਚੇ ਨੂੰ ਦੌਰਾ ਪੈਣ ਦੇ ਕਾਰਨ ਅਤੇ ਇਲਾਜ

**ਡਾ. ਹਰਸ਼ਿੰਦਰ ਕੌਰ # 0175-2216783**

**ਦੌਰਾ ਪੈਣ 'ਤੇ ਬੱਚੇ ਨੂੰ ਪਾਸਾ ਦੁਆ ਦੇਣਾ ਚਾਹੀਦਾ ਹੈ ਅਤੇ ਠੰਢੇ ਪਾਣੀ ਦੀਆਂ ਪੱਟੀਆਂ ਕਰਨੀਆਂ ਚਾਹੀਦੀਆਂ ਹਨ। ਬੱਚੇ ਦਾ ਮੂੰਹ ਇੱਕ ਪਾਸੇ ਕਰਨਾ ਜ਼ਰੂਰੀ ਹੁੰਦਾ ਹੈ ਤਾਂ ਜੋ ਮੂੰਹ ਅੰਦਰਲੀ ਥੁੱਕ ਸਾਹ ਦੀ ਨਾਲੀ ਵੱਲ ਨਾ ਲੰਘ ਜਾਏ ਤੇ ਬੱਚੇ ਨੂੰ ਸਾਹ ਲੈਣ ਵਿੱਚ ਔਖਿਆਈ ਨਾ ਆਵੇ ਜੋ ਜਾਨਲੇਵਾ ਸਾਬਤ ਹੋ ਸਕਦੀ ਹੈ। ਦੌਰਾ ਰੁਕ ਜਾਣ 'ਤੇ ਬੱਚੇ ਨੂੰ ਇਕਦਮ ਡਾਕਟਰ ਕੋਲ ਲੈ ਜਾਣਾ ਚਾਹੀਦਾ ਹੈ ਤਾਂ ਜੋ ਬੁਖ਼ਾਰ ਦਾ ਇਲਾਜ ਕੀਤਾ ਜਾ ਸਕੇ। ਆਮ ਤੌਰ 'ਤੇ ਦੌਰਾ ਰੋਕਣ ਦੀਆਂ ਦਵਾਈਆਂ ਜ਼ਿਆਦਾ ਦੇਰ ਤਕ ਦੇਣ ਦੀ ਲੋੜ ਨਹੀਂ ਪੈਂਦੀ। ਪਰ, ਜੇ ਚਾਰ ਵਾਰ ਬੁਖ਼ਾਰੀ ਦੌਰਾ ਪੈ ਜਾਵੇ ਤਾਂ ਅਗਲੇਰੀ ਜ਼ਿੰਦਗੀ ਵਿੱਚ ਮਿਰਗੀ ਦਾ ਦੌਰਾ ਪੈਣ ਦਾ ਆਸਾਰ ਵੱਧ ਹੁੰਦਾ ਹੈ ਤੇ ਦੌਰੇ ਰੋਕਣ ਦੀ ਦਵਾਈ ਵੀ ਤਿੰਨ ਸਾਲ ਖੁਆਉਣੀ ਪੈਂਦੀ ਹੈ। ਬੁਖ਼ਾਰੀ ਦੌਰੇ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਬੁਖ਼ਾਰ ਲਾਹੁਣ ਵਾਲੀ ਦਵਾਈ ਹਮੇਸ਼ਾਂ ਕੋਲ ਰੱਖਣੀ ਚਾਹੀਦੀ ਹੈ ਤਾਂ ਜੋ ਬੱਚੇ ਨੂੰ ਤੇਜ਼ ਬੁਖ਼ਾਰ ਚੜ੍ਹਨ ਹੀ ਨਾ ਦਿੱਤਾ ਜਾਵੇ ਤੇ ਠੰਢੀਆਂ ਪੱਟੀਆਂ ਕਰ ਕੇ ਬੁਖ਼ਾਰ ਉਤਾਰਨਾ ਚਾਹੀਦਾ ਹੈ।**



ਛੇ ਮਹੀਨੇ ਤੋਂ ਪੰਜ ਸਾਲ ਦੀ ਉਮਰ ਤਕ ਦੇ ਬੱਚੇ ਕਈ ਵਾਰ ਗਲਾ ਖ਼ਰਾਬ ਜਾਂ ਵਾਇਰਲ ਬੁਖ਼ਾਰ ਦੀ ਤਾਬ ਝੱਲ ਨਹੀਂ ਸਕਦੇ। ਭਾਵੇਂ ਦਿਮਾਗ ਵਿੱਚ ਕੀਟਾਣੂਆਂ ਦਾ ਹਮਲਾ ਨਹੀਂ ਹੋਇਆ ਹੁੰਦਾ, ਫੇਰ ਵੀ ਬੁਖ਼ਾਰ ਕਾਰਨ ਉਨ੍ਹਾਂ ਨੂੰ ਦੌਰਾ ਪੈ ਜਾਂਦਾ ਹੈ। ਇਹ ਦਿਮਾਗੀ ਬੁਖ਼ਾਰ ਨਹੀਂ ਹੁੰਦਾ। ਇਸ ਨੂੰ 'ਬੁਖ਼ਾਰੀ ਦੌਰਾ' (ਫ਼ੀਬਰਾਈਲ ਸੀਜ਼ਰ) ਕਿਹਾ ਜਾਂਦਾ ਹੈ। ਅਮਰੀਕਾ ਵਿੱਚ ਲਗਪਗ ਪੰਜ ਫ਼ੀਸਦੀ ਬੱਚਿਆਂ ਵਿੱਚ ਇਹ ਬਿਮਾਰੀ ਵੇਖੀ ਜਾਂਦੀ ਹੈ ਜਦੋਂਕਿ ਭਾਰਤ ਵਿੱਚ 10 ਫ਼ੀਸਦੀ ਤਕ ਬੱਚੇ ਬੁਖ਼ਾਰੀ ਦੌਰੇ ਦੇ ਸ਼ਿਕਾਰ ਹੋ ਜਾਂਦੇ ਹਨ।

ਇਸ ਬਿਮਾਰੀ ਦਾ ਸ਼ਿਕਾਰ ਜ਼ਿਆਦਾਤਰ ਉਹ ਬੱਚੇ ਹੁੰਦੇ ਹਨ-

* ਜਿਸ ਟੱਬਰ ਵਿੱਚ ਪਹਿਲਾਂ ਵੀ ਕਿਸੇ ਨੂੰ ਇਹ ਬਿਮਾਰੀ ਹੋਵੇ।

* ਜੇ ਜੱਚਾ ਨੂੰ ਬਲੱਡ ਪ੍ਰੈਸ਼ਰ ਦੀ ਬਿਮਾਰੀ ਹੋਵੇ, ਉਸ ਦੇ ਪਿਸ਼ਾਬ ਵਿੱਚ ਪ੍ਰੋਟੀਨ ਆ ਰਹੀ ਹੋਵੇ, ਫੇਫੜਿਆਂ ਵਿੱਚ ਕੀਟਾਣੂਆਂ ਦਾ ਹਮਲਾ ਹੋਇਆ ਹੋਵੇ, ਜੱਚਾ ਸਿਗਰਟ ਪੀਂਦੀ ਹੋਵੇ ਜਾਂ ਛੋਟੀ ਉਮਰ ਦੀ ਹੋਵੇ ਤਾਂ ਉਸ ਦੇ ਬੱਚੇ ਨੂੰ ਇਸ ਬਿਮਾਰੀ ਦਾ ਖ਼ਤਰਾ ਵਧ ਹੁੰਦਾ ਹੈ।

* ਬੱਚਾ ਪੂਰੇ ਵਕਤ ਤੋਂ ਪਹਿਲਾ ਜੰਮ ਪਿਆ ਹੋਵੇ, ਜਨਮ ਸਮੇਂ ਬਹੁਤ ਜ਼ਿਆਦਾ ਵਧਿਆ ਹੋਇਆ ਪੀਲੀਆ ਹੋਵੇ, ਬੱਚਾ ਘਾਟ ਭਾਰ ਦਾ ਜੰਮਿਆ ਹੋਵੇ, ਬੱਚਾ ਜੰਮਣ ਤੋਂ ਇਕਦਮ ਬਾਅਦ ਨਾ ਰੋਇਆ ਹੋਵੇ, ਜਨਮ ਵੇਲੇ ਸਿਰ 'ਤੇ ਸੱਟ ਵੱਜ ਜਾਵੇ ਜਾਂ ਜਨਮ ਤੋਂ ਬਾਅਦ 28 ਦਿਨ ਤਕ ਹਸਪਤਾਲ ਦਾਖ਼ਲ ਰਹਿਣਾ ਪਿਆ ਹੋਵੇ ਆਦਿ ਕਾਰਨ ਵੀ ਬੁਖ਼ਾਰੀ ਦੌਰੇ ਦਾ ਖ਼ਤਰਾ ਵਧ ਜਾਂਦਾ ਹੈ।

* ਜੇ ਬੱਚਾ ਇੱਕ ਸਾਲ ਵਿੱਚ ਸੱਤ ਜਾਂ ਅੱਠ ਵਾਰ ਬਿਮਾਰ ਹੁੰਦਾ ਹੋਵੇ।

* ਜੇ ਬੱਚੇ ਤੇ ਹਰਪੀਜ਼ ਵਾਇਰਸ- ਕਿਸਮ 6 ਦਾ ਹਮਲਾ ਹੋਇਆ ਹੋਵੇ।

* ਲਹੂ ਦੀ ਬਹੁਤੀ ਕਮੀ ਨਾਲ ਵੀ ਇਸ ਦੌਰੇ ਦਾ ਖ਼ਤਰਾ ਵਧ ਜਾਂਦਾ ਹੈ।

* ਕਈ ਵਾਰ ਡੀ.ਪੀ.ਟੀ ਜਾਂ ਐਮ.ਐਮ.ਆਰ ਦੇ ਟੀਕੇ ਲੱਗਣ ਤੋਂ ਬਾਅਦ ਵੀ ਇਹ ਬਿਮਾਰੀ ਵੇਖੀ ਗਈ ਹੈ।

ਜਦੋਂ ਬੱਚੇ ਨੂੰ ਬੁਖ਼ਾਰ ਤੇਜ਼ੀ ਨਾਲ ਚੜ੍ਹਦਾ ਜਾਂ ਉਤਰਦਾ ਹੈ ਤਾਂ ਦਿਮਾਗ ਵਿੱਚ ਗਲੂਟਾਮੇਟ ਦੀ ਮਾਤਰਾ ਵਧ ਜਾਂਦੀ ਹੈ ਜਿਸ ਕਾਰਨ ਦੌਰਾ ਪੈਣ ਦਾ ਖ਼ਤਰਾ ਵਧ ਜਾਂਦਾ ਹੈ। ਕੁਝ ਵਿਗਿਆਨੀ ਜ਼ਿੰਕ ਦੀ ਕਮੀ ਨੂੰ ਵੀ ਇਸ ਦਾ ਕਾਰਨ ਮੰਨਦੇ ਹਨ। ਇੱਕ ਗੱਲ ਤਾਂ ਪੱਕੀ ਹੈ ਕਿ ਬੁਖ਼ਾਰੀ ਦੌਰੇ ਵਾਲੇ ਚਾਲੀ ਫ਼ੀਸਦੀ ਬੱਚਿਆਂ ਦੇ ਟੱਬਰ ਵਿੱਚ ਕਿਸੇ ਨਾ ਕਿਸੇ ਨੂੰ ਇਹ ਬਿਮਾਰੀ ਜ਼ਰੂਰ ਹੁੰਦੀ ਹੈ। ਇਸੇ ਕਰਕੇ ਇਸ ਨੂੰ 'ਜੀਨ' ਰਾਹੀਂ ਪੁਸ਼ਤ ਦਰ ਪੁਸ਼ਤ ਚੱਲਣ ਵਾਲਾ ਰੋਗ ਵੀ ਮੰਨ ਲਿਆ ਗਿਆ ਹੈ। ਇੱਕ ਵਾਰ ਦੌਰਾ ਪੈਣ ਤੋਂ ਬਾਅਦ 37 ਫ਼ੀਸਦੀ ਬੱਚਿਆਂ ਨੂੰ ਦੁਬਾਰਾ ਇੱਕ ਦੌਰਾ ਪੈ ਜਾਂਦਾ ਹੈ। 30 ਕੁ ਫ਼ੀਸਦੀ ਬੱਚਿਆਂ ਨੂੰ ਦੁਬਾਰਾ ਦੋ ਵਾਰ ਦੌਰੇ ਪੈ ਸਕਦੇ ਹਨ ਤੇ 17 ਫ਼ੀਸਦੀ ਬੱਚਿਆਂ ਨੂੰ ਬਾਅਦ ਦੀ ਉਮਰ ਵਿੱਚ ਬੁਖ਼ਾਰੀ ਦੌਰਾ ਤਿੰਨ ਜਾਂ ਵੱਧ ਵਾਰ ਵੀ ਪੈ ਸਕਦਾ ਹੈ।

ਆਮ ਤੌਰ 'ਤੇ ਪਹਿਲਾ ਬੁਖ਼ਾਰੀ ਦੌਰਾ ਪੈਣ ਤੋਂ ਛੇ ਮਹੀਨੇ ਦੇ ਵਿੱਚ ਵਿੱਚ ਇਹ ਦੌਰਾ ਦੁਬਾਰਾ ਪੈਣ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ ਤੇ ਦੋ ਸਾਲ ਤਕ ਖ਼ਤਰਾ ਕਾਇਮ ਵੀ ਰਹਿੰਦਾ ਹੈ। ਜਿਨ੍ਹਾਂ ਬੱਚਿਆਂ ਦੇ ਟੱਬਰ ਵਿੱਚ ਅੱਗੇ ਬੁਖ਼ਾਰੀ ਦੌਰੇ ਦਾ ਕੋਈ ਮਰੀਜ਼ ਹੋਵੇ, ਉਨ੍ਹਾਂ ਵਿੱਚ ਵਾਰ ਵਾਰ ਬੁਖ਼ਾਰੀ ਦੌਰੇ ਪੈਣ ਦਾ ਖ਼ਤਰਾ ਵਧ ਜਾਂਦਾ ਹੈ।

ਜੇ ਬੱਚੇ ਨੂੰ ਪਹਿਲਾ ਦੌਰਾ ਡੇਢ ਸਾਲ ਦੀ ਉਮਰ ਤੋਂ ਪਹਿਲਾਂ ਪਿਆ ਹੋਵੇ ਜਾਂ ਢਾਈ ਸਾਲ ਦੀ ਉਮਰ ਤੋਂ ਬਾਅਦ ਪਿਆ ਹੋਵੇ, ਤਾਂ ਵੀ ਦੁਬਾਰਾ ਬੁਖ਼ਾਰੀ ਦੌਰਾ ਪੈਣ ਦੇ ਆਸਾਰ ਵਧ ਜਾਂਦੇ ਹਨ। ਜੇ ਬਹੁਤ ਘੱਟ ਬੁਖ਼ਾਰ 'ਤੇ ਵੀ ਬੱਚੇ ਨੂੰ ਦੌਰਾ ਪੈ ਜਾਵੇ ਤਾਂ ਦੁਬਾਰਾ ਦੌਰਾ ਪੈਣ ਦਾ ਖ਼ਤਰਾ ਵਧ ਜਾਂਦਾ ਹੈ।

ਬੁਖ਼ਾਰੀ ਦੌਰਾ ਤਿੰਨ ਕਿਸਮਾਂ ਦਾ ਹੁੰਦਾ ਹੈ। ਪਹਿਲੀ ਕਿਸਮ ਵਿੱਚ ਇੱਕ ਦੌਰਾ ਪੰਦਰਾਂ ਮਿੰਟ ਤੋਂ ਘਟ ਰਹਿੰਦਾ ਹੈ ਤੇ ਇਸ ਵਿੱਚ ਹੱਥਾਂ ਪੈਰਾਂ ਦੇ ਝਟਕੇ ਵਜਦੇ ਹਨ। ਮੂੰਹ ਵਿੱਚੋਂ ਝੱਗ ਆਉਂਦੀ ਹੈ। ਟੱਟੀ ਪਿਸ਼ਾਬ ਪਜ਼ਾਮੀ ਵਿੱਚ ਨਿਕਲ ਜਾਂਦਾ ਹੈ ਤੇ ਦੌਰਾ ਰੁਕਣ ਤੋਂ ਬਾਅਦ ਬੱਚਾ ਕੁਝ ਦੇਰ ਲਈ ਸੁਸਤ ਪੈ ਜਾਂਦਾ ਹੈ। ਇਹ ਦੌਰਾ ਬੁਖ਼ਾਰ ਦੇ ਦੌਰਾਨ ਵੀ ਚੌਵੀ ਘੰਟਿਆਂ ਵਿੱਚ ਇੱਕ ਵਾਰ

ਤੋਂ ਵਧ ਨਹੀਂ ਪੈਂਦਾ। ਦੂਜੀ ਕਿਸਮ ਦੇ ਦੌਰੇ ਵਿੱਚ ਸਰੀਰ ਦੇ ਇੱਕ ਪਾਸੇ ਦਾ ਦੌਰਾ ਪੈ ਜਾਂਦਾ ਹੈ ਤੇ ਇੱਕ ਦੌਰਾ ਪੰਦਰਾਂ ਮਿੰਟ ਤੋਂ ਵੱਧ ਰਹਿ ਸਕਦਾ ਹੈ। ਕਈ ਵਾਰ ਤਾਂ ਅਜਿਹਾ ਦੌਰਾ ਚੌਵੀ ਘੰਟਿਆਂ ਵਿੱਚ ਦੁਬਾਰਾ ਵੀ ਪੈ ਜਾਂਦਾ ਹੈ। ਇਸ ਦੌਰੇ ਵਿੱਚ ਸਰੀਰ ਦੇ ਇੱਕ ਪਾਸੇ ਦੀ ਥੋੜ੍ਹੀ ਦੇਰ ਲਈ ਕਮਜ਼ੋਰੀ ਵੀ ਹੋ ਜਾਂਦੀ ਹੈ। ਤੀਜੀ ਕਿਸਮ ਦਾ ਦੌਰਾ ਲਗਾਤਾਰ ਅੱਧਾ ਘੰਟਾ ਪੈਂਦਾ ਰਹਿੰਦਾ ਹੈ। ਜੇ ਬੱਚੇ ਨੂੰ ਦੌਰਾ ਦੂਜੀ ਤਾਂ ਤੀਜੀ ਕਿਸਮ ਦਾ ਪਿਆ ਹੋਵੇ ਤਾਂ ਦੁਬਾਰਾ ਦੌਰਾ ਪੈਣ ਦਾ ਖ਼ਤਰਾ ਕਾਫ਼ੀ ਵੱਧ ਹੁੰਦਾ ਹੈ। ਜਿਸ ਬੱਚੇ ਦੀ ਗਰਦਨ ਵਿੱਚ ਅਕੜਾਓ ਹੋ ਰਿਹਾ ਹੋਵੇ, ਦੌਰਾ ਪੈਣ ਤੋਂ ਪਹਿਲਾਂ ਹੀ ਬੇਸੁਰਤ ਹੋ ਰਿਹਾ ਹੋਵੇ ਜਾਂ ਚਿੜਚਿੜਾ ਹੋਵੇ, ਉਲਟੀਆਂ ਲੱਗੀਆਂ ਹੋਣ, ਸਰੀਰ ਤੇ ਦਾਣੇ ਨਿਕਲੇ ਹੋਣ ਜਾਂ ਦੌਰੇ ਤੋਂ ਕਾਫ਼ੀ ਬਾਅਦ ਤਕ ਵੀ ਹੋਸ਼ ਵਿੱਚ ਨਾ ਆਵੇ ਤਾਂ ਬੱਚੇ ਦੀ ਰੀੜ ਦੀ ਹੱਡੀ ਵਿੱਚੋਂ ਪਾਣੀ ਕੱਢ ਕੇ ਟੈਸਟ ਕਰਨਾ ਜ਼ਰੂਰੀ ਹੁੰਦਾ ਹੈ ਕਿ ਕਿਤੇ ਉਸ ਨੂੰ ਦਿਮਾਗੀ ਬੁਖ਼ਾਰ ਜਾਂ ਉਸ ਦੇ ਦਿਮਾਗ ਵਿੱਚ ਕੀਟਾਣੂਆਂ ਦਾ ਹਮਲਾ ਤਾਂ ਨਹੀਂ ਹੋ ਗਿਆ?

ਦੌਰਾ ਪੈਣ 'ਤੇ ਬੱਚੇ ਨੂੰ ਪਾਸਾ ਦੁਆ ਦੇਣਾ ਚਾਹੀਦਾ ਹੈ ਅਤੇ ਠੰਢੇ ਪਾਣੀ ਦੀਆਂ ਪੱਟੀਆਂ ਕਰਨੀਆਂ ਚਾਹੀਦੀਆਂ ਹਨ। ਬੱਚੇ ਦਾ ਮੂੰਹ ਇੱਕ ਪਾਸੇ ਕਰਨਾ ਜ਼ਰੂਰੀ ਹੁੰਦਾ ਹੈ ਤਾਂ ਜੋ ਮੂੰਹ ਅੰਦਰਲੀ ਥੁੱਕ ਸਾਹ ਦੀ ਨਾਲੀ ਵੱਲ ਨਾ ਲੰਘ ਜਾਏ ਤੇ ਬੱਚੇ ਨੂੰ ਸਾਹ ਲੈਣ ਵਿੱਚ ਔਖਿਆਈ ਨਾ ਆਵੇ ਜੋ ਜਾਨਲੇਵਾ ਸਾਬਤ ਹੋ ਸਕਦੀ ਹੈ। ਦੌਰਾ ਰੁਕ ਜਾਣ 'ਤੇ ਬੱਚੇ ਨੂੰ ਇਕਦਮ ਡਾਕਟਰ ਕੋਲ ਲੈ ਜਾਣਾ ਚਾਹੀਦਾ ਹੈ ਤਾਂ ਜੋ ਬੁਖ਼ਾਰ ਦਾ ਇਲਾਜ ਕੀਤਾ ਜਾ ਸਕੇ। ਆਮ ਤੌਰ 'ਤੇ ਦੌਰਾ ਰੋਕਣ ਦੀਆਂ ਦਵਾਈਆਂ ਜ਼ਿਆਦਾ ਦੇਰ ਤਕ ਦੇਣ ਦੀ ਲੋੜ ਨਹੀਂ ਪੈਂਦੀ। ਪਰ, ਜੇ ਚਾਰ ਵਾਰ ਬੁਖ਼ਾਰੀ ਦੌਰਾ ਪੈ ਜਾਵੇ ਤਾਂ ਅਗਲੇਰੀ ਜ਼ਿੰਦਗੀ ਵਿੱਚ ਮਿਰਗੀ ਦਾ ਦੌਰਾ ਪੈਣ ਦਾ ਆਸਾਰ ਵੱਧ ਹੁੰਦਾ ਹੈ ਤੇ ਦੌਰੇ ਰੋਕਣ ਦੀ ਦਵਾਈ ਵੀ ਤਿੰਨ ਸਾਲ ਖੁਆਉਣੀ ਪੈਂਦੀ ਹੈ। ਬੁਖ਼ਾਰੀ ਦੌਰੇ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਬੁਖ਼ਾਰ ਲਾਹੁਣ ਵਾਲੀ ਦਵਾਈ ਹਮੇਸ਼ਾਂ ਕੋਲ ਰੱਖਣੀ ਚਾਹੀਦੀ ਹੈ ਤਾਂ ਜੋ ਬੱਚੇ ਨੂੰ ਤੇਜ਼ ਬੁਖ਼ਾਰ ਚੜ੍ਹਨ ਹੀ ਨਾ ਦਿੱਤਾ ਜਾਵੇ ਤੇ ਠੰਢੀਆਂ ਪੱਟੀਆਂ ਕਰ ਕੇ ਬੁਖ਼ਾਰ ਉਤਾਰਨਾ ਚਾਹੀਦਾ ਹੈ।

ਕੁਝ ਅਜਿਹੇ ਵਹਿਮ ਹਨ ਜੋ ਦੌਰੇ ਵਾਲੇ ਬੱਚਿਆਂ ਵਾਸਤੇ ਜਾਨਲੇਵਾ ਸਾਬਤ ਹੋ ਸਕਦੇ ਹਨ। ਇਹ ਹਨ:

* ਦੌਰੇ ਦੇ ਦੌਰਾਨ ਬੱਚੇ ਦੇ ਮੂੰਹ ਵਿੱਚ ਪਾਣੀ ਪਾਉਣਾ।
* ਦੌਰੇ ਦੇ ਦੌਰਾਨ ਬੱਚੇ ਦਾ ਨੱਕ ਬੰਦ ਕਰ ਦੇਣਾ।
* ਦੰਦਲ ਪੈਣ 'ਤੇ ਚਮਚਾ ਦੰਦਾਂ ਵਿੱਚ ਫਸਾ ਕੇ ਮੂੰਹ ਖੋਲ੍ਹਣਾ।
* ਬੁਖ਼ਾਰ ਦੌਰਾਨ ਪੱਖਾ ਬੰਦ ਕਰ ਕੇ ਕੰਬਲ ਜਾਂ ਰਜਾਈ ਵਿੱਚ ਲਪੇਟ ਦੇਣਾ।
* ਦਵਾਈ ਦੇਣ ਦੀ ਥਾਂ ਝਾੜਾ ਕਰਵਾਉਣਾ।
* ਹਸਪਤਾਲ ਲਿਜਾਉਣ ਦੀ ਬਜਾਏ ਜੁੱਤੀ ਸੁੰਘਾਉਂਦੇ ਰਹਿਣਾ।

ਇੱਕ ਬੁਖ਼ਾਰੀ ਦੌਰੇ ਤੋਂ ਪੀੜ੍ਹਤ ਦੋ ਸਾਲ ਦੇ ਬੱਚੇ ਦੀ ਲਾਸ਼ ਲੈ ਕੇ ਜਦੋਂ ਮਾਪੇ ਹਸਪਤਾਲ ਆਏ ਤਾਂ ਪੁੱਛਣ 'ਤੇ ਪਤਾ ਲੱਗਾ ਕਿ ਉਨ੍ਹਾਂ ਦੇ ਗੁਆਂਢੀ ਨੇ ਬੱਚੇ ਨੂੰ ਦੌਰਾ ਪੈਣ 'ਤੇ ਮੂਧੇ ਮੂੰਹ ਮੰਜੇ ਉੱਤੇ ਪਾਉਣ ਲਈ ਕਹਿ ਦਿੱਤਾ ਸੀ। ਬੱਚੇ ਦੇ ਸਿਰ ਵਾਲੇ ਪਾਸੇ ਲਾਲ ਮਿਰਚਾਂ, ਹਲਦੀ, ਪਿਆਜ਼ ਤੇ ਨਿੰਬੂ ਰੱਖ ਦਿੱਤਾ ਗਿਆ। ਤੀਲਾਂ ਵਾਲੇ ਝਾੜੂ ਨਾਲ ਬੱਚੇ ਦੇ ਪੈਰਾਂ ਨੂੰ ਕੁੱਟਿਆ ਗਿਆ। ਨਤੀਜੇ ਵਜੋਂ ਮੂੰਹ ਵਿੱਚ ਆਈ ਝੱਗ ਅਤੇ ਨੱਕ ਦੱਬੇ ਹੋਣ ਕਰਕੇ ਬੰਦ ਹੋਣ ਕਾਰਨ ਬੱਚੇ ਤੋਂ ਸਾਹ ਹੀ ਨਹੀਂ ਲਿਆ ਗਿਆ ਤੇ ਉਸ ਦੀ ਮੌਤ ਹੋ ਗਈ।

-0-

**ਸਫਾ 8 ਦਾ ਬਾਕੀ**

ਇਕੱਠਾ ਕਰ ਲਿਆ, ਤਾਂ ਕੀ ਇਹ ਜੀਵਨ ਦੀ ਸਫਲਤਾ ਹੈ? ਅਖੀਰ ਇੱਕ ਦਿਨ ਫੜਿਆ ਗਿਆ, ਜਦੋਂ ਸਜ਼ਾ ਹੋਣੀ ਹੈ ਤਾਂ ਓਦੋਂ ਇਕੱਲੇ ਨੂੰ ਜੇਲ੍ਹ ਜਾਣਾ ਪਏਗਾ।

ਦੂਸਰਾ ਅਹਿਮ ਮੁੱਦਾ ਕਿ ਪਰਾਈ ਔਰਤ, ਪਰਾਏ ਮਰਦ ਦਾ ਖ਼ਿਆਲ, ਭਾਵ ਕਾਮਕ ਬਿਰਤੀ ਦਾ ਜਾਗਦੇ ਰਹਿਣਾ, ਰਿਸ਼ਵੱਤਖੋਰੀ ਨਾਲ ਧਨ ਇਕੱਠਾ ਕਰਨਾ ਤੇ ਆਪਣਾ ਘਰ ਹੀ ਵੱਡਾ ਕਰਨ ਦੀ ਤਾਂਘ ਰੱਖਣੀ, ਇਹ ਜੀਵਨ ਵਿਚੋਂ ਸਹਿਜ ਗਵਾ ਦਿੰਦੀਆਂ ਹਨ। ਘਟੀਆ ਖ਼ਿਆਲ ਕਦੇ ਵੀ ਸੁਖ ਨਹੀਂ ਦੇ ਸਕਦੇ। ਇਸ ਸਲੋਕ ਵਿੱਚ ਗੁਰਦੇਵ ਪਿਤਾ ਜੀ ਨੇ ਜ਼ਿੰਦਗੀ ਦੀ ਸਚਾਈ ਨੂੰ ਪ੍ਰਗਟ ਕੀਤਾ ਹੈ। ਪਰਵਾਰ ਚਲਉਣਾ, ਸੰਭਾਲ਼ ਕਰਨੀ, ਮਿਹਨਤ ਕਰਕੇ ਜਾਇਦਾਦ ਬਣਾਉਣੀ ਕੋਈ ਅਵੱਗਿਆ ਨਹੀਂ ਹੈ। ਗੱਲ ਸਮਝ ਕੇ ਘਟੀਆ ਸੋਚ ਨੂੰ ਮਾਰਨ ਦਾ ਯਤਨ ਕਰਨਾ ਹੈ। ਵਿਕਾਰ ਇਨਸਾਨ ਨੂੰ ਉਕਸਾਉਂਦੇ ਹਨ, ਮਨੁੱਖ ਸੁਭਾਵਕ ਫਸਦਾ ਜਾਂਦਾ ਹੈ ਪਰ ਇਹ ਵਿਕਾਰ ਕਦੇ ਵੀ ਨਾਲ ਨਹੀਂ ਨਿਭਦੇ—੫--

1. ਲੋਭ-ਲਾਲਚ, ਆਸਾ-ਤ੍ਰਿਸ਼ਨਾ ਵਾਲਾ ਪਰਵਾਰ ਕਦੇ ਵੀ ਸਾਡਾ ਸਾਥ ਨਹੀਂ ਦੇਵੇਗਾ।
2. ਵਿਸ਼ੇ-ਵਿਕਾਰ ਕਦੇ ਸੰਗੀ ਨਹੀਂ ਬਣਦੇ—ਵਿਸ਼ੇ ਵਿਕਾਰ ਭੋਗਦਿਆਂ ਸਰੀਰ ਵਿੱਚ ਰੋਗ ਪੈਦਾ ਹੋ ਜਾਂਦੇ ਹਨ ਪਰ ਵਿਸ਼ੇ ਵਿਕਾਰ ਓੱਥੇ ਹੀ ਖੜ੍ਹੇ ਹੁੰਦੇ ਹਨ।
3. ਜਿਸ ਦਿਨ ਮਨੁੱਖ ਨੂੰ ਅਸਲੀਅਤ ਟੁੰਬ ਗਈ, ਮਨ ਮਾਰੂ ਨਸ਼ੇ, ਮਾਨਸਿਕ ਬੁਰਾਈਆਂ ਦਾ, ਤਿਆਗ ਕਰ ਦੇਵੇਗਾ।

*ਕਬੀਰ ਐਸਾ ਕੋਈ ਨ ਜਨਮਿਓ ਅਪਨੈ ਘਰਿ ਲਾਵੈ ਆਗਿ ॥*
*ਪਾਂਚਉ ਲਰਿਕਾ ਜਾਰਿ ਕੈ ਰਹੈ ਰਾਮ ਲਿਵ ਲਾਗਿ ॥੪੨॥ (੧੩੬੬)*

-0-

**Continued From page 36**

resounding success for the SikhGurdwaraMovenment and a landmark moment in India's freedom struggle on this victory of Sikhs,Mahatma Gandhi expressed it as “The First Decisive battle of India's freedom had been won” It established the SGPC 's authority and demonstrated the power of organized peaceful resistance, ultimately paving the way for the Gurdwara Act,1925, which gave legal control of historical Gurdwara to the Sikh Community.

The Chabian Da Morcha remains a golden chapter in the Sikh history.It was not just about the physical keys to the Golden Temple but about the keys of faith, freedom and self-respect of the Sikh Panth.The courage, discipline and unity shown by the Sikhs in this movement will continue to inspire generations. It marked the beginning of the Gurdwara ReformMovement that ultimately led to the passing of Sikh Gurdwara Act of 1925,ensuring that sikh Shrines would forever remain under the management of the Sikh Community itself.

-0-

ਸਾਡੀ ਖੇਤੀ

# ਫਲਦਾਰ ਬੂਟੇ ਲਗਾਉਣ ਦੀ ਕਰੋ ਤਿਆਰੀ

ਡਾ. ਰਣਜੀਤ ਸਿੰਘ



ਕੰਪਨੀਆਂ ਵੱਲੋਂ ਕੀਤੇ ਕੂੜ ਪ੍ਰਚਾਰ ਨੇ ਪੰਜਾਬੀਆਂ ਨੂੰ ਦੁੱਧ, ਲੱਸੀ, ਘਿਓ ਤੋਂ ਦੂਰ ਕਰ ਦਿੱਤਾ ਹੈ। ਰਾਤ ਨੂੰ ਸੌਣ ਤੋਂ ਪਹਿਲਾਂ ਦੁੱਧ ਦਾ ਗਲਾਸ ਪੀਣਾ ਬੀਤੇ ਦੀਆਂ ਬਾਤਾਂ ਹੋ ਗਈਆਂ ਹਨ। ਖੇਤਾਂ ਵਿੱਚ ਧੂਣੀ ਬਾਲ਼ ਤਾਜ਼ੀਆਂ ਛੱਲੀਆਂ ਤੋੜ ਭੁੰਨ ਕੇ ਖਾਣੀਆਂ, ਛੋਲਿਆਂ ਦੀਆਂ ਹੋਲਾਂ ਸਭ ਬੀਤੇ ਦੀਆਂ ਬਾਤਾਂ ਬਣ ਗਈਆਂ ਹਨ। ਖੇਤ ਵਿੱਚੋਂ ਮੂਲੀ, ਗਾਜਰ ਪੁੱਟ, ਖਰਬੂਜ਼ੇ, ਹਦਵਾਣੇ ਅਤੇ ਤਰ ਤੋੜ ਖੂਹ 'ਤੇ ਬੈਠ ਖਾਣ ਦਾ ਵੀ ਰਿਵਾਜ ਨਹੀਂ ਰਿਹਾ। ਮਸ਼ੀਨਾਂ ਦੇ ਆਉਣ ਨਾਲ ਖੇਤਾਂ ਵਿੱਚ ਹੱਥੀਂ ਕਰਨ ਵਾਲੇ ਕੰਮ ਵੀ ਨਹੀਂ ਰਹੇ। ਪੰਜਾਬੀ ਜਿਹੜੇ ਆਪਣੀ ਜਿਸਮਾਨੀ ਤਾਕਤ ਲਈ ਸਾਰੇ ਸੰਸਾਰ ਵਿੱਚ ਪ੍ਰਸਿੱਧ ਸਨ, ਹੁਣ ਕੁਪੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਸੰਤੁਲਿਤ ਭੋਜਨ ਲਈ ਜਿੱਥੇ ਬੰਬੀ ਦੇ ਲਾਗੇ ਕੁਝ ਰਕਬੇ ਵਿੱਚ ਸਬਜ਼ੀਆਂ ਦੀ ਕਾਸ਼ਤ ਜ਼ਰੂਰੀ ਹੈ, ਉੱਥੇ ਦੋ ਚਾਰ ਫ਼ਲਦਾਰ ਬੂਟੇ ਲਗਾਉਣੇ ਵੀ ਚਾਹੀਦੇ ਹਨ। ਕਦੇ ਪੰਜਾਬ ਵਿੱਚ ਫ਼ਲਦਾਰ ਰੁੱਖਾਂ ਦੇ ਬਗੀਚੇ ਆਮ ਹੁੰਦੇ ਸਨ, ਪਰ ਹੁਣ ਇਨ੍ਹਾਂ ਹੇਠ ਰਕਬਾ ਬਹੁਤ ਘਟ ਗਿਆ ਹੈ। ਸੂਬੇ ਵਿੱਚ ਮਸਾਂ ਇੱਕ ਲੱਖ ਹੈਕਟੇਅਰ ਹੀ ਫ਼ਲਾਂ ਹੇਠ ਹੈ ਜਿਸ ਵਿੱਚੋਂ ਵੀ ਅੱਧਾ ਰਕਬਾ ਕਿੰਨੂ ਦੇ ਬਗੀਚਿਆਂ ਹੇਠ ਹੈ। ਜਾਮਣ ਅਤੇ ਬੇਰਾਂ ਦੇ ਰੁੱਖ ਆਮ ਹੁੰਦੇ ਸਨ ਤੇ ਇਨ੍ਹਾਂ ਨੂੰ ਤੋੜਨ ਦੀ ਮਨਾਹੀ ਵੀ ਨਹੀਂ ਸੀ। ਹੁਣ ਇਹ ਦੋਵੇਂ ਫ਼ਲ ਸਭ ਤੋਂ ਵੱਧ ਮਹਿੰਗੇ ਹਨ। ਮਲਿਆਂ ਵਾਲੇ ਬੇਰਾਂ ਦੀਆਂ ਝਾੜੀਆਂ ਆਮ ਹੁੰਦੀਆਂ ਹਨ, ਪਰ ਹੁਣ ਉਹ ਵੀ ਲੋਪ ਹੋ ਗਏ ਹਨ।

ਫ਼ਲ ਕੁਦਰਤ ਵੱਲੋਂ ਬਖ਼ਸ਼ੇ ਸਾਡੇ ਸੰਤੁਲਿਤ ਭੋਜਨ ਲਈ ਵਰਦਾਨ ਹਨ। ਜੇਕਰ ਭੋਜਨ ਨਾਲ ਇਨ੍ਹਾਂ ਦੀ ਰੋਜ਼ਾਨਾ ਵਰਤੋਂ ਕੀਤੀ ਜਾਵੇ ਤਾਂ ਮਨੁੱਖੀ ਸਰੀਰ ਬਹੁਤ ਸਾਰੀਆਂ ਬਿਮਾਰੀਆਂ ਦਾ ਟਾਕਰਾ ਕਰਨ ਦੇ ਸਮਰੱਥ ਹੋ ਜਾਂਦਾ ਹੈ। ਫ਼ਲਾਂ ਵਿੱਚ ਮਨੁੱਖੀ ਸਰੀਰ ਲਈ ਲੋੜੀਂਦੇ ਵਿਟਾਮਿਨ ਤੇ ਧਾਤਾਂ ਹੁੰਦੀਆਂ ਹਨ। ਫ਼ਲਾਂ ਦੇ ਪੂਰੇ ਖ਼ੁਰਾਕੀ ਤੱਤ ਤਾਜ਼ੇ ਫ਼ਲਾਂ ਤੋਂ ਹੀ ਪ੍ਰਾਪਤ ਹੁੰਦੇ ਹਨ। ਆਮ ਲੋਕੀਂ ਫ਼ਲਾਂ ਦੀ ਵਰਤੋਂ ਘਟ ਕਰਦੇ ਹਨ। ਇਸ ਵਾਰ ਤਾਂ ਇਨ੍ਹਾਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਬਾਜ਼ਾਰ ਵਿੱਚ ਮਿਲਣ ਵਾਲੇ ਫ਼ਲ ਕਈ ਵਾਰ ਰਸਾਇਣਾਂ ਨਾਲ ਪਕਾਏ ਹੁੰਦੇ ਹਨ। ਉਂਝ ਵੀ ਰੇੜੀਆਂ ਉਤੇ ਖੁੱਲ੍ਹੇ ਵਿੱਚ ਫ਼ਲਾਂ ਉਤੇ ਮਿੱਟੀ ਤੇ ਹੋਰ ਕੀਟਾਣੂ ਆ ਜਾਂਦੇ ਹਨ। ਅੱਧੀ ਸਦੀ ਪਹਿਲਾਂ ਪੰਜਾਬ ਵਿੱਚ ਫ਼ਲਾਂ ਦੇ ਰੁੱਖ ਚੋਖੀ ਗਿਣਤੀ ਵਿੱਚ ਹੁੰਦੇ ਸਨ। ਆਮ ਕਰਕੇ ਖੂਹਾਂ ਲਾਗੇ ਇੱਕ ਦੋ ਫ਼ਲਦਾਰ ਬੂਟੇ ਤਾਂ ਕਿਸਾਨ ਲਗਾ ਹੀ ਲੈਂਦੇ ਸਨ। ਦੁਆਬੇ ਵਿੱਚ ਅੰਬਾਂ ਦੇ ਬਗੀਚੇ ਹਨ। ਅਮਰੂਦ, ਬੇਰੀਆਂ ਤੇ ਜਾਮਣ ਦੇ ਰੁੱਖ ਵੀ ਆਮ ਹੀ ਹੁੰਦੇ ਹਨ। ਇਹ ਸਾਰੇ ਖ਼ੁਰਾਕੀ ਤੱਤਾਂ ਨਾਲ ਭਰਪੂਰ ਫ਼ਲ ਹਨ। ਪੰਜਾਬ ਵਿੱਚ ਹੋਈ ਮੁਰੱਬਾਬੰਦੀ ਦੇ ਜਿੱਥੇ ਲਾਭ ਤਾਂ ਬਹੁਤ ਹੋਏ, ਪਰ ਰੁੱਖਾਂ ਦੀ ਕਟਾਈ ਵੀ ਹੋਈ। ਬਾਗ਼ ਲਗਾਉਣ ਤੋਂ ਆਮ ਲੋਕੀਂ ਘਬਰਾਉਂਦੇ ਹਨ ਕਿਉਂਕਿ ਬੂਟਿਆਂ ਦੀ ਵਿਸ਼ੇਸ਼ ਸਾਂਭ ਸੰਭਾਲ ਕਰਨੀ ਪੈਂਦੀ ਹੈ, ਪਰ ਘਰ ਦੀ ਵਰਤੋਂ ਲਈ ਬੰਬੀ ਲਾਗੇ ਦੋ ਤਿੰਨ ਫ਼ਲਦਾਰ ਰੁੱਖ ਜ਼ਰੂਰ ਲਗਾਉਣੇ ਚਾਹੀਦੇ ਹਨ ਤਾਂ ਜੋ ਆਪਣੇ ਖੇਤਾਂ ਦੇ ਤਾਜ਼ੇ ਤੇ ਜ਼ਹਿਰ ਰਹਿਤ ਫ਼ਲਾਂ ਨੂੰ ਖਾਣ ਦਾ ਅਨੰਦ ਮਾਣਿਆ ਜਾ ਸਕੇ। ਫਰਵਰੀ-ਮਾਰਚ ਸਦਾਬਹਾਰ ਨਵੇਂ ਬੂਟੇ ਲਗਾਉਣ ਲਈ ਢੁੱਕਵਾਂ ਸਮਾਂ ਹੈ। ਆਪਣੇ ਖੇਤ ਵਿੱਚ ਅੰਬ, ਅਮਰੂਦ, ਬੇਰੀ, ਕਿੰਨੂ, ਨਿੰਬੂ ਤੇ ਜਾਮਣ ਆਦਿ ਦੇ ਬੂਟੇ ਲਗਾ ਲੈਣੇ ਚਾਹੀਦੇ ਹਨ।



ਕਿੰਨੂ ਦੇ ਬਹੁਤੇ ਬਗੀਚੇ ਮਾਲਵੇ ਅਤੇ ਹੁਸ਼ਿਆਰਪੁਰ ਵਿਖੇ ਹਨ, ਪਰ ਬੰਬੀ ਲਾਗੇ ਇੱਕ ਬੂਟਾ ਤਾਂ ਲਗਾਇਆ ਹੀ ਜਾ ਸਕਦਾ ਹੈ। ਪੀਏਯੂ-ਕਿੰਨੂ-1 ਕਿਸਮ ਦਾ ਬੂਟਾ ਲਗਾਵੋ ਕਿਉਂਕਿ ਇਸ ਵਿੱਚ ਬੀਜ ਬਹੁਤ ਘੱਟ ਹੁੰਦੇ ਹਨ। ਨਿੰਬੂ ਦੀ ਵਰਤੋਂ ਤਾਂ ਸਾਰਾ ਸਾਲ ਘਰ ਵਿੱਚ ਹੁੰਦੀ ਹੈ। ਇਸ ਦਾ ਇੱਕ ਬੂਟਾ ਵੀ ਲਗਾਇਆ ਜਾ ਸਕਦਾ ਹੈ। ਪੰਜਾਬ ਬਾਰਾਮਾਸੀ ਨਿੰਬੂ, ਪੀਏਯੂ ਬਾਰਾਮਾਸੀ ਨਿੰਬੂ-1 ਅਤੇ ਕਾਗਜ਼ੀ ਇਸ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਹਨ। ਅਮਰੂਦ ਹਰੇਕ ਥਾਂ ਹੋ ਜਾਂਦਾ ਹੈ। ਇਸ ਕਰਕੇ ਇਸ ਦਾ ਇੱਕ ਬੂਟਾ ਜ਼ਰੂਰ ਲਗਾਵੋ। ਇਹ ਵਿਟਾਮਿਨ ਸੀ ਅਤੇ ਐਂਟੀਔਕਸੀਡੈਂਟ ਦਾ ਵਧੀਆ ਸੋਮਾ ਹੈ। ਘੱਟ ਬੀਜ ਲਈ ਸ਼ਵੇਤਾ ਅਤੇ ਲਾਲ ਗੁੱਦੇ ਲਈ ਪੰਜਾਬ ਪਿੰਕ ਕਿਸਮਾਂ ਦੇ ਬੂਟੇ ਲਗਾਵੋ। ਪੰਜਾਬ ਐਪਲ ਅਮਰੂਦ, ਪੰਜਾਬ ਕਿਰਨ ਤੇ ਪੰਜਾਬ ਸਫ਼ੈਦਾ ਹੋਰ ਸਿਫਾਰਸ਼ ਕੀਤੀਆਂ ਕਿਸਮਾਂ ਹਨ। ਇੱਕ ਬੂਟੇ ਤੋਂ ਇੱਕ ਕੁਇੰਟਲ ਤੋਂ ਵੱਧ ਫ਼ਲ ਪ੍ਰਾਪਤ ਹੋ ਜਾਂਦਾ ਹੈ। ਅੰਬ ਨੂੰ ਫ਼ਲਾਂ ਦਾ ਰਾਜਾ ਮੰਨਿਆ ਜਾਂਦਾ ਹੈ। ਕਦੇ ਦੁਆਬੇ ਨੂੰ ਚੂਪਣ ਵਾਲੇ ਅੰਬਾਂ ਦਾ ਘਰ ਮੰਨਿਆ ਜਾਂਦਾ ਸੀ। ਇਸੇ ਕਰਕੇ ਆਖਿਆ ਜਾਂਦਾ ਸੀ, 'ਅੰਬੀਆਂ ਨੂੰ ਤਰਸੇਂਗੀ, ਛੱਡ ਕੇ ਦੇਸ਼ ਦੁਆਬਾ।' ਹੁਣ ਤਾਂ ਬਹੁਤੇ ਰੁੱਖ ਕੱਟੇ ਗਏ ਹਨ। ਪੰਜਾਬ ਵਿੱਚ ਕਾਸ਼ਤ ਲਈ ਕਲਮੀ ਅੰਬਾਂ ਦੀਆਂ ਅਲਫ਼ੈਂਜੋ, ਦੁਸਹਿਰੀ ਤੇ ਲੰਗੜਾ ਕਿਸਮ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਚੂਪਣ ਵਾਲੇ ਅੰਬਾਂ ਵਿੱਚ ਗੰਗੀਆਂ ਸੰਧੂਰੀ ਕਿਸਮ ਨੂੰ ਵਧੀਆ ਮੰਨਿਆ ਜਾਂਦਾ ਹੈ। ਇਸ ਤੋਂ ਬਗੈਰ ਜੀਐੱਨ-1 ਤੋਂ ਜੀਐੱਨ-7 ਤੱਕ ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਬੇਰਾਂ ਨੂੰ ਗਰੀਬਾਂ ਦਾ ਫ਼ਲ ਆਖਿਆ ਜਾਂਦਾ ਸੀ, ਪਰ ਹੁਣ ਤਾਂ ਇਸ ਦੀ ਕੀਮਤ ਵਿੱਚ ਵੀ ਚੋਖਾ ਵਾਧਾ ਹੋਇਆ ਹੈ। ਬੇਰ ਵਿੱਚ ਵਿਟਾਮਿਨ ਸੀ, ਪ੍ਰੋਟੀਨ, ਕੈਲਸ਼ੀਅਮ, ਲੋਹਾ ਅਤੇ ਫਾਸਫੋਰਸ ਹੁੰਦੇ ਹਨ। ਉਮਰਾਨ ਕਿਸਮ ਦਾ ਸਭ ਤੋਂ ਵਧ ਝਾੜ ਦਿੰਦਾ ਹੈ। ਵਲੈਤੀ ਅਤੇ ਸਨੌਰ-2 ਕਿਸਮਾਂ ਦੀ ਵੀ ਸਿਫਾਰਸ਼ ਕੀਤੀ ਗਈ ਹੈ। ਉਮਰਾਨ ਦੇ ਇੱਕ ਬੂਟੇ ਤੋਂ ਦੋ ਕੁਇੰਟਲ ਝਾੜ ਪ੍ਰਾਪਤ ਹੋ ਜਾਂਦਾ ਹੈ। ਪੰਜਾਬ ਦੇ ਨੀਮ ਪਹਾੜੀ ਇਲਾਕਿਆਂ ਵਿੱਚ ਲੀਚੀ ਦੀ ਵੀ ਕਾਸ਼ਤ ਕੀਤੀ ਜਾ ਸਕਦੀ ਹੈ। ਦੇਹਰਾਦੂਨ, ਕਲਕੱਤੀਆ ਅਤੇ ਸੀਡਲੈੱਸ ਲੇਟ ਸਿਫਾਰਸ਼ ਕੀਤੀਆਂ ਕਿਸਮਾਂ ਹਨ। ਪੰਜਾਬ ਵਿੱਚ ਆਂਵਲੇ ਦਾ ਅਚਾਰ ਅਤੇ ਮੁਰੱਬਾ ਬਹੁਤ ਪਸੰਦ ਕੀਤਾ ਜਾਂਦਾ ਹੈ। ਉਹ ਵਿਟਾਮਿਨ ਸੀ, ਪੈਕਟੀਨ ਅਤੇ ਖਣਿਜ ਪਦਾਰਥਾਂ ਦਾ ਮੁੱਖ ਸੋਮਾ ਹੈ। ਬਲਵੰਤ, ਨੀਲਮ ਅਤੇ ਕੰਚਨ ਸਿਫਾਰਸ਼ ਕੀਤੀਆਂ ਕਿਸਮਾਂ ਹਨ।

ਨੀਮ ਪਹਾੜੀ ਇਲਾਕਿਆਂ ਵਿੱਚ ਚੀਕੂ ਦੇ ਬੂਟੇ ਵੀ ਸਫਲਤਾਪੂਰਵਕ ਉਗਾਏ ਜਾ ਸਕਦੇ ਹਨ। ਚੀਕੂ ਕਾਰਬੋਹਾਈਡ੍ਰੇਟ, ਚਰਬੀ, ਕੈਲਸ਼ੀਅਮ, ਫਾਸਫੋਰਸ, ਲੋਹਾ ਅਤੇ ਰੇਸ਼ੇ ਦਾ ਵਧੀਆ ਸੋਮਾ ਹੈ। ਇਸ ਦੀਆਂ ਕਾਲੀ ਪੱਤੀ ਅਤੇ ਕ੍ਰਿਕਟ ਬਾਲ ਸਿਫਾਰਸ਼ ਕੀਤੀਆਂ ਕਿਸਮਾਂ ਹਨ। ਇਹ ਵੱਡੇ ਰੁੱਖ ਬਣ ਜਾਂਦੇ ਹਨ ਤੇ ਇੱਕ ਬੂਟੇ ਤੋਂ 1.5 ਕੁਇੰਟਲ ਤੋਂ ਵੱਧ ਫ਼ਲ ਪ੍ਰਾਪਤ ਹੋ ਜਾਂਦਾ ਹੈ। ਬਰਸਾਤ ਵਿੱਚ ਲੁਕਾਠ ਦੇ ਬੂਟੇ ਵੀ ਲਗਾਏ ਜਾ ਸਕਦੇ ਹਨ। ਇਹ ਅਪਰੈਲ ਵਿੱਚ ਪੱਕ ਜਾਂਦਾ ਹੈ ਜਦੋਂ ਬਾਜ਼ਾਰ ਵਿੱਚ ਹੋਰ ਫ਼ਲ ਨਹੀਂ ਹੁੰਦੇ। ਇਸ ਦੀਆਂ ਕੈਲੀਫੋਰਨੀਆ ਐਡਵਾਂਸ, ਗੋਲਡਨ ਯੈਲੋ, ਪੇਲਯੈਲੋ ਉੱਨਤ ਕਿਸਮਾਂ ਹਨ। ਖੁਸ਼ਕ ਇਲਾਕਿਆਂ ਵਿੱਚ ਖਜੂਰ ਦੇ ਬੂਟੇ ਵੀ ਲਗਾਏ ਜਾ ਸਕਦੇ ਹਨ। ਹਲਾਵੀ ਅਤੇ ਬਰੀ ਇਸ ਦੀਆਂ ਸਿਫਾਰਸ਼ ਕੀਤੀਆਂ ਗਈਆਂ ਕਿਸਮਾਂ ਹਨ। ਬਿਲ ਇੱਕ ਹੋਰ ਅਜਿਹਾ ਫ਼ਲ ਹੈ। ਇਸ ਵਿੱਚ ਰਾਈਬੋਫਲੇਵਿਨ, ਵਿਟਾਮਿਨ ਏ ਅਤੇ ਕਾਰਬੋਹਾਈਡ੍ਰੇਟ ਹੁੰਦੇ **ਬਾਕੀ ਸਫਾ 42 'ਤੇ**

# ਗੁਰਮਤਿ ਸੰਜੋਗ

ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।



## ਲਾੜੀ ਦੀ ਲੋੜ

**ਫਾਰਮ ਨੰ. 303**

ਲੁਧਿਆਣਾ ਵਾਸੀ ਗੁਰਸਿੱਖ, ਜਨਮ ਮਿਤੀ 11-12-82, ਕੱਦ 5'-8", Qualification BHMS, MD, ਹੋਮਿਉਪੈਥੀ ਡਾਕਟਰ ਆਪਣਾ ਕਲੀਨਿਕ ਲਈ ਯੋਗ ਕੰਨਿਆ ਦੀ ਲੋੜ ਹੈ। ਸੰਪਰਕ: 94639-11443, 94640-39043

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

**ਫਾਰਮ ਨੰ. 387:** ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

**ਫਾਰਮ ਨੰ. 388:** ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

**ਫਾਰਮ ਨੰ. 389:** ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

**ਫਾਰਮ ਨੰ. 390:** ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

**ਫਾਰਮ ਨੰ. 391:** ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

**ਫਾਰਮ ਨੰ. 391:** ਸਰਹਿੰਦ ਵਾਸੀ, ਜਨਮ ਮਿਤੀ 14-11-1993, ਕੱਦ 5'-10", Qualification B.Com, Private Job Assistant Agriculture Department ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ 95404-89803

**ਫਾਰਮ ਨੰ. 392:** ਲੁਧਿਆਣਾ ਵਾਸੀ, ਜਨਮ ਮਿਤੀ 12-11-94, ਕੱਦ 5'-4", Qualification B.com, MBA, Business, ਲਈ ਯੋਗ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98885-17812

**ਫਾਰਮ ਨੰ. 393:** ਹਰੀਕੇ (ਤਰਨਤਾਰਨ) ਵਾਸੀ, ਜਨਮ ਮਿਤੀ 28-4-1993, ਕੱਦ 5'-7" ਪੜ੍ਹਾਈ B.A., Art & Craft Diploma 2 years, Self Employee ਗੁਰਸਿੱਖ ਅੰਮ੍ਰਿਤਧਾਰੀ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ: 9876738466

**ਫਾਰਮ ਨੰ. 395:** ਲੁਧਿਆਣਾ ਵਾਸੀ, ਜਨਮ ਮਿਤੀ 2 ਅਪ੍ਰੈਲ 1992, ਕੱਦ 5'-8", ਪੜ੍ਹਾਈ MA (Pol Science), ਆਪਣਾ ਕਾਰੋਬਾਰ, ਆਮਦਨ 1.50 ਲੱਖ ਮਹੀਨਾ, ਗੁਰਸਿੱਖ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 78891-78322, 98155-68161 (ਵਟਸਐਪ)

**ਫਾਰਮ ਨੰ. 396:** ਹੁਸ਼ਿਆਰਪੁਰ ਵਾਸੀ, ਜਨਮ ਮਿਤੀ 27-08-1994, ਕੱਦ 6'-1", MBBS Doctor, Currently working on CMO post in ESI Hospital Delhi, ਅੰਮ੍ਰਿਤਧਾਰੀ ਲੜਕੇ ਲਈ ਯੋਗ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ : 94170-41847

**ਫਾਰਮ ਨੰ. 398:** ਲੁਧਿਆਣਾ ਵਾਸੀ, ਜਨਮ ਮਿਤੀ 20-12-1994, ਕੱਦ 5'-6", B.com, Business Electrical Shop, Income 8-10 Lacs Per Annum, ਅੰਮ੍ਰਿਤਧਾਰੀ ਲੜਕੇ ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ : 90447-72948 -0-

**ਫਾਰਮ ਨੰ. 399:** ਫਗਵਾੜਾ ਵਾਸੀ, ਜਨਮ ਮਿਤੀ 1999, ਕੱਦ 6'-2", 10+2, 50 ਏਕੜ ਜ਼ਮੀਨ, ਅਮਰੀਕਾ ਤੇ ਕੈਨੇਡਾ ਦਾ 10 ਸਾਲਾ ਵੀਜ਼ਾ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 99140-08017 -0-

## ਲਾੜੇ ਦੀ ਲੋੜ

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 394:** ਲੁਧਿਆਣਾ ਵਾਸੀ, ਜਨਮ 1982, B.A., Fashion Designer ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 99153-12064

**ਫਾਰਮ ਨੰ. 397:** ਹੁਸ਼ਿਆਰਪੁਰ ਵਾਸੀ, ਜਨਮ ਮਿਤੀ 13-09-1993, ਕੱਦ 5'-7" MBBS Doctor, Currently working in Apollo Hospital, Delhi ਲਈ ਯੋਗ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ : 94170-41847

-0-

# ਦਸੰਬਰ ਮਹੀਨੇ ਦੀਆਂ ਸਰਗਰਮੀਆਂ

**ਮਾਝਾ:-**

**1. ਮਾਲੂਵਾਲ (98885-20250)-** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 8 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇੱਕ ਸਕੂਲ ਵਿੱਚ ਸੋਮਵਾਰ ਤੋਂ ਸ਼ਨੀਵਾਰ ਤੱਕ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਵੱਖ-ਵੱਖ ਪਿੰਡਾਂ ਵਿੱਚ ਸ਼ਹੀਦੀ ਪੰਦਰਵਾੜੇ ਨੂੰ ਸਮਰਪਿਤ ਹੋਏ ਸਮਾਗਮਾਂ ਵਿੱਚ ਭਾਈ ਨਿਰਮਲ ਸਿੰਘ ਵਲੋਂ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ।

**2. ਤਰਨਤਾਰਨ (94654-93275)-** ਕੇਂਦਰ ਦੇ ਪ੍ਰਚਾਰਕ ਭਾਈ ਦਵਿੰਦਰ ਸਿੰਘ ਵਲੋਂ ਇੱਕ ਸਕੂਲ ਤੇ 3 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਹਰ ਐਤਵਾਰ ਨੂੰ ਪਿੰਡ ਰੂੜੇ ਆਸਲ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਪੱਟੀ ਸ਼ਹਿਰ ਅਤੇ ਪਿੰਡ ਵਣਿੰਗ ਵਿਖੇ ਗੁਰਮਤਿ ਵਿਚਾਰਾਂ ਕੀਤੀਆਂ ਗਈਆਂ।

**3. ਪਰਿੰਗੜੀ (95923-67125, 98718-09216)-** ਕੇਂਦਰ ਦੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਵਲੋਂ ਹਰ ਐਤਵਾਰ ਨੂੰ ਬੱਚਿਆਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਹਰ ਸ਼ਨਿਚਰਵਾਰ ਨੂੰ ਗ੍ਰੰਥੀ ਸਿੰਘ ਭਾਈ ਜਸਵਿੰਦਰ ਸਿੰਘ ਗੁਰਬਾਣੀ ਸੰਥਿਆ ਦੀ ਕਲਾਸ ਲਗਾਉਂਦੇ ਹਨ। ਦੋਵੇਂ ਦਿਨਾਂ ਵਿੱਚ ਤਕਰੀਬਨ 30-40 ਵਿਦਿਆਰਥੀ ਹਾਜ਼ਰੀ ਭਰਦੇ ਹਨ।

**ਮਾਲਵਾ:-**

**4. ਪਟਿਆਲਾ (87289-34413)-** ਪ੍ਰਚਾਰਕ ਬੀਬੀ ਬਲਜੀਤ ਕੌਰ ਵਲੋਂ ਪਿੰਡ ਅਨਾਇਤਪੁਰ ਵਿਖੇ ਹਰ ਰੋਜ ਬੱਚਿਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਬੱਚਿਆਂ ਵਲੋਂ ਸ਼ਾਮ ਦੇ ਦੀਵਾਨਾਂ ਦੀ ਸੇਵਾ ਨਿਭਾਈ ਜਾਂਦੀ ਹੈ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਿਆਲਬੰਦ ਬਿਲਾਸਪੁਰ, ਛੱਤੀਸਗੜ੍ਹ ਵਿਖੇ ਗੁਰਮਤਿ ਸਿੱਖਿਆ ਕੈਂਪ ਵਿੱਚ ਹਾਜ਼ਰੀ ਭਰੀ ਗਈ। 5 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**5. ਪਟਿਆਲਾ (88378-04927)-** ਪ੍ਰਚਾਰਕ ਬੀਬੀ ਸੁਖਮਨੀ ਕੌਰ ਵਲੋਂ ਪਿੰਡ ਦੀਆਂ ਕਲਾਸਾਂ ਤੋਂ ਇਲਾਵਾ ਸਕੂਲਾਂ ਵਿੱਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਸਵੇਰ ਅਤੇ ਸ਼ਾਮ ਦੇ ਦੀਵਾਨਾਂ ਦੀ ਡਿਊਟੀ ਕੇਂਦਰ ਦੇ ਬੱਚਿਆਂ ਵਲੋਂ ਨਿਭਾਈ ਜਾਂਦੀ ਹੈ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਿਆਲਬੰਦ ਬਿਲਾਸਪੁਰ, ਛੱਤੀਸਗੜ੍ਹ ਵਿਖੇ ਗੁਰਮਤਿ ਸਿੱਖਿਆ ਕੈਂਪ ਵਿੱਚ ਹਾਜ਼ਰੀ ਭਰੀ ਗਈ। ਕਲਾਸਾਂ ਵਿਚ ਬੱਚਿਆਂ ਨੂੰ ਕੇਸਾਂ ਦੀ ਸੰਭਾਲ, ਬਾਣੀ ਨਾਲ ਜੁੜਨਾ ਅਤੇ ਐਲੀਮੈਂਟਰੀ ਕੋਰਸ ਸੰਬੰਧੀ ਜਾਣਕਾਰੀ ਦਿਤੀ ਜਾਂਦੀ ਹੈ। ਹਰ ਰੋਜ਼ ਵਿਦਿਆਰਥੀਆਂ ਦੀ ਦਸਤਾਰ ਸਿਖਲਾਈ ਅਤੇ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ, 2 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**6. ਗਰੇਸ ਪਬਲਿਕ ਸਕੂਲ (98149-25551)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਗਰੇਸ ਪਬਲਿਕ ਸਕੂਲ ਵਿਖੇ ਸਵੇਰ ਦੀ ਸਭਾ ਵਿੱਚ ਜਪੁ ਜੀ ਸਾਹਿਬ ਦਾ ਪਾਠ ਕਰਵਾਇਆ ਜਾਂਦਾ ਹੈ। ਗੁਰਮਤਿ ਦੀ ਵਿਦਿਆ ਦੇ ਨਾਲ ਨਾਲ ਸਕੂਲ ਵਿਚ ਬੱਚਿਆਂ ਨੂੰ ਨੈਤਿਕ ਵਿਦਿਆ ਵੀ ਦਿੱਤੀ ਜਾਂਦੀ ਹੈ। ਸ਼ਹੀਦੀ ਦਿਹਾੜੇ ਸੰਬੰਧੀ ਕਰਵਾਏ ਗਏ ਸਮਾਗਮ ਵਿੱਚ ਬੱਚਿਆਂ ਵਲੋਂ ਜਪੁ ਜੀ ਸਾਹਿਬ ਦੇ ਪਾਠ ਕੀਤੇ ਗਏ, ਕਵਿਤਾਵਾਂ ਬੋਲੀਆਂ ਗਈਆਂ। ਨਾਨਕਸ਼ਾਹੀ ਕੈਲੰਡਰ ਅਨੁਸਾਰ ਜਨਮ ਦਿਵਸ ਸਾਹਿਬਜ਼ਾਦਾ ਫਤਹਿ ਸਿੰਘ, ਸਾਕਾ ਸਰਹੰਦ, ਸਾਕਾ ਚਮਕੌਰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਅਤੇ ਸਿੱਖੀ ਸਰੂਪ ਵਿਸ਼ਿਆਂ ਦੇ ਅਸੈਂਬਲੀ ਵਿਚ ਲੈਕਚਰ ਕੀਤੇ ਗਏ। ਸਕੂਲ ਵਿੱਚ ਬੱਚਿਆਂ ਨੂੰ ਸ੍ਰੀ ਸਹਿਜ ਪਾਠ ਵੀ ਕਰਵਾਏ ਜਾਂਦੇ ਹਨ। 44 ਬੱਚਿਆਂ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ, 27 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 4 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**7. ਮਹਾਂ ਸਿੰਘ ਨਗਰ (98149-25551)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਗੁਰਦੁਆਰਾ ਬਾਬਾ ਫਤਹਿ ਸਿੰਘ ਜੀ ਵਿਖੇ ਬੱਚਿਆਂ ਦੀ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ, ਜਿਸ ਵਿਚ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਿਆ ਜਾਂਦਾ ਹੈ। ਬੱਚਿਆਂ ਨੂੰ ਗੁਰਮਤਿ ਵਿਦਿਆ ਦੇ ਨਾਲ ਨਾਲ ਨੈਤਿਕ ਸਿੱਖਿਆ ਵੀ ਦਿੱਤੀ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਗੁਰਦੁਆਰਾ ਸਾਹਿਬ ਵਿਖੇ ਮਨਾਇਆ ਗਿਆ, ਜਿਸ ਵਿਚ ਬੱਚਿਆਂ ਨੇ ਕਵਿਤਾਵਾਂ ਅਤੇ ਕਵੀਸ਼ਰੀ ਨਾਲ ਸਾਂਝ ਪਾਈ। 3 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**8. ਲਤਾਲਾ (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ ਸਫਰ ਏ ਸ਼ਹਾਦਤ ਨੂੰ ਸਮਰਪਿਤ ਵੱਖ ਵੱਖ ਸਕੂਲਾਂ ਵਿੱਚ ਕਰਵਾਏ ਸਮਾਗਮਾਂ ਵਿਚ ਇਤਿਹਾਸਕ ਵਿਚਾਰਾਂ ਕੀਤੀਆਂ ਗਈਆਂ। ਸਫਰ ਏ ਸ਼ਹਾਦਤ ਨੂੰ ਸਮਰਪਿਤ ਮਿਡਲ ਸਕੂਲ ਰਾਜਗੜ੍ਹ ਤੇ ਹਾਈ ਸਕੂਲ ਰੰਗੂਵਾਲ ਵਿਖੇ ਸੈਮੀਨਾਰ ਤੋਂ ਬਾਅਦ ਬੱਚਿਆਂ ਨੂੰ ਧਾਰਮਿਕ ਲਿਟਰੇਚਰ ਵੰਡਿਆ ਗਿਆ। 10 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਅਤੇ 5 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**ਦੁਆਬਾ**

**9. ਅੱਪਰਾ (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ ਵਲੋਂ ਹਰ ਹਫਤੇ 6 ਪਿੰਡਾਂ ਵਿੱਚ ਅਤੇ 3 ਸਕੂਲਾਂ ਵਿੱਚ ਗੁਰਬਾਣੀ ਸੰਥਿਆ ਅਤੇ ਨੈਤਿਕ ਸਿੱਖਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਮਤਿ ਅਤੇ ਧਾਰਮਿਕ ਸਿੱਖਿਆ ਦਿੱਤੀ ਜਾਂਦੀ ਹੈ। ਪਿੰਡ ਲੁਹਾਰਾ ਵਿਖੇ ਬੱਚਿਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਦੋ ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਗਏ ਅਤੇ 15 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**10. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਵਿਚ ਬੱਚਿਆਂ ਵਲੋਂ ਕਵਿਤਾ, ਕਵੀਸ਼ਰੀ ਅਤੇ ਲੈਕਚਰ ਪੇਸ਼ ਕੀਤਾ ਗਿਆ। ਹਾਜ਼ਰੀ ਭਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਸੈਂਟ ਜੋਨਸ ਅਕੈਡਮੀ ਸ਼ੰਕਰ ਵਿਖੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਗਏ। 2 ਗੁਰਦੁਆਰਿਆਂ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਕੇਂਦਰ ਵਿਖੇ ਗੁਰਮਤਿ ਕਲਾਸ ਦੇ ਨਾਲ-ਨਾਲ ਕੀਰਤਨ ਕਲਾਸ, ਗਤਕੇ ਦੀ ਕਲਾਸ ਅਤੇ ਤਬਲੇ ਦੀ ਕਲਾਸ ਵੀ ਲਗਾਈ ਜਾਂਦੀ ਹੈ।

**11. ਸ੍ਰੀ ਗੁਰੂ ਸਿੰਘ ਸਭਾ ਗੁਰਮਤਿ ਪ੍ਰਚਾਰ ਕੇਂਦਰ (ਨਵਾਂ ਸ਼ਹਿਰ) (87290-86035)-** ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਨੌਰਾ ਵਿਖੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਸ਼ਹਾਦਤ ਨੂੰ ਸਮਰਪਿਤ ਗੁਰਮਤਿ ਸੈਮੀਨਾਰ ਕੀਤਾ ਗਿਆ। ਕਾਲੇਵਾਲ ਲੱਲੀਆਂ ਦੇ ਪ੍ਰਚਾਰਕ ਭਾਈ ਲਵਪ੍ਰੀਤ ਸਿੰਘ ਦੇ ਸਹਿਯੋਗ ਨਾਲ ਵੱਖ ਵੱਖ ਸਕੂਲਾਂ ਵਿੱਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸੈਮੀਨਾਰ ਕਰਵਾਏ ਗਏ। ਜੈ ਭਾਰਤ ਸਕੂਲ

ਸਮੁੰਦੜਾ ਅਤੇ ਬਾਬਾ ਵਜੀਰ ਸਿੰਘ ਸਕੂਲ ਨਵਾਂ ਸ਼ਹਿਰ ਵਿਖੇ ਹਫਤਾਵਾਰੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਕੇਂਦਰ ਵਿਖੇ ਹਰ ਰੋਜ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 3 ਪਿੰਡਾਂ ਵਿਚ ਹਰ ਐਤਵਾਰ ਗੁਰਮਤਿ ਕਲਾਸ ਲਗਾਈ ਜਾਂਦੀ ਹੈ।

**12. ਚੱਕ ਸਿੰਘਾ (98553-99892)-** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਸਵੇਰੇ-ਸ਼ਾਮ ਨਿਤਨੇਮ ਅਤੇ ਹੁਕਮਨਾਮੇ ਦੀ ਕਥਾ-ਵਿਚਾਰ ਕੀਤੀ ਜਾਂਦੀ ਹੈ। ਹਰ ਰੋਜ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿੱਚ ਸੰਗਤ ਵਲੋਂ ਹਫਤਾਵਾਰੀ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ।

**13. ਇੰਦਣਾ ਕਲਾਸਕੇ (79731-15345)-** ਪ੍ਰਚਾਰਕ ਭਾਈ ਮੰਗਲਜੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਰੋਜਾਨਾ ਸਵੇਰੇ ਸ਼ਾਮ ਨਿਤਨੇਮ ਕੀਤਾ ਜਾਂਦਾ ਹੈ ਅਤੇ ਸਵੇਰੇ ਕਥਾ ਵੀਚਾਰ ਦੀ ਸੇਵਾ ਨਿਭਾਈ ਜਾਂਦੀ ਹੈ। ਵੀਰਵਾਰ ਨੂੰ ਮਾਤਾਵਾਂ ਦੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਐਤਵਾਰ ਸ਼ਾਮ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਸ਼ਨੀਵਾਰ ਨੂੰ ਸਕੂਲ ਵਿਚ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**14. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**15. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 9 ਵਜੇ ਤੋਂ 10.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ 12 ਵਜੇ ਤੋਂ 1.30 ਵਜੇ ਤੱਕ ਗੁਰਦੁਆਰਾ ਸਾਹਿਬ ਮਮਕਾ ਵਿਖੇ, 4 ਵਜੇ ਤੋਂ 5.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਫਿੰਦੜ ਆਰ. ਐਸ. ਪੁਰਾ ਵਿਖੇ ਬੱਚਿਆਂ ਦੀ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ ਅਤੇ ਨਾਲ ਹੀ ਗੁਰਬਾਣੀ ਦੀ ਸੰਥਿਆ ਵੀ ਕਰਵਾਈ ਜਾਂਦੀ ਹੈ।

**16. ਜਰਮਨ (00491631892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀ ਗੁਰਮਤਿ ਕਲਾਸ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾਂਦੀ ਹੈ।

**17. ਦੁਰਗ (ਛੱਤੀਸਗੜ੍ਹ) (98821-42424)-** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਾਨਕ ਪਥ, ਦੁਰਗ ਛੱਤੀਸਗੜ੍ਹ ਵਿਖੇ ਰੋਜਾਨਾ ਅੰਮ੍ਰਿਤ ਵੇਲੇ ਹੁਕਮਨਾਮਾ ਸਾਹਿਬ ਦੀ ਵਿਚਾਰ ਕੀਤੀ ਜਾਂਦੀ ਹੈ। ਬੱਚਿਆਂ ਨੂੰ ਦਸਤਾਰ ਦੀ ਸਿਖਲਾਈ ਅਤੇ ਗਤਕੇ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।

**18. ਇੰਫਾਲ (ਮਨੀਪੁਰ)-** ਪ੍ਰਚਾਰਕ ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

**19. ਗੁਰਦੁਆਰਾ ਸਿੱਖ ਸੰਗਤ ਦਮ ਦਮ (ਕਲਕੱਤਾ)-** ਪ੍ਰਚਾਰਕ ਭਾਈ ਅੰਗਰੇਜ਼ ਸਿੰਘ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ। -0-

पन्ना 35 का शेष

ने पत्र पढ़ा और वापिस लौटने का निर्णय किया परन्तु जत्थे के एक सिंघ टहिल सिंघ के कहने पर दर्शन करने के लिए विचार किया गया तथा गुरूद्वारे माथा टेकने के लिये कूच कर दिया। वह सुबह 6 बजे गुरूद्वारे पहुंच गये थे।

महंत ने अपना मुलाकात में जाना रद्ध करके, कत्लेआम की तैयारी में लग गया तथा अगली सुबह जत्थे के आने पर घेराबंदी कर ली और पूरे जत्थे को कत्ल करने का हुक्म दिया। गोलियों, टकुओं, किरपानों इत्यादि हथियारों से हमले कर दिये तथा निहत्थे सिखों को मारना शुरू कर दिया, जिसमें लछमण सिंघ धारोवाली, वरियाम सिंघ, दलीप सिंघ इत्यादि प्रमुख सिख शख्सीयतें सदा की नीद सो गये। यहां तक कि महंत ने जीवित शरीरों को संस्कारों का हुक्म भी दे दिया। इस कत्लेयाम में पुलिस का भी सहयोग था क्योंकि पुलिस को पता होने के बाद भी कोई कार्यवाही नहीं की गयी और कत्लेयाम होने के लगभग चार घंटे पश्चात पुलिस कमिशनर तथा डी.सी ने डेढ़-दो-सौ के लगभग सिखों के कातिल महंत नरैण दास को साथ लेकर गुरूद्वारे के अंदर गये तथा महंत को फिर भी ग्रिफतार नहीं किया। 20 फरवरी सुबह 11 बजे करतार सिंघ झब्बर को, उत्तम सिंघ से समाचार (तार) मिलने पर, एक भारी इक्टठ जिसमें एक हज़ार से अधिक सिख मौजूद थे, तथा आगे बढ़कर ननकाना साहिब के मुख्य द्वार तक, ताक्त के बल से सरकार से ननकाना साहिब का प्रबंध संभाल लिया। परन्तु इस साके पर हिन्दू प्रैस का बरताव तथा गांधी का सिख विरोधी ब्यान, जिसमें सिखों का आपसी फसाद कह कर इस साके की कदरों कीमतों से मुख मोड़ा जा रहा था, भी सभी सिखों के सामने आया। ननकाना साहिब में इन शहीदों ने अपनी शहीदियों से दर्जनों सिख नेताओं की जानें बचाईं। अगर यह जत्था 20 फरवरी की सुबह शहीद ना होता और 4 मार्च को अकाली वहां ना पहुंचते, तो यकीनन उस दिन भी महंत ने यही कार्यवाही करनी थी और लगभग सभी सिख नेताओं के शहीद होने का डर था। इन सिख शहीदों की याद में बाद में अमृतसर में शहीद सिख मिशनरी कालेज स्थापित किया गया। आवश्यक्ता है, अपने इस अदभुत इतिहास को याद रखने की तथा इस से सेध (दिशा निर्देश) लेने की।

पाणी पवे ना जे फुल-बूटियां नूं, तां फुल भी सुक जांदा।
जिहड़ी कौम ना संभाल रखे इतिहास अपणा,
उस कौम दा वारस वी मुक जांदा।
कहे गुरप्रीत जे याद ना आए तैनूं,
आउण वाला सरमाया वी मुक जांदा। -0-

**ਸਾਡੀ ਖੇਤੀ (ਸਫਾ 39 ਦਾ ਬਾਕੀ)**

ਹਨ। ਇਸ ਦੇ ਫ਼ਲਾਂ ਦਾ ਗੁੱਦਾ ਸ਼ਰਬਤ ਬਣਾਉਣ ਲਈ ਵਰਤਿਆ ਜਾਂਦਾ ਹੈ। ਇਹ ਸਖ਼ਤ ਕਿਸਮ ਦਾ ਰੁੱਖ ਹੈ ਤੇ ਹਰ ਥਾਂ ਹੋ ਜਾਂਦਾ ਹੈ। ਕਾਗਜ਼ੀ ਇਸ ਦੀ ਸਿਫਾਰਸ਼ ਕੀਤੀ ਗਈ ਕਿਸਮ ਹੈ। ਇਸ ਵਾਰ ਘਰ ਦੇ ਵਿਹੜੇ ਜਾਂ ਬੰਬੀ ਲਾਗੇ ਘੱਟੋ ਘੱਟ ਦੋ ਫ਼ਲਦਾਰ ਰੁੱਖ ਲਗਾਵੋ, ਤਾਜ਼ੇ ਫ਼ਲ ਖਾਵੋ ਤੇ ਬਿਮਾਰੀਆਂ ਨੂੰ ਦੂਰ ਭਜਾਵੋ। ਬੂਟੇ ਹਮੇਸ਼ਾਂ ਸਿਹਤਮੰਦ, ਸਹੀ ਉਮਰ, ਸਹੀ ਕਿਸਮ ਦੇ ਪੀਏਯੂ, ਸਰਕਾਰੀ ਜਾਂ ਸਰਕਾਰ ਵੱਲੋਂ ਮਨਜ਼ੂਰ ਨਰਸਰੀ ਤੋਂ ਹੀ ਖਰੀਦੋ। ਬੂਟੇ ਲਗਾਉਣ ਲਈ ਇੱਕ ਮੀਟਰ ਡੂੰਘੇ ਤੇ ਇੱਕ ਮੀਟਰ ਘੇਰੇ ਦੇ ਟੋਏ ਪੁੱਟੋ। ਇਨ੍ਹਾਂ ਨੂੰ ਅੱਧੀ ਮਿੱਟੀ ਤੇ ਅੱਧੀ ਰੂੜੀ ਨਾਲ ਭਰੋ। ਮੁੜ ਇੱਥੇ ਬੂਟਾ ਲਗਾਵੋ। ਬੂਟੇ ਦੀ ਸਾਂਭ ਸੰਭਾਲ ਜ਼ਰੂਰੀ ਹੈ। ਬੂਟਿਆਂ ਨੂੰ ਬੱਚਿਆਂ ਵਾਂਗ ਪਾਲਣਾ ਪੈਂਦਾ ਹੈ। ਦੇਖਭਾਲ ਦੀ ਅਣਹੋਂਦ ਕਾਰਨ ਬਹੁਤੇ ਬੂਟੇ ਸੁੱਕ ਜਾਂਦੇ ਹਨ। ਇਨ੍ਹਾਂ ਦੀ ਦੇਖਭਾਲ ਜ਼ਰੂਰ ਕਰੋ। -0-

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਕਾਲੇਵਾਲ ਲੱਲੀਆਂ ਵਿਖੇ 5 ਜਨਵਰੀ ਨੂੰ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ।



ਕੇਂਦਰ ਪਟਿਆਲਾ ਵਲੋਂ ਗੁ: ਸ੍ਰੀ ਗੁਰੂ ਸਿੰਘ ਸਭਾ, ਬਿਲਾਸਪੁਰ (ਛੱਤੀਸਗੜ੍ਹ) ਵਿਖੇ ਡਾ. ਸੁਖਮਨੀ ਕੌਰ ਵਲੋਂ ਗੁਰਮਤਿ ਸਿਖਲਾਈ ਕੈਂਪ ਵਿਚ ਹਾਜ਼ਰੀ ਭਰਦੇ ਹੋਏ।



ਕੇਂਦਰ ਪਟਿਆਲਾ ਵਲੋਂ ਗੁ: ਸ੍ਰੀ ਗੁਰੂ ਸਿੰਘ ਸਭਾ, ਬਿਲਾਸਪੁਰ (ਛੱਤੀਸਗੜ੍ਹ) ਵਿਖੇ ਡਾ. ਬਲਜੀਤ ਕੌਰ ਵਲੋਂ ਗੁਰਮਤਿ ਸਿਖਲਾਈ ਕੈਂਪ ਵਿਚ ਹਾਜ਼ਰੀ ਭਰਦੇ ਹੋਏ।



ਕੇਂਦਰ ਇੰਦਨਾ ਕਲਾਸਕੇ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਮਹਾਂਸਿੰਘਨਗਰ ਵਿਖੇ ਲੱਗ ਰਹੀਆਂ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਚੱਕ ਕਲਾਂ ਵਿਖੇ ਦਸਮ ਪਾਤਸ਼ਾਹ ਦਾ ਪਰਕਾਸ਼ ਪੁਰਬ ਮਨਾਇਆ ਉਪਰੰਤ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।




ਕੇਂਦਰ ਬੁਗਰਾ ਦੇ ਸਰਕਾਰੀ ਹਾਈ ਸਕੂਲ ਵਿਖੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।



ਕੇਂਦਰ ਲਤਾਲਾ ਦੇ ਪਿੰਡ ਕਾਲਖ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਕਾਲਖ ਨਾਲ।

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ





ਗਰੇਸ ਪਬਲਿਕ ਸਕੂਲ ਲੁਧਿਆਣਾ ਵਿਖੇ ਸਾਲਾਨਾ ਫੰਕਸ਼ਨ 'ਤੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।



ਕੇਂਦਰ ਨਵਾਂਸ਼ਹਿਰ ਦੇ ਪਿੰਡ ਦੇਣੋਵਾਲ ਖੁਰਦ ਵਿਖੇ ਪ੍ਰਚਾਰਕ ਭਾਈ ਸਿਮਰਜੀਤ ਸਿੰਘ ਸੰਗਤ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ।



ਗਰੇਸ ਪਬਲਿਕ ਸਕੂਲ ਲੁਧਿਆਣਾ ਵਿਖੇ ਸਾਲਾਨਾ ਫੰਕਸ਼ਨ 'ਤੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।

# ਭਾਈ ਸਰਬਜੀਤ ਸਿੰਘ ਜੀ ਧੂੰਦਾ ਦੇ ਹੋਏ ਗੁਰਮਤਿ ਸਮਾਗਮਾਂ ਦੌਰਾਨ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਨੇ ਹਾਜ਼ਰੀ ਲਵਾਈ







